
ਵਰਿਆਮ

੩੯ਵਾਂ ਸਾਲ

ਮਾਰਚ ੨੦੧੧



20/-



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪਖਾਵਜ ਵਾਦਨ ਵਿਚ ਪ੍ਰਾਪਤ ਪੁਰਸਕਾਰ ਸਮਰਪਿਤ ਕਰਦੇ ਹੋਏ ਯੁਵਾ ਕਲਾਕਾਰ ਗਿਆਨ ਸਿੰਘ ਚੀਮਾ। ਨਾਲ ਹਨ ਉਸਤਾਦ ਸੁਖਵਿੰਦਰ ਸਿੰਘ ਪਿੰਕੀ ਅਤੇ ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕ





ਗਿਆਨ ਸਿੰਘ ਚੀਮਾ ਖੱਬੇ ਰਾਜਿਸਥਾਨ ਅਤੇ ਸੱਜੇ ਹਰਿਵਲਭ ਮੇਲਾ ਜਲੰਧਰ ਵਿਚ ਸਨਮਾਨ ਪ੍ਰਾਪਤ ਕਰਦੇ ਹੋਏ।



ਮੁੱਖ ਮੰਤਰੀ ਮੱਧ ਪ੍ਰਦੇਸ਼ ਸ੍ਰੀ ਸ਼ਿਵਰਾਜ ਸਿੰਘ ਚੌਹਨ, ਕਵੀ ਫ਼ਕੀਰਚੰਦ ਤੁਲੀ ਜਲੰਧਰੀ ਅਤੇ ਸ. ਅਮਰਜੀਤ ਸਿੰਘ ਅਮਰ ਦਿੱਲੀ ਨੂੰ ਆਪਣੇ ਨਿਵਾਜ ਅਸਥਾਨ 'ਤੇ ਗੁਰਮਤਿ ਸਮਾਗਮ ਸਮੇਂ ਸਨਮਾਨਿਤ ਕਰਦੇ ਹੋਏ।

ਵਰਿਆਮ

ਮਾਰਚ -੨੦੧੧

ਜਿਲਦ-੩੬

ਅੰਕ- ੫

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

email: wariammonthly@gmail.com

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ ਹਵਾਈ ਡਾਕ ਰਾਹੀਂ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ)

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

'ਛੋਟੀਆਂ' ਅਖ਼ਬਾਰਾਂ ਦੀ ਕਾਨਫਰੰਸ

ਪੰਜਾਬ ਦੇ ਘਟ ਗਿਣਤੀ ਵਿਚ ਛਪਣ ਵਾਲੇ ਅਖ਼ਬਾਰਾਂ ਰਸਾਲਿਆਂ ਦੀ ਸੰਸਥਾ ਸਮਾਲ ਨਿਊਜ਼ ਪੇਪਰ ਕੌਂਸਲ ਰਜਿ. ਦੇ ਪੰਜਾਬ ਚੈਪਟਰ ਵਲੋਂ ਸਾਲਾਨਾ ਕਾਨਫਰੰਸ ਕੀਤੀ ਗਈ ਹੈ ਜਲੰਧਰ ਦੇ ਪ੍ਰੈਸ ਕਲਬ ਵਿਚ। ਇਸ ਸਮਾਰੋਹ ਦੇ ਮੁੱਖ ਮਹਿਮਾਨ ਪੰਜਾਬ ਦੇ ਮੰਤਰੀ ਸ. ਅਜੀਤ ਸਿੰਘ ਕੋਹਾੜ ਸਨ ਅਤੇ ਪ੍ਰਧਾਨਗੀ ਐਮ.ਐਲ.ਏ. ਸ. ਸਰਬਜੀਤ ਸਿੰਘ ਮੱਕੜ ਨੇ ਕੀਤੀ। ਬਹੁਤ ਵੱਡੀਆਂ ਰੋਜ਼ਾਨਾ ਅਖ਼ਬਾਰਾਂ ਦੇ ਮੁਕਾਬਲੇ ਵਿਚ ਘੱਟ ਗਿਣਤੀ ਵਿਚ ਛਪਣ ਕਾਰਨ ਹੀ ਇਹਨਾਂ ਨੂੰ ਛੋਟੀਆਂ ਅਖ਼ਬਾਰਾਂ 'ਸਮਾਲ ਨਿਊਜ਼ਪੇਪਰ" ਆਖਿਆ ਜਾਂਦਾ ਹੈ। ਇਹ ਵੱਖ-ਵੱਖ ਵਰਗਾਂ, ਭਾਈਚਾਰਿਆਂ ਦੇ ਵਿਚਾਰਾਂ ਦੀ ਪ੍ਰਤਿਨਿਧ ਹੋਣ ਕਾਰਨ ਜ਼ਿਆਦਾ ਤਰ ਉਹਨਾਂ ਵਰਗਾਂ ਦੇ ਆਰਥਿਕ ਅਤੇ ਨੈਤਿਕ ਸਹਿਯੋਗ ਨਾਲ .ਚਲਦੀਆਂ ਹਨ। ਦੇਸ ਅਤੇ ਵਿਦੇਸ਼ ਵਿਚ ਵੀ ਇਹਨਾਂ ਦੇ ਪਾਠਕ ਹਨ। ਇਸ ਤਰ੍ਹਾਂ ਜੇ ਸਾਰਿਆਂ ਨੂੰ ਇਕਠਿਆਂ ਕੀਤਾ ਜਾਵੇ ਤਾਂ ਇਹਨਾਂ ਦੀ ਰਲਵੀਂ ਗਿਣਤੀ ਬਹੁਤ ਬਣ ਜਾਂਦੀ ਹੈ। ਇਹਨਾਂ ਦਾ ਦੂਸਰਾ ਪਹਿਲੂ ਇਹ ਹੈ ਕਿ ਇਹਨਾਂ ਵਿਚ ਜ਼ਿਆਦਾਤਰ ਅਖ਼ਬਾਰਾਂ ਰਸਾਲੇ ਕਿਸੇ ਸੇਧ ਵਿਚ ਚਲਦੇ ਹੋਏ ਬਹੁਤ ਜ਼ਿੰਮੇਵਾਰ ਪੱਤਰਕਾਰੀ ਅਤੇ ਸਾਹਿਤਕਾਰੀ ਕਰਦੇ ਹਨ। ਇਸ ਤਰ੍ਹਾਂ ਇਹ ਨਰੋਈ ਪੱਤਰਕਾਰੀ ਸਾਹਿਤਕਾਰੀ ਕਰਦੇ ਹਨ। ਇਸ ਕਾਰਜ ਵਿਚ ਕਈਆਂ ਨੇ ਆਪਣਾ ਜੀਵਨ ਲਾ ਦਿੱਤਾ, ਬਹੁਤ ਤੰਗੀਆਂ ਮੁਸੀਬਤਾਂ ਝੱਲੀਆਂ ਹਨ ਪਰ ਆਪਣੇ ਰਸਤੇ ਤੋਂ ਡਗਮਗਾਏ ਨਹੀਂ। ਇਹਨਾਂ ਦੀ ਇਕ ਕਮਜ਼ੋਰੀ ਹੈ ਜਾਂ ਕਹਿ ਲਵੋ ਕਿ ਮਜਬੂਰੀ ਹੈ। ਉਹ ਇਹ ਹੀ ਹੈ ਕਿ ਸਭ ਕੁਝ ਜਾਣਦੇ ਹੋਏ ਵੀ ਇਹ ਜੁਗਾੜ ਬਨਾਉਣ ਜਾਂ ਤਿਗੜਮ ਲੜਾਉਣ 'ਚ ਅਸਮਰਥ ਹਨ। ਸਦਾ ਹੀ ਪੈਸੇ ਤੋਂ ਥੁੜ੍ਹੇ, ਅਜ ਕਲ ਦੇ ਜ਼ਮਾਨੇ ਵਿਚ ਜਦੋਂ ਹਰ ਵਰਗ ਦੇ ਲੋਗ ਭਾਵੇਂ ਲੰਬੇ ਸੰਘਰਸ਼ਾਂ ਪਿੱਛੋਂ ਹੀ ਚੰਗੀਆਂ ਤਨਖਾਹਾਂ ਲੈਂਦੇ ਹਨ, ਜਦੋਂ ਲਾੜੇ ਹੈਲੀਕਾਪਟਰਾਂ ਰਾਹੀਂ ਲਾੜੀਆਂ ਵਿਆਹੁਣ ਜਾ ਰਹੇ ਹਨ, ਜਦੋਂ ਲੱਖਾਂ ਰੁਪਿਆਂ ਦੀ ਗਲ ਮਾਮੂਲੀ ਹੋ ਗਈ ਹੈ, ਕਰੋੜਾਂ ਤੋਂ ਅੱਗੇ ਸੈਂਕੜੇ ਤੇ ਹਜ਼ਾਰਾਂ -ਕਰੋੜਾਂ 'ਚ ਚਲੀ ਗਈ ਹੈ, ਘੁਟਾਲਿਆਂ ਅਤੇ ਸਕੈਮਾਂ ਦੀ ਚਰਚਾ ਨਿਤ ਦੀ ਗਲ ਬਣ ਗਈ ਹੈ, ਜਦੋਂ ਕਲਾਕਾਰਾਂ ਕੋਲੋਂ ਕਰੋੜਾਂ ਦੀਆਂ ਰਕਮਾਂ ਬਰਾਮਦ ਹੋ ਰਹੀਆਂ ਹਨ ਅਤੇ ਲੱਖਾਂ ਰੁਪਏ ਉਹ ਜੁਰਮਾਨੇ ਆਰਾਮ ਨਾਲ ਭਰ ਸਕਦੇ ਹਨ (ਜੇ ਇਹ ਗੱਲਾਂ ਹੋਰ ਵਿਸਥਾਰ ਨਾਲ ਗਿਨਾਉਣ ਲਗੀਏ ਤਾਂ ਸਫਿਆਂ ਦੇ ਸਫੇ ਭਰ ਜਾਣ) ਇਹ ਛੋਟੀਆਂ ਅਖ਼ਬਾਰਾਂ ਅਤੇ ਰਸਾਲਿਆਂ ਵਾਲੇ ਸਾਰੀਆਂ ਸਹੂਲਤਾਂ ਤੋਂ ਵਿਰਵੇਂ ਹਨ। ਅੱਜ ਸਰਕਾਰ ਦੇ ਵਜ਼ੀਰ ਥਾਂ-ਥਾਂ ਪੈਸੇ ਵੰਡਦੇ ਫਿਰ ਰਹੇ ਹਨ। ਕੁਝ ਅਸਲੀ ਅਤੇ ਬਹੁਤ ਫਰਜ਼ੀ ਜਥੇਬੰਦੀਆਂ ਨੂੰ। ਮਹਿੰਗਾਈ ਦਾ ਚਰਚਾ ਦੇਸ਼ ਦੀ ਪਾਰਲੀਮੈਂਟ ਤੱਕ ਬਾਰ ਬਾਰ ਹੁੰਦਾ ਹੈ।.... ਦੋ ਹੀ ਤਾਂ ਵਰਗ ਹਨ। ਇਕ ਮਹਿੰਗਾਈ ਪੈਦਾ ਕਰਨ ਵਾਲਾ ਅਤੇ ਇਕ ਇਸ ਦੀ ਮਾਰ ਸਹਿਣ ਵਾਲਾ। ਕਦੇ ਗੰਢੇ ਮਹਿੰਗੇ ਹੋ ਗਏ ਕਦੇ ਸਸਤੇ। ਜਿਵੇਂ ਪੁਤਲੀਆਂ ਖਿਡਾਉਣ ਵਾਲੇ ਹੁੰਦੇ ਹਨ ਜੋ ਉਂਗਲੀਆਂ ਦੀ ਕਲਾਕਾਰੀ ਨਾਲ ਬੇਜਾਨ ਪੁਤਲੀਆਂ ਨੂੰ ਨਚਾਉਂਦੇ ਹਨ। ਇਵੇਂ ਕੁਝ ਵਰਗ ਹਨ ਜੋ ਕੀਮਤਾਂ ਨਚਾਉਂਦੇ ਹਨ।

ਜਿਨ੍ਹਾਂ ਅਖ਼ਬਾਰਾਂ ਰਸਾਲਿਆਂ ਦਾ ਜ਼ਿਕਰ ਕਰ ਰਹੇ ਹਾਂ ਉਹਨਾਂ ਨੂੰ ਇਸ ਸਾਰੇ ਵਰਤਾਰੇ ਦਾ ਪਤਾ ਹੈ ਪਰ ਉਹ ਸਵਾਏ ਕੁਝ ਰੌਲਾ ਪਾਉਣ ਤੋਂ ਇਲਾਵਾ ਕੁਝ ਨਹੀਂ ਕਰ ਸਕਦੇ ਅਤੇ ਸ਼ਾਇਦ ਰੌਲਾ ਪਾਉਣ ਦੇ ਮਾਮਲੇ ਵਿਚ ਵੀ ਉਹ ਅਵੇਸਲੇ ਹੀ ਹੋਣ। ਜਿਸ ਤਿਗੜਮ ਜਾਂ ਜੁਗਾੜ ਦਾ ਅਸੀਂ ਉਪਰ ਜ਼ਿਕਰ ਕੀਤਾ ਹੈ ਉਸ ਦਾ ਵਲ ਸ਼ਾਇਦ ਕੁਝ ਕੁ ਪੱਤਰਕਾਰ ਬੰਦਿਆਂ ਨੂੰ ਆਉਂਦਾ ਵੀ ਹੈ ਪਰ ਇਹ ਬਹੁਤ ਪਲੀਤ ਰਸਤਾ ਹੈ। ਸਰਕਾਰ ਵਿਚ ਬੈਠੇ ਪੁਰਜ਼ਿਆਂ ਨਾਲ ਪੱਤੀਆਂ ਨਜਿਠਣ ਨਾਲ ਹੋ ਵੀ ਜਾਂਦਾ ਹੈ। ਫੇਰ ਨਾ ਛਪਣ ਗਿਣਤੀ ਦੀ ਪਰਵਾਹ ਹੈ ਨਾ ਕਿਸੇ ਹੋਰ ਗਲ ਦੀ। ਪਰ ਇਸ ਜੁਗਾੜ ਨੂੰ ਫਿਟ ਕਰਨ ਵਾਲੇ ਕਿਸੇ ਕਾਰੀਗਰ ਨੂੰ ਰੱਖਣ ਵਾਸਤੇ ਵੀ ਪੈਸੇ ਦੀ ਹੀ ਲੋੜ ਪੈਂਦੀ ਹੈ। ਜੋ ਬੰਦਾ ਆਪਣੀ ਆਤਮਾ ਤੇ ਇਹ ਬੋਝ ਪਾਉਣ ਤੋਂ ਝੱਕ ਜਾਂਦਾ ਹੈ ਉਹ ਇਹ ਸਾਰੀ ਉਮਰ ਨਹੀਂ ਕਰ ਸਕਦਾ....। ਦੂਸਰੀ ਗੱਲ ਅਸੀਂ ਅੱਗੇ ਵੀ ਕਿਤੇ ਲਿਖਿਆ ਜਾਂ ਕਿਹਾ ਸੀ ਕਿ ਸਰਕਾਰੀ ਅਦਾਰਿਆਂ ਵਿਚ ਮੰਗਤੇ ਬਣ ਕੇ ਮੰਗਤਿਆਂ ਵਾਲੀ ਥਾਂ ਖਲੋ ਕੇ ਮੰਗਤਿਆਂ ਦੀ ਬੋਲੀ ਵਿਚ ਕੁਝ ਮੰਗੋ ਤਾਂ ਖੈਰ ਪੈ ਸਕਦਾ ਹੈ। ਛੋਟੇ ਪਤਰਾਂ ਵਾਲਿਆਂ ਦੀ ਹਾਲਤ ਬਾਬਾ ਫਰੀਦ ਜੀ ਦੇ ਕਥਨ ਵਰਗੀ ਹੈ।

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥

ਛੋਟੀਆਂ ਅਖ਼ਬਾਰਾਂ ਦੀ ਇਸ ਕਾਨਫਰੰਸ ਵਿਚ ਕੁਝ ਮੰਗਾਂ ਲਿਖ ਕੇ ਮੰਤਰੀ ਜੀ ਅੱਗੇ ਰਖੀਆਂ ਗਈਆਂ। ਉਹਨਾਂ ਬਹੁਤ ਪਿਆਰ ਅਤੇ ਮਾਨ ਸਨਮਾਨ ਨਾਲ ਇਹ ਗੱਲਾਂ ਮੁੱਖ ਮੰਤਰੀ ਅੱਗੇ ਰੱਖਣ ਦਾ ਭਰੋਸਾ ਦਿੱਤਾ। ਮੁੱਖ ਮੰਗ ਇਹ ਸੀ ਕਿ ਪੰਜਾਬ

ਸਰਕਾਰ ਆਪਣੇ ਅਪਾਰ ਬਖਸ਼ਿਸ਼ ਦੇ ਭੰਡਾਰੇ ਵਿਚੋਂ ਕੁਝ ਬਣਦਾ ਸਰਦਾ ਗੱਫਾ ਇਹਨਾਂ ਅਖ਼ਬਾਰਾਂ ਰਸਾਲਿਆਂ ਨੂੰ ਵੀ ਬਖਸ਼ਿਸ਼ ਕਰੇ। ਉਂਝ ਹਾਲਤ ਇਹ ਹੈ ਕਿ ਪੰਜਾਬ ਨੂੰ ਛੱਡ ਕੇ ਗੁਆਂਢੀ ਪਰਦੇਸਾਂ, ਉਹ ਦਿੱਲੀ, ਹਰਿਆਣਾ ਜਾਂ ਜੰਮੂ-ਕਸ਼ਮੀਰ ਹੈ ਸਭ ਵਿੱਚ ਪੰਜਾਬੀ ਦੇ ਛੋਟੇ ਅਖ਼ਬਾਰਾਂ, ਰਸਾਲਿਆਂ ਅਤੇ ਪੁਸਤਕ ਲੇਖਕਾਂ ਦਾ ਖਿਆਲ ਰੱਖਿਆ ਜਾਂਦਾ ਹੈ। ਘੱਟੋ-ਘੱਟ ਕੌਮੀ ਦਿਨ ਤਿਉਹਾਰ, ਆਜ਼ਾਦੀ ਦਿਵਸ, ਗਣਰਾਜ ਦਿਵਸ ਜਾਂ ੨ ਅਕਤੂਬਰ ਨੂੰ ਤਾਂ ਯਾਦ ਰੱਖਿਆ ਹੀ ਜਾਂਦਾ ਹੈ ਭਾਵ ਇਸ਼ਤਿਹਾਰਾਂ ਨਾਲ ਨਵਾਜਿਆ ਜਾਂਦਾ ਹੈ। ਪਰ ਪੰਜਾਬ ਵਿਚ ਭਾਵੇਂ ਲੋਕ ਸੰਪਰਕ ਵਿਭਾਗ ਹਰ ਜ਼ਿਲ੍ਹੇ ਵਿਚ ਹੈ ਪਰ ਨਾ ਤਾਂ ਵਿਭਾਗ ਨੂੰ ਪਤਾ ਹੈ ਕਿ ਇਥੇ ਕਿਥੇ ਇਹ ਅਖ਼ਬਾਰ ਹਨ ਅਤੇ ਨਾ ਅਖ਼ਬਾਰਾਂ ਵਾਲਿਆਂ ਨੂੰ ਵਿਭਾਗ ਦਾ ਥਹੁ ਪਤਾ ਹੈ। ਮੰਤਰੀ ਜੀ ਦੋ ਲੱਖ ਰੁਪਏ ਆਪਣੇ ਅਖਤਿਆਰੀ ਫੰਡ ਵਿਚੋਂ ਸੰਸਥਾ ਨੂੰ ਦੇਣ ਦਾ ਐਲਾਨ ਕਰ ਗਏ ਹਨ। ਬਹੁਤ ਵਧੀਆ ਗੱਲ ਹੈ। ਇਸ ਨਾਲ ਸੰਸਥਾ ਕੁਝ ਸਮਾਗਮ ਕਰ ਕੇ ਸੰਸਥਾ ਦੇ ਖਰਚਿਆਂ ਵਲੋਂ ਕੁਝ ਸੌਖੀ ਹੋ ਜਾਵੇਗੀ। ਕੁਝ ਲੰਗਰ ਪਾਣੀ ਦੀ ਸੇਵਾ ਕਰ ਕੇ ਆਉਂਦੇ ਸਮਾਗਮਾਂ ਕਾਨਫਰੰਸਾਂ ਵਿਚ ਮੁੜ ਕਿਸੇ ਛੋਟੇ ਵੱਡੇ ਨੇਤਾ ਅੱਗੇ ਮੰਗਾਂ ਪੇਸ਼ ਕਰਨ ਦੇ ਯੋਗ ਹੋ ਸਕੇਗੀ।

ਇਸ ਸੰਸਥਾ ਦੇ ਪ੍ਰਧਾਨ ਸ. ਬੇਅੰਤ ਸਿੰਘ ਸਰਹਦੀ ਹਨ। ਉਹਨਾਂ ਬਹੁਤ ਸਾਰੇ ਅਕਾਲੀ ਮੋਰਚਿਆਂ ਵਿਚ ਸਰਗਰਮੀ ਨਾਲ ਹਿੱਸਾ ਵੀ ਲਿਆ ਹੈ। ਜੇਲ੍ਹਾਂ ਵੀ ਕੱਟੀਆਂ ਹਨ ਅਤੇ ਪੱਤਰਕਾਰੀ ਵੀ ਲੰਬੇ ਸਮੇਂ ਤੋਂ ਕਰ ਰਹੇ ਹਨ। ਅਕਾਲੀ ਸਰਕਾਰ ਦੇ ਮੰਤਰੀਆਂ ਤਕ ਵੀ ਉਹਨਾਂ ਦੀ ਪਹੁੰਚ ਹੈ। ਆਸ ਕਰਦੇ ਹਾਂ ਕਿ ਉਹ ਕੁਝ ਆਪਣਾ ਰਸੂਖ ਵਰਤ ਕੇ ਬਾਹਰੋਂ ਅਮੀਰ ਅਤੇ ਅੰਦਰੋਂ ਫਕੀਰ ਇਹਨਾਂ ਲੋਕਾਂ ਦੀ ਹਾਲਤ ਸਰਕਾਰ ਦੇ ਦਿਮਾਗ ਵਿਚ ਪਾ ਸਕਣ ਵਿਚ ਸਮਰਥ ਹੋਣਗੇ।

ਪੰਜਾਬੀ ਲਈ ਜਗ੍ਰਿਤੀ ਮਾਰਚ

੨੧ ਫਰਵਰੀ ਸੰਸਾਰ ਵਿਚ ਮਾਤ ਭਾਸ਼ਾ ਦਿਵਸ ਵਜੋਂ ਮਣਾਇਆ ਜਾਂਦਾ ਹੈ। ਇਸ ਸਿਲਸਲੇ ਵਿਚ ਜਲੰਧਰ ਵਿਚ ੨੧ ਫਰਵਰੀ ਵਾਲੇ ਦਿਨ ਇਕ ਸ਼ਾਨਦਾਰ ਮਾਰਚ (ਜਲੂਸ-ਪ੍ਰਦਰਸ਼ਨ) ਦਾ ਪਰਬੰਧ ਕੀਤਾ ਗਿਆ। ਪੰਜਾਬੀ ਭਾਸ਼ਾ ਭਾਵੇ ਪੰਜਾਬ ਦੀ ਸਰਕਾਰੀ ਭਾਸ਼ਾ ਹੈ ਅਤੇ ਸਮੇਂ-ਸਮੇਂ ਵੱਖ-ਵੱਖ ਸਰਕਾਰਾਂ ਇਸ ਪ੍ਰਤੀ ਹਿਤ ਵੀ ਦਿਖਾਉਂਦੀਆਂ ਹਨ ਪਰ ਅਜੇ ਤਕ ਵੀ ਪੂਰੀ ਤਰ੍ਹਾਂ ਸਰਕਾਰ ਅਤੇ ਲੋਕਾਂ ਵਲੋਂ ਇਸ ਨੂੰ ਮਾਨਤਾ ਦੇਣ ਵਿਚ ਬਹਾਣੇ ਬਾਜ਼ੀ ਹੀ ਹੁੰਦੀ ਰਹੀ ਹੈ। ਪੰਜਾਬ ਦੀਆਂ ਲਖਕ ਜਥੇਬੰਦੀਆਂ ਵਲੋਂ ਇਸ ਪ੍ਰਥਾਇ ਲੰਮੇ ਸਮੇਂ ਤੋਂ ਸੰਘਰਸ਼ ਵਿਚ ਮਾਰਚ ਕਾਨਫਰੰਸਾਂ ਵਖਾਵੇ ਪ੍ਰਦਰਸ਼ਨ ਅਤੇ ਗ੍ਰਿਫਤਾਰੀਆਂ ਦਾ ਸਿਲਸਲਾ ਚਲਦਾ ਰਿਹਾ ਹੈ। ਇਸ ਤੋਂ ਪਹਿਲਾਂ ਪੰਜਾਬੀ ਸੂਬੇ ਵਾਸਤੇ ਅਕਾਲੀ ਪਾਰਟੀ ਨੇ ਇਕ ਇਤਿਹਾਸਕ ਸੰਘਰਸ਼ ਕੀਤਾ ਸੀ ਪਰ ਅਜੇ ਤੱਕ ਉਹ ਗੱਲ ਨਹੀਂ ਬਣੀ ਜਿਸ ਦੀ ਹੱਕਦਾਰ ਪੰਜਾਬੀ ਬੋਲੀ ਹੈ। ਸਰਕਾਰਾਂ ਅਤੇ ਖਾਸ ਕਰਕੇ ਗੱਠ ਜੋੜ ਸਰਕਾਰਾਂ ਦੀਆਂ ਆਪਣੀਆਂ ਮਜਬੂਰੀਆਂ ਹਨ। ਜਲੰਧਰ ਵਿਚ ਨਿਕਲਿਆਂ ਵਿਸ਼ਾਲ ਮਾਰਚ ਜਿਸ ਵਿਚ ਪੰਜਾਬੀ ਪਿਆਰੇ ਧਾਰਮਕ ਤੇ ਸਮਾਜਕ ਜਥੇਬੰਦੀਆਂ, ਪੰਜਾਬੀ ਗਾਇਕ, ਸਕੂਲ ਕਾਲਜਾਂ ਦੇ ਬੱਚੇ, ਪੰਜਾਬੀ ਸਾਹਿਤ ਬੋਲੀ ਅਤੇ ਸੱਭਿਆਚਾਰ ਲਈ ਕੰਮ ਕਰਦੀਆਂ ਸੰਸਥਾਵਾਂ, ਗਰਮ ਜੋਸ਼ੀ ਨਾਲ ਸ਼ਾਮਲ ਹੋਈਆਂ। ਇਹ ਉਦਮ ਅਜੇ ਹੋਰ ਕਰਣੇ ਹੋਣਗੇ। ਬਹੁਤ ਵਧੀਆ ਅਤੇ ਸ਼ਲਾਘਾ ਯੋਗ ਉਦਮ ਸੀ। ਇਸ ਉਦਮ ਨੂੰ ਸਾਰਥਕ ਕਰਨ ਵਾਲੇ ਸਜਨ, ਸ. ਬਰਜਿੰਦਰ ਸਿੰਘ ਹਮਦਰਦ, ਡਾ. ਜੁਗਿੰਦਰ ਸਿੰਘ ਪਵਾਰ, ਪ੍ਰੋ. ਪਿਆਰਾ ਸਿੰਘ ਭੋਗਲ ਸਤਨਾਮ ਮਾਣਕ ਅਤੇ ਹੋਰ ਅਨੇਕਾਂ ਹੀ ਮਿੱਤਰ ਪਿਆਰੇ ਵਧਾਈ ਅਤੇ ਪਰਸੰਸਾ ਦੇ ਪਾਤਰ ਹਨ....

ਲੇਖਕਾਂ ਪ੍ਰਤੀ ਬੇਨਤੀ

ਵਰਿਆਮ ਨਾਲ ਮੋਹ ਰੱਖਣ ਵਾਲੇ ਪ੍ਰਸਿਧ ਲੇਖਕਾਂ ਦੇ ਨਾਲ-ਨਾਲ ਨਵੇਂ ਲੇਖਕ ਵੀ ਬਹੁਤ ਜੁੜੇ ਹਨ। ਅਸੀਂ ਆਪ ਵੀ ਨਵੇਂ ਲਿਖਣ ਵਾਲਿਆਂ ਨੂੰ ਪ੍ਰੋਤਸਾਹਿਤ ਕਰਦੇ ਹਾਂ। ਇਸ ਵਾਸਤੇ ਸਮੇਂ ਦੀ ਮੰਗ ਹੈ ਕਿ ਵਰਿਆਮ ਦੇ ਪੰਨੇ ਵਧਾਏ ਜਾਣ। ਅਸੀਂ ਆਪ ਵੀ ਚਾਹੁੰਦੇ ਹਾਂ ਪਰ ਅਜੇ ਇਹ ਸੰਭਵ ਨਹੀਂ ਹੈ। ਵਰਿਆਮ ਕੋਲ ਛਪਣਯੋਗ ਸਾਮਗਰੀ ਦਾ ਕਾਫੀ ਭੰਡਾਰ ਜਮਾਂ ਹੈ। ਪਿਛਲੇ ਇਕੱਠੇ ਹੋਏ ਮੈਟਰ ਨੂੰ ਨਜਿਠਣ ਲਈ ਅਸੀਂ ਕੁਝ ਲੰਬੇ ਲੇਖ ਕਿਸ਼ਤਾਂ ਵਿਚ ਛਾਪ ਰਹੇ ਹਾਂ ਅਤੇ ਕੁਝ ਲਿਖਤਾਂ ਅਜੇ ਛਪਣ ਦੀ ਉਡੀਕ ਵਿਚ ਹੀ ਰੱਖਣ ਦੀ ਮਜਬੂਰੀ ਹੈ। ਆਸ ਹੈ ਲੇਖਕ ਸਾਥ ਨਿਭਾਉਣਗੇ।

—ਜਗਦੀਸ਼ ਸਿੰਘ ਵਰਿਆਮ

ਕਸੇਲ ਪਰਿਵਾਰ ਨੂੰ ਦੋਹਰਾ ਸਦਮਾ

ਪੰਜਾਬੀ ਸਾਹਿਤ ਜਗਤ ਦੀ ਬੁਲੰਦ ਸ਼ਖਸੀਅਤ ਪ੍ਰੋ. ਕਿਰਪਾਲ ਸਿੰਘ ਕਸੇਲ ਨੂੰ ਬੀਬੀ ਮਹਿੰਦਰ ਜੀਤ ਕੌਰ ਦੇ ਅਤਿ ਦੁਖਦਾਈ ਵਿਛੋੜੇ ਦੇ ਨਾਲ ਨਾਲ ਹੀ ਸਦਮੇ ਦੀ ਦੋਹਰ ਪੈ ਗਈ ਹੈ। ਉਹਨਾਂ ਦੇ ਵੱਡੇ ਸਪੁੱਤਰ ਤੇ ਜਾਨੀ ਮਾਨੀ ਸ਼ਖਸੀਅਤ ਪ੍ਰੋ. ਤੇਜਬੀਰ ਸਿੰਘ ਕਸੇਲ ਵੀ ਪਿਛਲੇ ਦਿਨੀਂ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ। ਪ੍ਰੋ. ਤੇਜਬੀਰ ਸਿੰਘ ਕੁਝ ਸਮੇਂ ਤੋਂ ਅਸਵਸਥ ਚਲੇ ਆ ਰਹੇ ਸਨ। ਸੇਵਾ ਮੁਕਤ ਹੋਣ ਤੋਂ ਪਹਿਲਾਂ ਉਹ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਚ ਅੰਗ੍ਰੇਜ਼ੀ ਦੇ ਪ੍ਰਾਧਿਆਪਕ ਸਨ। ਸਾਹਿਤਕ ਮੱਸ ਉਹਨਾਂ ਨੂੰ ਆਪਣ ਉੱਚ ਦੁਮਾਲੜੇ ਪਿਤਾ ਤੋਂ ਹੀ ਲੱਗੀ ਸੀ। ਉਹਨਾਂ ਦਾ ਪੰਜਾਬੀ ਵਿਚ ਇਕ ਕਾਵਿ ਸੰਗ੍ਰਹਿ ਵੀ ਛਪਿਆ ਸੀ। ਉਹ ਗੋਸ਼ਟੀਆਂ ਸੈਮੀਨਾਰਾਂ ਦੇ ਸਮਾਗਮਾਂ ਵਿਚ ਪ੍ਰਭਾਵਸ਼ਾਲੀ ਵਕਤਾ ਵਜੋਂ ਜਾਣੇ ਜਾਂਦੇ ਸੀ... ਉਹਨਾਂ ਦੇ ਨਮਿਤ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ੨੦ ਫਰਵਰੀ ੨੦੧੧ ਐਤਵਾਰ ਨੂੰ ਪਟਿਆਲੇ ਕਸੇਲ ਨਿਵਾਸ ਅਸਥਾਨ ਤੇ ਹੋਇਆ। ਪਹਿਲਾਂ ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਕੀਤਾ। ਕਸੇਲ ਜੀ ਦੇ ਨਿਕਟ ਸਹਿਯੋਗੀ ਸ. ਸਤਿੰਦਰ ਸਿੰਘ ਨੰਦਾ ਦੇ ਸਟੇਜ ਸੰਚਾਲਨ ਹੇਠ ਹੋਏ ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਸ. ਅਵਤਾਰ ਸਿੰਘ ਪੰਜਾਬੀ ਸਾਹਿਤ ਸਭਾ ਪਟਿਆਲਾ, ਪ੍ਰੋ. ਤਾਰਾ ਸਿੰਘ ਅਨਜਾਣ ਅਤੇ ਸ. ਸੁਵਰਨ ਸਿੰਘ ਵਿਰਕ ਨੇ ਸ਼ਰਧਾ ਸੁਮਨ ਭੇਟ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਜੀ ਨੇ ਪੁੱਜ ਕੇ ਕਸੇਲ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ। ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਦੇ ਜੀਵਨ ਮਿੱਤਰ ਪ੍ਰਿੰਸੀਪਲ ਨਿਸ਼ਾਨ ਸਿੰਘ ਜੌਹਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਵਰਿਆਮ ਪਰਿਵਾਰ ਕਸੇਲ ਪਰਿਵਾਰ ਨੂੰ ਪਏ ਦੂਹਰੇ ਸਦਮੇ 'ਚ ਸ਼ਾਮਲ ਹੁੰਦਾ ਵਿਛੜੀਆਂ ਜੀਵ ਆਤਮਾਵਾਂ ਦੀ ਸਦਗਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਸਮਰਥਾ ਵਾਸਤੇ ਅਰਦਾਸ ਕਰਦਾ ਹੈ।

—ਜਗਦੀਸ਼ ਸਿੰਘ ਵਰਿਆਮ

ਪਾਠਕ ਧਿਆਨ ਦੇਣ

ਪਿਆਰੇ ਪਾਠਕ ਸਜਣੋਂ, ਹੋਲੇ ਮਹੱਲੇ ਦਾ ਪੁਰਬ ਆ ਰਿਹਾ ਹੈ। ਸ੍ਰੀ ਭੈਣੀ ਸਾਹਿਬ ਇਚ ਨਾਮਧਾਰੀ ਸੰਤ ਖਾਲਸੇ ਦਾ ਤ੍ਰਬੇਣੀ ਹੋਲਾ ਮਹੱਲ ਸਮਾਗਮ ੨੨ ਮਾਰਚ ਨੂੰ ਸਾਮੂਹਕ ਅਨੰਦ ਕਾਰਜਾਂ ਨਾਲ ਸੰਪਨ ਹੋਵੇਗਾ। ੧੯ ਮਾਰਚ ਤੋਂ ੨੨ ਮਾਰਚ ਸਵੇਰ ਤਕ ਵਰਿਆਮ ਦੇ ਸੇਵਾਦਾਰ ਵਰਿਆਮ ਦੇ ਸਟਾਲ ਤੇ ਹਾਜ਼ਰ ਰਹਿਣਗੇ। ਬਹੁਤ ਸਾਰੇ ਸੁਹਿਰਦ ਪਾਠਕਾਂ ਨੂੰ ਵਰਿਆਮ ਲਗਾਤਾਰ ਜਾ ਰਿਹਾ ਹੈ। ਸਾਡਾ ਜਤਨ ਵਰਿਆਮ ਨੂੰ ਲਿਖਤ ਸਾਮਗਰੀ ਅਤੇ ਰੂਪ ਦੇ ਪਖੋਂ ਵਧੀਆ ਤੋਂ ਵਧੀਆ ਬਨਾਉਣਾ ਰਿਹਾ ਹੈ। ਇਹ ਕੰਮ ਤਾਂ ਕਾਫੀ ਹੋਇਆ ਹੈ ਅਤੇ ਪਾਠਕਾਂ ਵਲੋਂ ਪਰਵਾਨਗੀ ਵੀ ਹੈ। ਇਸ ਸਾਰੇ ਕੰਮ ਵਾਸਤੇ ਜਿੰਨੀ ਮਾਇਆ ਚਾਹੀਦੀ ਹੈ ਉਸ ਦਾ ਅੰਦਾਜ਼ਾ ਬਹੁਤ ਲੋਕਾਂ ਨੂੰ ਨਹੀਂ। ਪਰਚਾ ਤਿਆਰ ਕਰਨਾ ਅਤੇ ਕਾਮਯਾਬੀ ਨਾਲ ਚਲਾਉਣਾ ਦੋ ਵੱਖ-ਵੱਖ ਗੱਲਾਂ ਹਨ। ਇਸ ਵਾਸਤੇ ਮਾਇਆ ਦਾ ਪਰਬੰਧ ਕਰਨ ਵਾਸਤੇ ਹੀ ਬਹੁਤ ਮਾਇਆ ਚਾਹੀਦੀ ਹੈ ਇਸ ਵਾਸਤੇ ਪਾਠਕਾਂ ਵਲੋਂ ਮਾਇਕ ਸਹਾਇਤਾ ਅਤੇ ਸਮਰਥ ਬੰਦਿਆਂ ਵੱਲੋਂ ਮਸ਼ਹੂਰੀ ਵਾਲੇ ਇਸ਼ਤਿਹਾਰ ਇਕ ਵੱਡਾ ਸਾਧਨ ਹੁੰਦੇ ਹਨ। ਜਾਪਦਾ ਹੈ ਸਾਡੇ ਸਰਪ੍ਰਸਤਾਂ ਦੀ ਆਸ ਤੋਂ ਵਰਿਆਮ ਦੀ ਦੌੜ ਵੱਡੀ ਹੋ ਗਈ ਹੈ। ਵਰਿਆਮ ਜਵਾਨ ਹੋ ਗਿਆ ਹੈ। ਵਰਿਆਮ ਦੇ ਸੰਚਾਲਕ ਦਿਨੋਂ ਦਿਨ ਬੁੱਢੇ ਹੋ ਰਹੇ ਹਨ। ਇਸ ਦੇ ਸਹਾਇਕ ਵੀ ਬਹੁਤ ਸਾਰੇ ਬੁੱਢੇ ਹੋ ਗਏ ਗਏ ਹਨ। ਕੁਝ ਕੁ ਤਾਂ ਉਮਰ ਦੀ ਸੀਮਾਂ ਵੀ ਪੁਗਾ ਗਏ ਹਨ— ਤੁਹਾਡਾ ਥੋੜਾ ਹੰਭਲਾ ਇਸ ਕਾਮਯਾਬ ਪਰਚੇ ਦੀ ਸਮਰਥਾ ਸਥਿਰ ਕਰ ਸਕਦਾ ਹੈ। ਇਸ ਨੂੰ ਸਹਿਯੋਗ ਦੇਣ ਵਿਚ ਜੱਕੋ ਤੱਕੀ ਨੂੰ ਤਿਆਗ ਕੇ ਨਿਤਰੋ ਕਿਤੇ ਪ੍ਰਾਣ ਗਏ ਸਾਟਾਰ ਮਿਲੇ ਵਾਲੀ ਗੱਲ ਨਾ ਹੋ ਜਾਵੇ। ਬਹੁਤ ਅਲਪ ਰਾਸ਼ੀ ਵਰਿਆਮ ਨੂੰ ਸਾਲਾਨਾ ਚੰਦਿਆਂ ਰਾਹੀਂ ਆਉਂਦੀ ਹੈ ਪਰ ਦੇਸ਼ ਵਿਦੇਸ਼ ਵਿਚ ਉਹਨਾਂ ਪਾਠਕਾਂ ਦੀ ਤਾਦਾਦ ਵੀ ਕਾਫੀ ਹੈ ਜਿਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਹ ਕਾਰਜ ਵੀ ਕਰਨ ਵਾਲਾ ਹੈ ਭਾਵ ਵਰਿਆਮ ਨੂੰ ਕੁਝ ਭੇਜਣਾ ਵੀ ਹੈ।

ਬਹੁਤ ਗੱਲ ਕਰਨ ਦਾ ਵੇਲਾ ਵੀ ਨਹੀਂ ਅਤੇ ਸਾਡਾ ਜੀਅ ਵੀ ਨਹੀਂ ਕਰਦਾ। ਅਸੀਂ ਤੁਹਾਨੂੰ ਇਕਲੇ-ਇਕੱਲੇ ਨੂੰ ਸੂਚਿਤ ਨਹੀਂ ਕਰ ਸਕਾਂਗੇ ਪਰ ਤੁਹਾਨੂੰ ਸਭ ਨੂੰ ਆਪ ਪਤਾ ਹੀ ਹੈ।

ਸੋ ਹੋਲੇ ਤੇ ਨਵੇਂ ਪੁਰਾਣੇ ਚੰਦੇ ਸਹਾਇਤਾ ਆਦਿ ਵਰਿਆਮ ਦੇ ਸਟਾਲ ਤੇ ਜਮਾਂ ਕਰਾ ਕੇ ਰਸੀਦ ਪ੍ਰਾਪਤ ਕਰੋ। ਜਿਹੜੇ ਸਜਨਾਂ ਆਪ ਨਹੀਂ ਆਉਣਾ। ਉਹ ਕਿਸੇ ਦੇ ਹੱਥ ਭੇਜ ਕੇ ਧੰਨਵਾਦੀ ਬਣਾਉਣ। ਜਾਂ ਸਿੱਧੇ ਡਾਕ ਰਾਹੀਂ ਭੇਜਣ ਪਤਾ ਹੈ 'ਵਰਿਆਮ' ਮਾਸਕ ਲਾਡੋਵਾਲੀ ਰੋਡ ਜਲੰਧਰ 144001 Monthly Wariam Ladowali Road Jalandhar City, Punjab

ਚੈਕ ਡਰਾਫਟ 'Wariam' ਦੇ ਨਾਂ ਹੀ ਭੇਜੇ ਜਾਣ —

ਨਾਇਬ-ਸੂਬਾ ਜੋਗਾ ਸਿੰਘ ਧੂੜਕੋਟ

–ਸੁਵਰਨ ਸਿੰਘ ਵਿਰਕ

੩ ਜੂਨ ੧੮੬੩ ਈ. ਨੂੰ ਖੋਟੇ ਪਿੰਡ ਵਿਖੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਆਨੰਦ-ਮਰਿਆਦਾ ਆਰੰਭ ਕੀਤੀ ਤਾਂ ਦੋ ਸਿੰਘਾਂ ਦਾ ਯੋਗਦਨ ਇਸ ਇਤਿਹਾਸਕ ਘਟਨਾ ਵਿਚ ਬਹੁਤ ਮਹੱਤਵਪੂਰਨ ਹੈ। ਇਕ ਭਾਈ ਸਮੁੰਦ ਸਿੰਘ ਪਿੰਡ ਖੋਟੇ ਅਤੇ ਦੂਜੇ ਭਾਈ ਜੋਗਾ ਸਿੰਘ ਪਿੰਡ ਧੂੜਕੋਟ। ਜਦੋਂ ੧੮੬੪-੬੫ ਈ. ਵਿਚ ਸਤਿਗੁਰੂ ਜੀ ਨੇ ਆਪਣੀਆਂ ਸਮਾਜਿਕ ਸੁਧਾਰਕ ਅਤੇ ਕ੍ਰਾਂਤੀਕਾਰੀ ਰਾਜਨੀਤਕ ਸਰਗਰਮੀਆਂ ਨੂੰ ਵਿਧੀਵਤ ਢੰਗ ਨਾਲ ਸਮੁੱਚੇ ਪੰਜਾਬ ਵਿਚ ਫੈਲਾਉਣਾ ਚਾਹਿਆ ਤਾਂ ਸੂਬਿਆਂ ਦੀ ਸਥਾਪਨਾ ਕੀਤੀ। ਭਾਈ ਸਮੁੰਦ ਸਿੰਘ ਅਤੇ ਭਾਈ ਜੋਗਾ ਸਿੰਘ ਧੂੜਕੋਟ ਨੂੰ ਕਰਮਵਾਰ ਸੂਬਾ ਅਤੇ ਨਾਇਬ ਸੂਬਾ ਥਾਪਿਆ ਗਿਆ। ਦੋਵੇਂ ਸਿੰਘ ਖੇਤੀਬਾੜੀ ਕਰਨ ਵਾਲੇ ਜੱਟ ਸਿੱਖ ਪਰਿਵਾਰਾਂ ਨਾਲ ਸਬੰਧਿਤ ਸਨ। ਘੋੜੀਆਂ ਰੱਖਣਾ ਦੋਹਾਂ ਦਾ ਸ਼ੌਕ ਸੀ ਅਤੇ ਦੋਵੇਂ ਗੰਗਾਂ ਦੇ ਕੰਢੇ ਹਰਿਦੁਆਰ ਲੱਗਣ ਵਾਲੇ ਵੱਡੇ ਛੋਟੇ ਮੇਲਿਆਂ ਵਿਚ ਘੋੜੀਆਂ ਲੈ ਕੇ ਵੇਚਣ ਵੀ ਜਾਇਆ ਕਰਦੇ ਸਨ। ਜਦੋਂ ਸਤਿਗੁਰੂ ਜੀ ਅਪ੍ਰੈਲ ੧੮੬੧ ਦੀ ਹਰਿਦੁਆਰ ਦੀ ਅਰਧ ਕੁੰਭੀ ਤੇ ਜਾਣ ਲਈ ਪੜਾਉ ਪੜਾ ਅੰਬਾਲਾ ਸ਼ਹਿਰ ਵਿਖੇ ਰਾਤ ਡੇਰਾ ਕੀਤਾ ਤਾਂ ਇੱਥੇ ਘੋੜਿਆਂ ਦੇ ਵਪਾਰੀਆਂ ਵਿਚ ਸਮੁੰਦ ਸਿੰਘ ਖੋਟੇ ਸੀ। ਕਿਉਂਕਿ ਧੂੜਕੋਟ ਵੀ ਪੜੋਸੀ ਪਿੰਡ ਸੀ ਇਹੋ ਜਿਹੇ ਸਮੇਂ ਵਪਾਰੀ ਇੱਕਠੇ ਹੋ ਕੇ ਜਾਇਆ ਕਰਦੇ ਸਨ। ਜੋਗਾ ਸਿੰਘ ਧੂੜਕੋਟ ਵੀ ਗੰਗਾ ਘੋੜੀ ਲੈ ਕੇ ਗਿਆ ਸੀ।[1] ਅੰਬਾਲੇ ਵਾਲੇ ਪੜਾਅ ਤੇ ਸਤਿਗੁਰੂ ਜੀ ਨੇ ਉਸ ਮੇਲੇ ਤੇ ਘੋੜੇ ਘੋੜੀਆਂ ਨਾ ਵੇਚੇ ਜਾ ਸਕਣ ਦੀ ਗੱਲ ਕੀਤੀ ਸੀ। ਬਾਅਦ ਵਿਚ ਇੰਜ ਹੀ ਹੋਇਆ।[2] ਇਸ ਤੇ ਸਮੁੰਦ ਸਿੰਘ ਸਤਿਗੁਰੂ ਜੀ ਦੀ ਵਿਹਾਰ-ਕੁਸ਼ਲਤਾ ਤੋਂ ਪ੍ਰਭਾਵਿਤ ਹੋ ਕੇ ਨਾਮਧਾਰੀ ਪੰਥ ਵਿਚ ਆ ਗਿਆ ਸੀ। ਜੋਗਾ ਸਿੰਘ ਧੂੜਕੋਟ ਉਸ ਸਮੇਂ ਸੁਰਖੀ ਘੋੜੀ ਗੰਗਾ ਤੇ ਵੇਚਣ ਗਿਆ ਸੀ। ਤਿੰਨ ਵੇਰ ਗਿਆ ਅਤੇ ਤਿੰਨੇ ਵੇਰ ਘੋੜੀ ਲੰਡੀ ਹੋ ਜਾਂਦੀ ਰਹੀ ਨਾ ਵਿਕੀ। ਜੋਗਾ ਸਿੰਘ ਨੂੰ ਆਪਣੀ ਜਮਾਤ ਨਾਲ ਵਿਚਰਨ ਵਾਲਾ ਇਕ ਪਹੁੰਚਿਆ ਸਾਧੂ ਗੰਗਾ ਤੇ ਹੀ ਮਿਲਿਆ ਜਿਸ ਦਾ ਨਾਮ ਅਲਖ ਰਾਮ ਸੀ। ਉਸ ਨੇ ਕਿਹਾ ਕਿ 'ਘੋੜੀ ਲੈ ਕੇ ਆਪਣੇ ਗੁਰੂ ਕੋ ਜਾਇ ਮਿਲੇ। ਜਦੋਂ ਉਹ ਪਟਿਆਲਾ ਪੁੱਜਾ ਤਾਂ ਉਸ ਨੂੰ ਸੂਹ ਮਿਲੀ ਕਿ ਮੁਕਤਸਰ ਮਾਘੀ ਤੇ ਭਾਰੀ ਮੇਲਾ ਹੋਵੇਗਾ ਜਿਸ ਵਿਚ ਗੁਰੂ ਸੁਭਾਇਮਾਨ ਹੋਣਗੇ। ਜੋਗਾ ਸਿੰਘ ਸਤਿਗੁਰੂ ਜੀ ਤੋਂ ਪਹਿਲਾਂ ਹੀ ਮੁਕਤਸਰ ਪੁੱਜ ਕੇ ਹੋਕਾ ਦੇਣ ਲੱਗ ਪਿਆ ਕਿ ਮਾਘੀ ਤੇ ਸਤਿਗੁਰੂ ਜੀ ਦੇ ਦਰਸ਼ਨ ਹੋਣਗੇ। ਕਿਉਂ ਜੋ ਉਸਨੂੰ ਉਚੀ ਕਰਨੀ ਵਾਲੇ ਸਾਧੂ ਅਲਖ ਰਾਮ ਦੇ ਬਚਨ ਸੱਤ ਹੋਣ ਦਾ ਪੂਰਾ ਭਰੋਸਾ ਸੀ।



ਇਸੇ ਮਾਘੀ ਦੇ ਮੇਲੇ ਤੇ ਜੋਗਾ ਸਿੰਘ ਨੇ ਜਦੋਂ ਸਤਿਗੁਰੂ ਜੀ ਦਾ ਦਰਸ਼ਨ ਮੁਕਤਸਰ ਵਿਖੇ ਕੀਤਾ ਤਾਂ ਨਿਸਚਾ ਹੋਇਆ ਕਿ ਇਹੋ ਉਹ ਪੂਰਨ ਸਤਿਗੁਰੂ ਹਨ ਜਿਹਨਾਂ ਬਾਰੇ ਸੰਤ ਜੀ ਨੇ ਸੋਅ ਪਾਈ ਸੀ। ਸੋ ਆਪ ਜੀ ਤੋਂ ਨਾਮ ਦਾਨ ਲੈ ਕੇ ਜੀਵਨ ਸਫਲ ਕੀਤਾ ਅਤੇ ਆਪਣੇ ਆਪ ਨੂੰ ਹਜ਼ੂਰ ਦੇ ਸਮਰਪਣ ਕਰ ਦਿੱਤਾ। ਜਦੋਂ ਉਸ ਅਲਖ ਰਾਮ ਵਾਲਾ ਬਚਨ ਸੁਣਾਇਆ ਤਾਂ "ਬਚਨ ਕੀਤਾ ਗੁਰੂ ਜੀ ਅੱਛਾ ਸਾਧ ਹੈ। ਪੁੱਛਿਆ ਤੇਰਾ ਕਿਤਨਾ ਕੁ ਖਰਚ ਹੈ ? ਕੈਹਣ ਲੱਗਾ ਜੀ ਮੈਂ ਲਾਭਲਾ ਰਿਹਾ ਹਾਂ। ਦੁੱਖ ਕੋਈ ਨਹੀਂ ਦੇਖਿਆ। ਰਸਤ ਲਾਇ ਦਿੱਤੀ ਤੇ ਕੋਲ ਹੀ ਰਹਿਣ ਲੱਗਾ। ਘੋੜੀ ਅਰਦਾਸ ਕਰਵਾ ਦਿੱਤੀ। ੧੦੦ ਰੁਪਏ ਸਤਿਗੁਰਾਂ ਨੇ ਦਿੱਤਾ। ਨਿਸ਼ਚਾ ਹੋਇਆ ਕਿ ਏਹ ਸੱਚਾ ਪੰਥ ਹੈ। ਗੁਰੂ ਜੀ ਕਾ ਪ੍ਰਤਾਪ ਦਿਨੋ ਦਿਨ ਫੈਲਨੇ ਲਗਾ। ਸ਼ਬਦ ਕਾ ਤੀਰ ਮਾਰਦੇ ਹਨ। ਜਿਸਕੇ ਤਨ ਮੇਂ ਲਗਦਾ ਹੈ ਉਸਕੀ ਜਨਮ ਮਰਨ ਦੀ ਚੁਰਾਸੀ ਕੱਟੀ ਜਾਂਦੀ ਹੈ।"[3]

੧੮੮੧ ਈ. ਦੀ ਮਹੱਤਵਪੂਰਨ ਕੂਕਿਆਂ ਵਾਲੀ ਲਿਸਟ ਵਿਚ, ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਨਿਹਾਲ ਸਿੰਘ ਵਾਲਾ ਦੇ ਪਿੰਡ ਧੂੜਕੋਟ ਦਾ ਜੋਗਾ ਸਿੰਘ 'ਨਾਇਬ ਸੂਬਾ' ਸਪੁੱਤਰ ਸ੍. ਗਰਜਾ ਸਿੰਘ ਵਾਹੀਵਾਨ ਸੀ ਉਸ ਸਮੇਂ ਉਮਰ ੪੫ ਸਾਲ ਦੇ ਲਗਭਗ ਸੀ। ਸੋ ਉਮਰ ਦਾ ਵੇਰਵਾ, ੧੮੬੩ ਵਿਚ ਆਪ ਦੀ ਪੁੱਤਰੀ ਦਾ ਆਨੰਦ ਹੋਣ ਕਾਰਨ ਦਰੁਸਤ ਨਹੀਂ। ਆਪ ਦਾ ਜਨਮ ਸੰਨ ੧੮੨੫ ਈ. ਦੇ ਲਾਗੇ ਚਾਗੇ ਹੀ ਹੋਇਆ। ਸ਼ਨਾਖਤ ਦੇ ਖਾਨੇ ਵਿਚ ਦਰਜ ਹੈ ਕਿ ਲੰਮਾਂ ਭੂਰਾ ਦਾਹੜਾ ਚਿਹਰੇ ਦੇ ਸਜੇ ਥੰਨੇ ਮਾਤਾ ਦੇ ਦਾਗਾਂ ਦੇ ਨਿਸ਼ਾਨ ਹਨ, ਸੱਜੇ ਹੱਥ ਦੀ ਚੀਚੀ ਦਾ ਪਹਿਲਾ ਪੋਟਾ

ਕੱਟਿਆ ਹੋਇਆ ਅਤੇ ਕੱਦ ਲਗਪਗ ਸਾਢੇ ਪੰਜ ਫੁੱਟ ਹੈ। ਉਹ ਜ਼ਮੀਨ ਜਾਇਦਾਦ ਦਾ ਮਾਲਕ ਚੰਗੀ ਗੁਜ਼ਾਰੇ ਵਾਲੀ ਸਾਮੀ ਹੈ। ਉਹ ਸ਼ਾਂਤ ਸੁਭਾਅ ਦਾ ਅਤੇ ਚੰਗੇ ਸਲੀਕੇ ਵਾਲਾ ਮਨੁੱਖ ਹੈ।"[4] ਪੰਜਾਬ ਸਰਕਾਰ ਨੇ ਜਦੋਂ ਕੂਕਿਆਂ ਉਪਰ ਨਿਗਰਾਨੀ ਰੱਖਣੀ ਸ਼ੁਰੂ ਕੀਤੀ ਤਾਂ ਪ੍ਰਸਿੱਧ ਕੂਕੇ ਜੋ ਵੱਖ-ਵੱਖ ਜ਼ਿਲ੍ਹਿਆਂ ਵਿਚ ਸਰਗਰਮ ਸਨ, ਉਹਨਾਂ ਵਿਚ ਜੋਗਾ ਸਿੰਘ ਧੂੜਕੋਟ ਦਾ ਨਾਮ ਵੀ ਬੋਲਦਾ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸਥਾਪਨਾ ਜਾਂ ਸਿੱਖ ਪੁਨਰ ਜਾਗਰਣ ਦੀ ਲਹਿਰ ਆਰੰਭ ਕਰਨ ਤੋਂ ਛੇ ਵਰ੍ਹੇ ਬਾਅਦ ਹੀ, ਜੋ ਮਹੱਤਵਪੂਰਨ ਕਾਰਵਾਈ ਕੀਤੀ ਉਹ ਸੀ ਸਿੱਖ ਅਨੰਦ ਮਰਿਆਦਾ ਦੁਆਰਾ ਵਰ ਦੀ ਉਮਰ ਪ੍ਰਾਪਤ ਲੜਕੇ ਲੜਕੀਆਂ ਦੀ ਸ਼ਾਦੀ ਦੀ ਨਵੀਂ ਰੀਤੀ ਸ਼ੁਰੂ ਕਰਨੀ। ਪੰਜਾਬ ਵਿਚ ਸਿੱਖ ਭਾਈਚਾਰੇ ਵਿਚ ਵੀ ਇਸ ਤੋਂ ਪਹਿਲਾਂ ਆਨੰਦ ਮਰਿਆਦਾ ਪ੍ਰਚਲਿਤ ਨਹੀਂ ਸੀ ਹੋ ਸਕੀ ਅਤੇ ਇਸ ਦੀ ਜ਼ਿੰਮੇਵਾਰੀ ਜਜਮਾਨ-ਪੁਰੋਹਿਤ ਵਾਲੇ ਰਿਸ਼ਤੇ ਤੇ ਆਧਾਰਿਤ ਸੀ, ਜਿਸਨੂੰ ਬਰਾਹਮਣੀ ਕਰਮ ਕਾਂਡ ਦੁਆਰਾ ਨਿਬਾਹਿਆ ਜਾਂਦਾ ਸੀ। ਇਸ ਪ੍ਰਥਾ ਵਿਚ ਪੁਰੋਹਿਤ ਦੁਆਰਾ ਆਪਣੇ ਜਜਮਾਨਾਂ ਨੂੰ ਕਾਫੀ ਪੇਚਦਾਰ ਪ੍ਰਣਾਲੀ ਵਿਚੋਂ ਲੰਘਾਇਆ ਜਾਂਦਾ ਸੀ। ਗ੍ਰਹਿ ਚਾਲਾਂ ਅਤੇ ਸਿਤਾਰਿਆਂ ਦੀ ਗਰਦਸ਼ ਦੇ ਚੰਗੇ ਮਾੜੇ ਪ੍ਰਭਾਵ ਸਿਰਜ ਕੇ ਵਿਆਹੇ ਜਾਣ ਵਾਲੇ ਮੁੰਡੇ ਕੁੜੀਆਂ ਦੇ ਪਰਿਵਾਰਾਂ ਨੂੰ ਕਈ ਤਰ੍ਹਾਂ ਡਰਾ ਧਮਕਾ ਕੇ, ਉਪਾਅ ਦੇ ਨਾਂ ਤੇ ਚੋਖੀ ਦਾਨ ਦੱਛਣਾ ਵੀ ਵਸੂਲੀ ਜਾਂਦੀ ਸੀ ਅਤੇ ਸਾਲ ਦੇ ਕੁਝ ਮਹੀਨੇ ਅਤੇ ਫਿਰ ਮਹੀਨਿਆਂ ਦੇ ਕੁਝ ਵਿਸ਼ੇਸ਼ ਦਿਨ ਇਸ ਕਾਰਜ ਲਈ ਨਖਿੱਧ ਸਿੱਧ ਕੀਤੇ ਹੋਏ ਸਨ। ਗੱਲ ਕੀ ਦੋ ਪਰਿਵਾਰਾਂ ਦੇ ਮਿਲਣ ਜਿਹੇ ਸ਼ੁਭ ਅਵਸਰ ਨੂੰ ਵਾਹਵਾ ਖਰਚੀਲੀ, ਗੁੰਝਲਦਾਰ ਅਤੇ ਭਾਰੀ ਭਰਕਮ ਕਾਰਵਾਈ ਬਣਾ ਦਿੱਤਾ ਗਿਆ ਸੀ। ਫਿਰ ਮੁੰਡੇ ਕੁੜੀਆਂ ਦੀ ਉਮਰ ਬਾਰੇ ਕੋਈ ਸਮਾਂ ਸੀਮਾ ਤਹਿ ਨਹੀਂ ਸੀ। ਅਨਜੋੜ ਵਿਆਹ ਦੀ ਚੋਭ ਭੁਗਤਦੀਆਂ, ਵਿਚਾਰੀਆਂ ਬਾਲੜੀਆਂ, ਸਾਰੀ ਉਮਰ ਇਸ ਭੱਠੀ ਵਿਚ ਤਪਦੀਆਂ ਰਹਿੰਦੀਆਂ ਸਨ। ਸਤਿਗੁਰੂ ਜੀ ਨੇ ਵਿਆਹੇ ਜਾਣ ਵਾਲੇ ਲੜਕੇ ਲੜਕੀਆਂ ਦੀ ਘੱਟੋ-ਘੱਟ ਉਮਰ ਆਪਣੇ ਹੁਕਮਨਾਮਿਆਂ ਵਿਚ ਉਹ ਤਹਿ ਕੀਤੀ ਹੈ, ਜਿੱਥੇ ਅੱਜ ਭਾਰਤ ਸਰਕਾਰ ਵਿਆਹ ਦੇ ਹਿੰਦੂ ਕਾਨੂੰਨ ਮੁਤਾਬਿਕ ਪਹੁੰਚੀ ਹੈ। ਇਹ ਉਹਨਾਂ ਦੀ ਆਪਣੇ ਸਮੇਂ ਤੋਂ ਬਹੁਤ ਅੱਗੇ ਵੇਖ ਸਕਣ ਦੀ ਸਮਰੱਥਾ ਹੀ ਸੀ ਜਿਸ ਨੇ ਆਪ ਦੀ ਸਿੱਖਿਆ ਵਿਚ ਜੰਮਦੀਆਂ ਕੁੜੀਆਂ ਨੂੰ ਮਾਰਨਾ, ਲੜਕੀਆਂ ਦਾ ਵੇਚਣਾ, ਵੱਟਾ ਕਰਨਾ ਅਤੇ ਬਾਲ ਵਿਆਹ ਤੇ ਰੋਕ ਲਾ ਕੇ ਵਿਆਹ ਦੀ ਪੂਰੀ ਖੁੱਲ੍ਹ ਦੇਣ ਨੂੰ ਉਤਸ਼ਾਹਿਤ ਕੀਤਾ ਅਤੇ ਦਾਜ ਦਹੇਜ ਰਹਿਤ ਅੰਤਰ ਜਾਤੀ, ਖਰਚੀਲੀਆਂ ਰਸਮਾਂ ਦੀ ਥਾਂ ਸਾਦਾ ਆਨੰਦ ਮਰਿਆਦਾ ਜਾਰੀ ਕੀਤੀ। ਔਰਤਾਂ, ਦਲਿਤਾਂ ਅਤੇ ਲੁੱਟੇ ਪੁੱਟਿਆਂ, ਨਿਤਾਣਿਆਂ ਨਿਮਾਣਿਆਂ ਪ੍ਰਥਾਇ, ਕਿਸੇ ਸੰਵੇਦਨਸ਼ੀਲ ਹਿਰਦੇ ਵਿਚੋਂ ਹੀ ਹਮਦਰਦੀ ਦੀ ਹੂਕ ਉਠ ਸਕਦੀ ਹੈ। ਲੜਕੀਆਂ ਦੀ ਉਸ ਸਮੇਂ ਦੀ ਸਥਿਤੀ ਬਾਰੇ ਲੋਕ ਗੀਤਾਂ ਦੇ ਬੋਲ ਅੱਜ ਵੀ ਵੈਣ ਪਾਉਂਦੇ ਮਾਲੂਮ ਹੁੰਦੇ ਹਨ।

"ਨਾ ਬੇਚ ਕਮਾਰੀ ਵੇ, ਬਾਬਲਾ ਲਾਲਚੀਆ!
ਗਲ ਗਊ ਕਟਾਰੀ ਵੇ, ਬਾਬਲਾ ਲਾਲਚੀਆ!!
ਤੇਰੀ ਗਈ ਮਤ ਮਾਰੀ ਵੇ, ਬਾਬਲਾ ਲਾਲਚੀਆ!!!
ਨਾ ਬਣੀ ਵਪਾਰੀ ਵੇ, ਬਾਬਲਾ ਲਾਲਚੀਆ!!!!"

ਸਾਡਾ ਪ੍ਰਿਥਮ ਇਤਿਹਾਸਕਾਰ ਭਾਈ ਸੰਤੋਖ ਸਿੰਘ ਬਾਹੋਵਾਲ, ਅਨੰਦ ਮਰਿਆਦਾ ਦਾ ਆਰੰਭ ਕਰਨ ਦਾ ਪਹਿਲਾ ਕਾਰਜ ਭਾਈ ਜੋਗਾ ਸਿੰਘ ਧੂੜ ਕੋਟ ਨੂੰ ਮਿਥਦਾ ਹੈ ਕਿ ਜਦੋਂ ਸਤਿਗੁਰੂ ਜੀ ਨੇ ਇਹ ਮਰਿਆਦਾ ਸ਼ੁਰੂ ਕਰਨ ਬਾਰੇ ਸਿੰਘਾਂ ਨਾਲ ਵਿਚਾਰ ਕੀਤੇ ਤਾਂ ਭਾਈ ਜੋਗਾ ਸਿੰਘ ਨੇ ਆਪਣੀ ਪੁੱਤਰੀ ਦਾ ਇਸ ਮਰਿਆਦਾ ਦੁਆਰਾ ਅਨੰਦ ਪੜ੍ਹਾਏ ਜਾਣ ਦੀ ਬੇਨਤੀ ਕੀਤੀ ਸੀ। ਨਵੀਆਂ ਲੀਹਾਂ ਸੂਰਮੇ ਹੀ ਪਾਇਆ ਕਰਦੇ ਹਨ। ਭਾਈਚਾਰੇ ਦੀ ਬਹੁਗਿਣਤੀ ਤੋਂ ਡਰਨ ਵਾਲਿਆਂ ਦੇ ਮਨਾਂ ਵਿਚ, ਪੁਰਾਣੀ ਸਥਾਪਿਤ ਪਰੰਪਰਾ ਨਾਲ ਟਕਰਾਉਣ ਦਾ ਹੌਂਸਲਾ ਨਹੀਂ ਹੁੰਦਾ। ਪਿੰਡਾਂ ਵਿਚ ਬੈਠੇ ਬ੍ਰਾਹਮਣ ਪੁਰੋਹਿਤ ਵਰਗ ਦੇ ਪਿੱਛੇ ਰਵਾਇਤ ਜਾਂ ਸੁਆਰਥ ਕਾਰਨ ਕਿਸਾਨ ਭਾਈਚਾਰੇ ਦਾ ਵੀ ਇਕ ਵੱਡਾ ਭਾਗ ਖਲੋਤਾ ਹੁੰਦਾ ਹੈ। ਉਹਨਾਂ ਦਾ ਵਿਰੋਧ ਮੁੱਲ ਲੈਣ ਦੀ ਹਿੰਮਤ ਵੀ ਹਾਰੀ ਸਾਰੀ ਨਹੀਂ ਜੁਟਾ ਪਾਉਂਦਾ। ਸਤਿਗੁਰੂ ਜੀ ਅਤੇ ਉਨ੍ਹਾਂ ਦੁਆਰਾ ਸਾਜੇ ਪੰਥ ਪ੍ਰਤੀ ਨਿਸ਼ਠਾਵਾਨ, ਭਾਈ ਜੋਗਾ ਸਿੰਘ ਇਕ ਅਜਿਹਾ ਕਿਰਦਾਰ ਬਣ ਕੇ ਉਭਰਦਾ ਹੈ, ਜਿਸ ਦਾ ਨਾਮ ਅਨੰਦ ਮਰਿਆਦਾ ਦੇ ਇਤਿਹਾਸ ਨਾਲ ਹਮੇਸ਼ਾ ਜੁੜਿਆ ਰਹੇਗਾ। ਜਦੋਂ ਗੁਰੂ ਬਾਲਕ ਸਿੰਘ ਜੀ ਨੇ ਆਪਣੇ ਅਕਾਲ ਚਲਾਣੇ ਦੀ ਤਿਆਰੀ ਕੀਤੀ ਤਾਂ ਆਪ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਪੱਤਰ ਭੇਜ ਕੇ ਮਿਲਣ ਦੀ ਇੱਛਾ ਪ੍ਰਗਟ ਕੀਤੀ ਸੀ। ਸਤਿਗੁਰੂ ਜੀ ਪੜਾਉ ਪੜਾਈ ਹਜ਼ਰੋ ਸਾਹਿਬ ਨੂੰ ਚੱਲੇ ਸਨ ਕਿ ਮੁਠੱਡੇ ਪਿੰਡ ਵਿਖੇ, ਆਪ ਨੂੰ ਗੁਰੂ ਬਾਲਕ ਸਿੰਘ ਜੀ ਦੇ ਚਲਾਣੇ (੬ ਦਿਸੰਬਰ ੧੮੬੨) ਦੀ ਖਬਰ ਮਿਲੀ। ਆਪ ਭੈਣੀ ਸਾਹਿਬ ਤੋਂ ਸੰਗਤਾਂ ਅਤੇ ਜ਼ਰੂਰੀ ਸਿੰਘਾਂ ਸਮੇਤ ਦੋਬਾਰਾ ਹਜ਼ਰੋ ਸਾਹਿਬ ਨੂੰ ਚੱਲੇ। ਇਸ ਸਮੇਂ ਭਾਈ ਜੋਗਾ ਸਿੰਘ ਵੀ ਹੋਰਨਾਂ ਸਿੰਘਾਂ ਜਿਉਂ ਸਾਥ ਸੀ। ਪਰ ਵਜੀਰਾਬਾਦ ਝਨਾ ਦੇ ਪੱਤਣ ਤੇ ਗੁਰੂ ਬਾਲਕ ਸਿੰਘ ਜੀ ਦਾ ਭਾਈ ਮੰਨਾ ਸਿੰਘ ਅਤੇ ਹੋਰ ਸੰਗਤ ਗੁਰੂ ਜੀ ਦੇ

ਅਸਤ ਲਈ ਆਉਂਦੇ ਮਿਲੇ। ਸੋ ਸਤਿਗੁਰੂ ਰਾਮ ਸਿੰਘ ਗਿੱਲ ਪਿੰਡ ਦੇ ਬਾਬੇ ਜਮਈਅਤ ਸਿੰਘ ਨੂੰ ਦਰਸ਼ਨ ਦਿੰਦੇ ਵਾਪਸ ਮੁੜ ਰਹੇ ਸਨ। ਪਸਰੂਰ (ਸਿਆਲਕੋਟ) ਵਿਖੇ ਲੰਘ ਰਹੇ ਸਨ ਕਿ ਰਿਖੀ ਸਿੰਘ ਮਸਤਾਨੇ ਨੇ ਬਾਜ਼ਾਰ ਵਿਚ ਬੈਠ ਕੇ ਹੁੱਕਾ ਪੀਂਦੇ ਇਕ ਹਟਵਾਣੀਏ ਦੀ ਹੁੱਕੇ ਦੀ ਚਿਲਮ ਤੋੜ ਦਿੱਤੀ ਕਿ ਇੱਥੋਂ ਸਿੰਘਾਂ ਨੇ ਗੁਜਰਨਾ ਹੈ, ਤੂੰ ਤਮਾਕੂ ਪੀ ਰਿਹਾ ਹੈਂ। ਜਿਸ ਤੇ ਉਹ ਲੋਕ ਰਿਖੀ ਸਿੰਘ ਦੇ ਮਗਰ ਨੱਸੇ। ਨਾਲ ਹੀ ਭਾਈ ਜੋਗਾ ਸਿੰਘ ਸੀ ਅਤੇ ਹੋਰਨਾਂ ਸਿੰਘਾਂ ਸਮੇਤ ਉਹਨਾਂ ਪਿੱਛਾ ਕਰਨ ਵਾਲਿਆਂ ਨੂੰ ਦਬਕਾ ਕੇ ਸ਼ਹਿਰ ਵਿਚ ਪੁਚਾ ਦਿੱਤਾ। ਜਦੋਂ ਸਿੰਘਾਂ ਨੇ ਪਰਸ਼ਾਦਾ ਬਨਾਉਣ ਲਈ ਡੇਰਾ ਲਾਇਆ ਤਾਂ ਸ਼ਹਿਰ ਵਾਲਿਆਂ ਨੇ ਉਕਸਾ ਕੇ ਆਗੇ ਪਾਸੇ ਦੇ ਜ਼ਿਮੀਦਾਰ ਉਹਨਾਂ ਦੇ ਗਲ ਪੁਆ ਦਿੱਤੇ ਕਿ ਇਹ ਫਸਾਦੀ ਲੋਕ ਹਨ। ਸਿੰਘਾਂ ਨੇ ਬਥੇਰਾ ਕਿਹਾ ਕਿ ਪਰਸ਼ਾਦਾ ਬਣਦਾ ਹੈ ਛਕ ਕੇ ਤੁਰ ਜਾਵਾਂਗੇ।" ਜ਼ਿਮੀਦਾਰਾਂ ਨੇ ਸਿੰਘਾਂ ਕੋ ਆਇਕੇ ਪੁੱਛਿਆ ਕਿ ਤੁਸੀਂ ਕੌਣ ਹੋ ? ਜੋਗਾ ਸਿੰਘ ਨੇ ਕਹਿਆ, ਸਤਿਗੁਰੂ ਜੀ ਹਨ, ਨਾਲ ਸਿੰਘ ਹਨ। ਜੱਟ ਨੇ ਪੱਗ ਲਾਹ ਕੇ ਜੋਗਾ ਸਿੰਘ ਦੀ ਲੱਤ ਨੂੰ ਪਾਇਕੇ ਗੰਢ ਦੇ ਲਈ ਨਾਲੇ ਆਪ ਦੀ ਲੱਤ ਨੂੰ ਗੰਢ ਦੇ ਲਈ। ਜੋਗਾ ਸਿੰਘ ਨੇ ਪੁੱਛਿਆ ਕਿ ਕਿਧਰ ਨੂੰ ਲੈ ਚਲਿਆ ਹੈਂ ? ਕਹਿਣ ਲੱਗਾ ਖੂਹ ਮੇ ਛਾਲ ਮਾਰਦੇ ਹਾਂ, ਜੇ ਗੁਰੂ ਜੀ ਹੋਣਗੇ ਤਾਂ ਰੱਖ ਲੈਣਗੇ ਜਾਂ ਉਸਨੇ ਖਿਚਿਆ ਤਾਂ ਰਿਖੀ ਸਿੰਘ ਕੋਲ ਪਿਪਲ ਨਾਲ ਬੱਧਾ ਹੋਇਆ ਸੰਗਲ ਜਿਉਂ ਝਟਕਾ ਮਾਰਿਆ, ਉਹ ਸੰਗਲ ਤੋੜਕੇ ਉਸੀ ਸੰਗਲ ਨਾਲ ਜ਼ਿਮੀਦਾਰ ਕੋ ਕੁੱਟਣ ਲੱਗ ਪਿਆ, ਸਿਰ ਵਿਚ ਸੰਗਲ ਮਾਰੇ। ਹੋਰ ਲੋਕ ਵੀ ਆ ਗਏ। ਲੜਾਈ ਮਚ ਗਈ। ਕੋਲ ਕੋਠਿਆਂ ਪਰ ਮੰਜੇ ਲਟਕਾਏ ਹੋਏ ਸੇ। ਸਿੰਘਾਂ ਨੇ ਮੰਜੇ ਤੋੜਕੇ ਸੇਰਵੇ ਲੈ ਲਏ ਤੇ ਮਾਰਨੇ ਲਗੇ। ਵਿਚੇ ਸਿੰਘਣੀਆਂ ਵੀ ਮਾਰਨ ਲੋਕਾਂ ਕੁਸੰਗੀਆਂ ਕੋ। ਸ੍ਰੀ ਸਤਿਗੁਰੂ ਜੀ ਭੀ ਆਏ ਗਏ ਤੇ ਬਚਨ ਕੀਤਾ ਜਾਣੇ ਨਾ ਪਾਵਣ। ਬਹੁਤ ਮਾਰ ਪਈ। ਡਰਦੇ ਮਾਰੇ ਲੋਕ ਪਾਸ ਟੋਬਾ ਸੀ ਉਸ ਮੇਂ ਜਾਇ ਵੜੇ। ਕਈ ਪਾਣੀ ਮੇਂ ਚੁਭੇ ਮਾਰਨ। ਜਦੋਂ ਸਿਰ ਕੱਢਣ ਸਿਰ ਮੇਂ ਫੜਾਕਾ ਪਏ। ਬਾਈਆਂ ਸਰੀਰਾਂ ਕੋ ਮੰਜੀਆਂ ਪਰ ਪਾਇਕੇ ਲੈ ਗਏ ਥਾਣੇ ਨੂੰ।

"ਥਾਣੇਦਾਰ ਨੇ ਆ ਕੇ ਪੁੱਛਿਆ। ਗੁਰੂ ਜੀ ਬਚਨ ਕੀਤਾ ਸਿੰਘ ਪ੍ਰਸਾਦ ਬਣਾਂਵਦੇ ਸੇ। ਪਿਛੋਂ ਜੱਟਾਂ ਨੇ ਆ ਕੇ ਛੇੜਖਾਨੀ ਕੀਤੀ ਹੈ। ਸਿੰਘ ਕਹਿ ਰਹੇ ਕਿ ਪ੍ਰਸਾਦਾ ਛਕ ਕੇ ਚਲੇ ਜਾਂਦੇ ਹਾਂ। ਏਕ ਸਿੰਘ ਕੀ ਲੱਤ ਕੋ ਪੱਗ ਪਾਕੇ ਖਿੱਚਣੇ ਲੱਗਾ ਜੱਟ। ਮੱਲੋ ਮੱਲੀ ਗਲ ਆ ਪਏ ਜੱਟ ਸਾਡੇ। ਥਾਣੇਦਾਰ ਨੇ ਕਹਿਆ ਜੀ ਮੇਰੇ ਕੁਝ ਅਖਤਿਆਰ ਨਹੀਂ ਹੈ, ਮੈਂ ਤਾਂ ਚਲਾਣ ਕਰ ਦੇਣਾ ਹੈ। ਜ਼ਿਲ੍ਹੇ ਮੇਂ ਭੇਜ ਦੇਉਂਗਾ। ਜੋਗਾ ਸਿੰਘ ਨੂੰ ਨਾਲ ਭੇਜਿਆ।"

"ਜਾਂ ਦੋ ਕੋਸ ਪਰ ਗਏ ਤਾਂ ਜੋਗਾ ਸਿੰਘ ਨੇ ਥਾਣੇਦਾਰ ਨੂੰ ਕਿਹਾ ਕਿ ਗਰੀਬ ਆਦਮੀ ਮਰ ਜਾਣਗੇ। ਥਾਣੇਦਾਰ ਨੇ ਕਿਹਾ ਕਿ ਮੋੜ ਲੈ ਜੇ ਮੁੜਦੇ ਹਨ। ਮੈਂ ਕੀ ਕਹਿਣਾ ਹਾਂ ? ਜੋਗਾ ਸਿੰਘ ਨੇ ਕਹਿਆ ਕਿਉਂ ਮਰਦੇ ਹੋ, ਗ਼ਰੀਬ ਹੋ। ਚੱਲੋ ਤੁਹਾਨੂੰ ਘਿਓ ਵਾਸਤੇ ਗ਼ੱਫਾ ਦਵਾ ਦੇਂਦਾ ਹਾਂ। ਉਨ੍ਹਾਂ ਮਨਜ਼ੂਰ ਕਰ ਲਿਆ ਮੁੜ ਆਏ। ਨਾਲ ਹੀ ਥਾਣੇਦਾਰ ਮੁੜ ਆਇਆ। ਦੂਰੋਂ ਦੇਖ ਕੇ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੁੜੇ ਆਉਂਦੇ ਹੈ। ਬਾਰ੍ਹਾਂ ਰੁਪਏ ਤੇ ਪੱਚੀ ਸੇਰ ਘਿਓ ਦੁਆਇਆ ਜੇੜੇ ਆਦਮੀ ਮੰਜਿਆਂ ਪਰ ਪਾਏ ਹੋਏ ਸੀ। ਲੱਤਾਂ ਬਾਹਾਂ ਟੁੱਟੀਆਂ ਫੁੱਟੀਆਂ ਪਈਆਂ ਸੀ। ਸੁਲਾ ਕਰਾਇਕੇ ਥਾਣਦੇਾਰ ਚੱਲਿਆ। ਕੁਲ ਜਗ ਪਰ ਖ਼ਬਰ ਹੋ ਗਈ ਕਿ ਬਾਰ੍ਹਵਾਂ ਜਾਮਾ ਪ੍ਰਗਟ ਹੋਇਆ ਸੂਰਜ ਮਾਨਿੰਦ ਤੇਜ ਹੋ ਗਿਆ ਹੈ। ਪਾਪੀਆਂ ਲੋਕਾਂ ਕੋ ਸੇਕ ਪਹੁੰਚਦਾ ਹੈ।"[5]

ਵਜੀਰਾਬਾਦੋਂ ਵਾਪਸੀ ਸਫਰ ਤੇ ਅਪ੍ਰੈਲ ੧੮੬੩ ਈ. ਦੀ ਵੈਸਾਖੀ ਤੇ ਭਾਈ ਜੋਗਾ ਸਿੰਘ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਅੰਮ੍ਰਿਤਸਰ ਪੁੱਜਦੇ ਹਨ ਜਦੋਂ ਕਰਤਾਰਪੁਰ ਰਾਤ ਦਾ ਪੜਾਉ ਕੀਤਾ ਤਾਂ ਇੱਥੇ ਸਤਿਗੁਰੂ ਜੀ ਦੇ ਹੁਕਮ ਤੇ ਇਕ ਕੁਕਰਮੀ ਸਿੱਖ ਨੂੰ ਭਾਈ ਜੋਗਾ ਸਿੰਘ ਨੇ ਸੰਗਤ ਵਿਚੋਂ ਕੱਢ ਦਿੱਤਾ। ਇੱਥੇ ਹੀ ਭਾਈ ਜੋਗਾ ਸਿੰਘ ਜੀ ਨੇ ਅਰਜ਼ ਕੀਤੀ ਕਿ 'ਮੇਰੀ ਕੁੜੀ ਕਾ ਅਨੰਦ ਪੜ੍ਹਾਇ ਦਿਓ, ਆਪ ਕੀ ਰੀਤੀ ਅਨੁਸਾਰ।' ਸਤਿਗੁਰੂ ਜੀ ਲੁਦਿਆਣੇ ਤੋਂ ਅੱਗੇ ਮੁੰਡੀਏ ਤੋਂ ਭੈਣੀ ਸਾਹਿਬ ਨੂੰ ਚਲੇ ਗਏ ਅਤੇ ਜੋਗਾ ਸਿੰਘ ਨੂੰ ਹੁਕਮ ਦਿੱਤਾ ਕਿ ਤੂੰ ਇੱਥੋਂ (ਭੈਣੀ ਸਾਹਿਬ ਤੋਂ) "ਪਿੰਡ ਜਾਇਕੇ ਪਾਠ ਖੁਲਾ ਦੇ। ਅਸੀਂ ਭੀ ਆਵਾਂਗੇ।" ਇਉਂ ਆਪ ਜੀ ਦੇ ਪੱਛਮੀ ਅਤੇ ਕੇਂਦਰੀ ਪੰਜਾਬ ਦੇ ਦੌਰੇ ਦੀ ਸਮਾਪਤੀ ਬਾਅਦ ਅਨੰਦ ਮਰਿਆਦਾ ਅਰੰਭਣ ਦੀਆਂ ਤਿਆਰੀਆਂ ਹੋਣ ਲੱਗੀਆਂ। ਸਤਿਗੁਰੂ ਜੀ ਨੇ ਭਾਈ ਜੋਗਾ ਸਿੰਘ ਦੀ ਸ਼ਰਧਾ, ਸਿਦਕ, ਹਿੰਮਤੀ ਕਾਰਗੁਜ਼ਾਰੀ, ਜੂਝਣ ਦੀ ਰੁਚੀ ਅਤੇ ਖ਼ਤਰਿਆਂ ਤੋਂ ਬੇਪ੍ਰਵਾਹ ਹੋ ਕੇ ਆਪਣੇ ਮਿਸ਼ਨ ਦੀ ਮੁੱਖ ਧਾਰਾ ਵਿਚ ਠਿੱਲਣ ਦੀ ਪ੍ਰਬਲ ਰੁਚੀ ਅਤੇ ਉਸਦੀ ਦੁਨਿਆਵੀ ਸੂਝ ਬੂਝ, ਵਿਹਾਰ ਕੁਸ਼ਲਤਾ, ਵਾਰਤਾਲਾਪ ਕਲਾ ਦਾ ਮਾਹਰ ਹੋਣ, ਅਧਿਕਾਰੀਆਂ ਨੂੰ ਆਪਣਾ ਨੁਕਤਾ ਸਪਸ਼ਟਤਾ ਨਾਲ ਸਮਝਾਉਣ ਅਤੇ ਪੰਚਾਇਤੀ ਢੰਗ ਨਾਲ ਝਗੜਿਆਂ ਦੇ ਨਿਪਟਾਰੇ ਦੇ ਸਮਰੱਥ ਹੋਣ ਆਦਿਕ ਗੁਣਾਂ ਵਿਚ ਪਰਖ ਕੇ ਹੀ, ਇਹ ਫੈਸਲਾ ਕੀਤਾ ਸੀ ਇਸ ਨਵੇਂ ਕਾਰਜ ਨੂੰ ਭਾਈ ਜੋਗਾ ਸਿੰਘ ਦੇ ਮਾਧਿਅਮ ਨਾਲ ਅਰੰਭਿਆ ਜਾਏ।

ਹੁਣ ਜਦੋਂ ਆਸ-ਪਾਸ ਦੇ ਨਾਮਧਾਰੀ ਸਿੰਘਾਂ ਨੂੰ ਪਤਾ

ਲੱਗਾ ਕਿ ਸਤਿਗੁਰੂ ਜੀ ਪੰਜਾਬ ਦੀ ਗਰੀਬ ਕਿਸਾਨੀ ਨੂੰ ਕਰਜ਼ਾਈ ਹੋਣ ਤੋਂ ਬਚਾਉਣ ਲਈ, ਸਿੱਧੀ ਸਾਦਾ ਤੇ ਘੱਟ ਖਰਚੀਲੀ ਰਸਮ ਅਨੰਦ ਦੀ ਲਾਗੂ ਕਰਨ ਲਈ, ਧੂੜਕੋਟ ਪੁੱਜ ਰਹੇ ਹਨ ਤਾਂ ਸੰਗਤਾਂ ਨੂੰ ਇਕ ਬੰਨੇ ਤੇ ਚਾਅ ਚੜ੍ਹ ਗਿਆ। ਦੂਸਰੇ ਪਾਸੇ (ਸੂਬਾ) ਸਮੁੰਦ ਸਿੰਘ ਖੋਟੇ (ਇਹ ਸੂਬਾ ਉਦੋਂ ਨਹੀਂ ਸਨ ਬਣੇ) ਵਰਗੇ ਨੀਤੀ ਨਿਪੁੰਨ ਸਿੰਘਾਂ ਨੇ ਬ੍ਰਾਹਮਣਾਂ ਵਲੋਂ ਆਪਣੇ ਠੂਠੇ ਤੇ ਡਾਂਗ ਵੱਜਦੀ ਵੇਖ ਕੇ ਤੇ ਕਿਸੇ ਵੀ ਸੰਭਾਵਿਤ ਵਿਰੋਧ ਦੇ ਪੈਂਤੜੇ ਨਾਲ ਨਜਿੱਠਣ ਲਈ, ਆਪਣੇ ਤੌਰ ਤੇ ਪੇਸ਼ਬੰਦੀਆਂ ਕਰ ਕੇ ਸਾਰੀ ਕਿਰਿਆ ਸ਼ਾਂਤੀ ਪੂਰਵਕ ਸੰਪੰਨ ਕਰਨ ਲਈ, ਵਿਊਹ ਰਚਨਾ ਕਰਨੀ ਸ਼ੁਰੂ ਕਰ ਦਿੱਤੀ। ਭਾਈ ਸਮੁੰਦ ਸਿੰਘ ਅਤੇ ਜੋਗਾ ਸਿੰਘ ਇਹ ਵੀ ਮਹਿਸੂਸ ਕਰ ਰਹੇ ਸਨ ਕਿ ਜਦੋਂ ਅਨੰਦ ਮਰਿਆਦਾ ਲਾਗੂ ਹੋਈ, ਤਿਆਰ ਬਰ ਤਿਆਰ ਨਾਮਧਾਰੀ ਸਿੰਘਾਂ ਨੇ ਲੰਗਰ ਪਾਣੀ ਵੀ ਖੂਹ ਦਾ ਜਲ ਆਪ ਕੱਢ ਕੇ, ਆਪਣੇ ਹੱਥੀਂ ਮਰਿਆਦਾ ਧਾਰਨ ਕਰਨ ਵਾਲੇ ਸਿੰਘਾਂ ਨੇ ਹੀ ਤਿਆਰ ਕਰਨਾ ਹੈ। ਹੋਰ ਰਸਮਾਂ ਰਿਵਾਜਾਂ ਅਤੇ ਵੇਲਾ ਵਿਹਾ ਚੁੱਕੀਆਂ ਥੋਥੀਆਂ ਮਨਾਉਂਤਾ ਵਿਚੋਂ ਵੀ, ਉਹ ਗੁਰੂ ਕਿਰਪਾ ਨਾਲ ਪਾਸੇ ਨਿਕਲ ਚੁੱਕੇ ਹਨ। ਇਸ ਲਈ ਨਵੀਂ ਅਨੰਦ ਮਰਿਆਦਾ ਦਾ ਵਿਰੋਧ ਨਾ ਸਿਰਫ ਬ੍ਰਾਹਮਣ ਭਾਈਚਾਰਾ ਕਰ ਰਿਹਾ ਹੈ, ਸਗੋਂ ਉਹ ਵਿਆਹ ਦੇ ਸਮੇਂ ਘਰਾਂ ਵਿਚ ਕੰਮਕਾਰ ਕਰਨ ਵਾਲੇ ਵਿਆਹ ਦੇ ਲਾਗ ਵਸੂਲਣ ਵਾਲੇ, ਨਾਈ, ਝੀਊਰ, ਸੱਕੇ ਆਦਿਕਾਂ ਨੂੰ ਵੀ ਨਾਲ ਰਲਾ ਕੇ ਨਾਮਧਾਰੀਆਂ ਖਿਲਾਫ 'ਵੱਡਿਆਂ ਦੀਆਂ ਕਾਇਮ ਕੀਤੀਆਂ ਰੀਤਾਂ' ਛੱਡਣ ਦਾ ਪਰਚਾਰ ਕਰ ਰਹੇ ਸਨ। ਕਿਉਂਕਿ ਧੂੜਕੋਟ ਛੋਟਾ ਪਿੰਡ ਸੀ ਅਤੇ ਉਸ ਪਿੰਡ ਵਿਚ ਨਾਮਧਾਰੀਆਂ ਦੀ ਵੀ ਜ਼ਿਆਦਾ ਗਿਣਤੀ ਨਹੀਂ ਸੀ ਜੋਗਾ ਸਿੰਘ ਤੋਂ ਇਲਾਵਾ ਦੇਵਾ ਸਿੰਘ ਤੇ ਭਗਵਾਨ ਸਿੰਘ ਹੀ, ਧੂੜਕੋਟ ਵਿਚ ਪਰਮੁੱਖ ਤੇ ਪੁਰਾਣੇ ਕੂਕੇ ਸਨ। ਦੂਜੇ ਬੰਨ੍ਹੇ ਪਿੰਡ ਖੋਟੇ ਵਿਚ ਨਾਮਧਾਰੀਆਂ ਦੀ ਗਿਣਤੀ ਵਾਹਵਾ ਸੀ। ਸਮੁੰਦ ਸਿੰਘ ਹੋਰਾਂ ਦੇ ਭਾਈਚਾਰੇ ਦੇ ਵੀ ਚੋਖੇ ਘਰ ਸਨ। ਜੇ ਬ੍ਰਾਹਮਣ ਬੰਦਿਆਂ ਵਾਂਗੂ ਸਿੱਧੇ ਨਾ ਹੋਏ ਤਾਂ ਖੋਟਿਆਂ ਵਾਲੇ ਜਟਕੀ ਵਿਦਿਆ ਵਰਤਣ ਵਿਚ ਵੀ ਮਾਹਰ ਸਨ। ਸੋ ਭਾਈ ਜੋਗਾ ਸਿੰਘ ਹੋਰਾਂ ਨੇ ਸਮੁੰਦ ਸਿੰਘ ਹੋਰਾਂ ਦੀ ਰਾਇ ਮੰਨ ਲਈ ਅਤੇ ਨਵੀਂ ਅਨੰਦ ਮਰਿਆਦਾ ਦਾ ਮੋਢੀ ਪਿੰਡ ਹੋਣ ਦਾ ਮਾਣ ਇਤਿਹਾਸ ਵਿਚ ਖੋਟੇ ਪਿੰਡ ਲਈ ਹੀ ਰਾਖਵਾਂ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਆਪਣੇ ਮੁਖੀ ਸਿੰਘਾਂ ਸਮੇਤ ੨ ਜੂਨ ੧੮੬੩ ਦੀ ਸ਼ਾਮ ਨੂੰ ਖੋਟੇ ਪੁੱਜ ਗਏ। ੩ ਜੂਨ ਨੂੰ ਅਨੰਦ ਮਰਿਆਦਾ ਦਾ ਮੁੱਢ ਬੰਨ੍ਹਣ ਸਮੇਂ ੬ ਅਨੰਦ ਕਾਰਜ, ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਆਦਿ ਗੁਰੂ ਗਰੰਥ ਸਾਹਿਬ ਤੋਂ ਸੂਹੀ ਰਾਗ ਵਿਚ ਦਰਜ ਲਾਵਾਂ-ਬਾਣੀ ਦੇ ਪਾਠ ਅਤੇ ੬ ਜੋੜਿਆਂ ਦੇ ਹਵਨ ਕਰਕੇ ਪ੍ਰਜਵਲਿਤ ਕੀਤੀ ਅਗਨੀ ਦੇ ਗਿਰਦ ਅਤੇ ਲੱਕੜ ਦੀ ਵੇਦੀ ਦੇ ਹੇਠ, ੪ ਫੇਰਿਆਂ ਨਾਲ ਸੰਪੰਨ ਹੋਏ। ਪਹਿਲਾਂ ਬ੍ਰਾਹਮਣ ਕਹਿੰਦੇ ਸਨ ਕਿ ਜੇ ਸਾਥੋਂ ਬਿਨਾਂ ਕੂਕੇ ਸਾਡੇ ਜਜਮਾਨਾਂ ਦੇ ਬੱਚੇ ਬੱਚੀਆਂ ਦੇ ਵਿਆਹ ਕਰਨਗੇ ਤਾਂ ਅਸੀਂ ਅੱਗ ਵਿਚ ਪੈ ਕੇ ਸੜ ਮਰਾਂਗੇ ਪਰ ਜਦੋਂ ਉਹਨਾਂ ਨੇ ਸੁਣਿਆ ਕਿ ਸਤਿਗੁਰੂ ਜੀ ਕਹਿ ਰਹੇ ਹਨ ਕਿ ਜੇ ਬ੍ਰਾਹਮਣ ਚਿਖਾ ਆਦਿ ਬਣਾ ਕੇ ਨਵੀਂ ਮਰਿਆਦਾ ਡੱਕਣ ਦੇ ਡਰਾਵੇ ਦੇ ਰਹੇ ਹਨ ਅਤੇ ਇਹ ਖੁਦ ਚਿਖਾ ਵਿਚ ਨਾ ਪੈਣ ਤਾਂ ਬੇਸ਼ਕ ਤੁਸੀਂ ਲਾਂਬੂ ਲਾ ਕੇ ਚਿਖਾ ਨੂੰ, ਇਹਨਾਂ ਨੂੰ ਫੜ ਕੇ ਵਿਚ ਸੁੱਟ ਦੇਣਾ। ਇਤਨੀ ਧਮਕੀ ਕਾਰਗਰ ਰਹੀ। ਅਨੰਦ ਹੋ ਗਏ। ਬਾਬਾ ਸਮੁੰਦ ਸਿੰਘ ਹੋਰਾਂ ਦੀ ਪੁੱਤਰੀ ਅਤੇ ਪੋਤਰੀ ਅਤੇ ਭਾਈ ਜੋਗਾ ਸਿੰਘ ਦੀ ਪੁੱਤਰੀ ਤੋਂ ਬਿਨਾਂ ਤਿੰਨ ਹੋਰ ਜੋੜਿਆਂ ਦੇ ਅਨੰਦ ਹੋਏ। ਇਕ ਕਾਰੀਗਰ ਸਿੰਘ ਦੀ ਪੁੱਤਰੀ ਅਰੋੜੇ ਸਿੰਘ ਦੇ ਪੁੱਤਰ ਨਾਲ ਵਿਆਹੀ ਗਈ। ਇਉਂ ਜਾਤਪਾਤ ਦੀ ਜਿੱਲ੍ਹਣ ਵਿਚੋਂ ਵੀ ਨਾਮਧਾਰੀ ਸਿੰਘ ਬਾਹਰ ਨਿਕਲ ਗਏ।

ਜਿਵੇਂ ਕਿ ਸੰਭਾਵਿਤ ਸੀ ਪਿੰਡ ਦੇ ਚੌਕੀਦਾਰ ਨੂੰ ਅੱਗੇ ਲਾ ਕੇ ਬ੍ਰਾਹਮਣਾਂ ਨੇ ਲੂਣ ਮਿਰਚ ਲਾ ਕੇ ਕੂਕਾ ਗੁਰੂ ਦੁਆਰਾ ਸਰਕਾਰ ਵਿਰੁੱਧ ਬਾਗੀਆਨਾ ਪਰਚਾਰ ਕਰਨ ਦੀਆਂ ਝੂਠੀਆਂ ਸੱਚੀਆਂ ਇਤਲਾਹਾਂ ਬਾਘਾ ਪੁਰਾਣਾ ਥਾਣੇ ਵਿਚ ਪੁਚਾਈਆਂ। ਇਹਨਾਂ ਰੀਪੋਰਟਾਂ ਦਾ ਜ਼ਿਕਰ ਉਸ ਵੇਲੇ ਦੇ ਪ੍ਰਚਲਿਤ ਲੋਕ ਗੀਤਾਂ ਵਿਚ ਵੀ ਇਉਂ ਮਿਲਦਾ ਹੈ :-

"ਬ੍ਰਾਹਮਣਾਂ ਨੇ ਪਾਈ ਅਰਜ਼ੀ
ਸਾਡੀ ਕੁੜੀ ਦਾ ਅਨੰਦ ਪੜ੍ਹਾਇਆ,"
"ਮੈਂ ਬਾਘੇ ਪੁਰਾਣੇ ਜਾਵਾਂ,
ਥਾਣਾ ਮੇਰਾ ਯਾਰ ਲੱਗਦਾ,"
"ਮੈਂ ਕੈਦ ਸਿੰਘਾਂ ਨੂੰ ਕਰਾ ਦੂੰ,
ਗੰਗਾ ਵੱਲ ਹੱਥ ਕਰਦਾ"
"ਉਨ ਕਸਮ ਗੰਗਾ ਦੀ ਖਾਧੀ,
ਸਿੰਘਾਂ ਨਾਲ ਮੈਂ ਲੜਨਾ"

ਸ਼ਾਇਦ ਨਵੇਂ ਪੁਰਾਣੇ ਦੇ ਇਸ ਦਵੰਦ ਅਤੇ ਟਕਰਾ ਵਿਚੋਂ ਹੀ ਇਹੋ ਜਿਹੇ ਲੋਕ ਅਖਾਣਾਂ ਨੇ ਜਨਮ ਲਿਆ- ਇਖ ਦਾ ਵੈਰੀ ਧਾਮਣ ਏ। ਸਿਖ ਦਾ ਵੈਰੀ ਬਾਮਣ ਏ* ਪ੍ਰੰਤੂ ਇਸਦਾ ਮਤਲਬ ਇਹ ਕਦਾਚਿਤ ਨਾ ਲਿਆ ਜਾਵੇ ਕਿ ਸਮੁੱਚੇ ਨਾਮਧਾਰੀ ਸਮੁੱਚੇ ਬ੍ਰਾਹਮਣਾਂ ਦੇ ਵਿਰੋਧੀ ਸਨ। ਜੇ ਇਹ ਗੱਲ ਹੁੰਦੀ ਤਾਂ ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿਚ ਮਿਸਰ ਗਣਪਤ ਅਤੇ ਹੀਰੇ ਮਿਸਰ ਵਰਗੇ ਆਪਣੇ ਮਿੱਤਰ ਬ੍ਰਾਹਮਣਾਂ ਨੂੰ ਆਦਰ ਸੂਚਕ ਸ਼ਬਦਾਂ

ਨਾਲ ਸੰਬੋਧਿਤ ਕਿਉਂ ਕਰਦੇ?

ਜ਼ਿਲ੍ਹੇ ਦੇ ਆਹਲਾ ਅਫਸਰ ਥਾਣੇ ਬਾਘੇ ਪੁਰਾਣੇ ਆਏ। ਸਤਿਗੁਰੂ ਜੀ ਨੂੰ ਵੀ ਉੱਥੇ ਬੁਲਾਇਆ ਗਿਆ ਅਤੇ ਫਿਰ ਆਪ ਨਾਲ ਕਾਫੀ ਸੁਆਲ ਜੁਆਬ ਕਰਨ ਤੋਂ ਬਾਅਦ ਪੁਲੀਸ ਦੀ ਨਿਗਰਾਨੀ ਹੇਠ ਸਤਿਗੁਰੂ ਜੀ ਅਤੇ ਮੁਖੀ ਸਿੰਘਾਂ ਨੂੰ ਥਾਣਿਉਂ ਥਾਣੀ ੧੪ ਜੂਨ ਨੂੰ ਸ੍ਰੀ ਭੈਣੀ ਸਾਹਿਬ ਪੁਚਾਇਆ ਗਿਆ ਜਿੱਥੇ ਫਿਰ ਆਪ ੧੮੬੩ ਤੋਂ ੧੮੬੬ ਈ. ਤੱਕ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਜੂਹ ਬੰਦ ਕਰ ਦਿੱਤੇ ਗਏ ਅਤੇ ਬਿਨਾਂ ਸਰਕਾਰੀ ਮਨਜ਼ੂਰੀ ਤੋਂ ਕਿਤੇ ਵੀ ਆਪ ਦੇ ਜਾਣ ਤੇ ਰੋਕ ਲਾ ਦਿੱਤੀ ਗਈ। ਭਾਈ ਜੋਗਾ ਸਿੰਘ ਹੋਰਾਂ ਦੀ ਅਨੰਦ ਮਰਿਆਦਾ ਦੇ ਸਬੰਧ ਵਿਚ ਮਿਲਦੀ ਵਿਆਪਕ ਭੂਮਿਕਾ ਦਾ ਉਲੇਖ ਸਤਿਗੁਰੂ ਬਿਲਾਸ ਵਿਚ ਇਉਂ ਮਿਲਦਾ ਹੈ।

"ਪਿੰਡ ਖੋਟਿਆਂ ਦੇ ਬ੍ਰਾਹਮਣਾਂ ਨੇ ਸਰਕਾਰੇ ਅਰਜੀ ਜਾਇ ਦਿੱਤੀ ਇਕੱਠੇ ਹੋ ਕੇ, ਸਲਾਹ ਕਰਕੇ ਕਿ ਜੋ ਨਵਾਂ ਪੰਥ ਪੈਦਾ ਹੋਇਆ ਹੈ ਸੋ ਸਾਨੂੰ ਮਾਰਦੇ ਹੈ ਅਤੇ ਬੇਦ ਰੀਤੀ ਬੰਦ ਕਰ ਦਿੱਤੀ ਹੈ। ਅੱਗੇ ਸਾਨੂੰ ਵਿਆਹ ਸ਼ਾਦੀ ਪਰ ਬੁਲਾਉਂਦੇ ਸੇ, ਸੋ ਏਨਾਂ ਸਾਨੂੰ ਬੰਦ ਕਰ ਦੀਆ ਹੈ। ਸਾਕ ਅੰਗ ਕੋ ਭੀ ਨਹੀਂ ਜਾਣਦੇ, ਸਿੰਘ ਹੋਵੇ ਭਾਵੇਂ ਕੋਈ ਹੋਵੇ। ਔਰ ਏਨ੍ਹਾਂ ਨੇ ਦੇਸ਼ ਵਿਗਾੜ ਦੀਆ ਹੈ। ਫਰੰਗੀ ਨੇ ਥਾਣੇਦਾਰ ਭੇਜਿਆ। ਗੁਰੂ ਜੀ ਕੋ ਕਹਿਣੇ ਲੱਗਾ ਜੀ ਆਪ ਕੋ ਅੰਗ੍ਰੇਜ਼ ਨੇ ਸੱਦਿਆ ਹੈ। ਬਾਘੇ ਪੁਰਾਣੇ ਮੇਂ ਉਤਰਿਆ ਹੋਇਆ ਹੈ।

"ਸ੍ਰੀ ਸਤਿਗੁਰੂ ਜੀ ਤੁਰ ਪਏ। ਰਸਤੇ ਮੇਂ ਜੋਗਾ ਸਿੰਘ ਨੂੰ ਕਹਾ ਕਿ ਤੂੰ ਕਹਿਣਾ ਕਿ ਮੈਂ ਸੱਦੇ ਹੈਂ। ਖੋਟਿਆਂ ਵਾਲੇ (ਸਮੁੰਦ ਸਿੰਘ) ਕੋ ਕਹਾ ਕਿ ਤੂੰ ਕਹਿ ਦੇਵੀਂ ਕਿ ਜੋਗਾ ਸਿੰਘ ਕੋ ਦੇਖ ਕੇ ਮੈਂ ਬੀ ਅਨੰਦ ਪੜ੍ਹਾਇਆ ਹੈ। ਬਾਘੇ ਪੁਰਾਣੇ ਵਾਲੇ ਫਰੰਗੀ ਨੇ ਜੋਗਾ ਸਿੰਘ ਕੋ ਕਹਾ ਕਿ ਤੁਸੀਂ ਏਨ੍ਹਾਂ (ਸਤਿਗੁਰਾਂ) ਨੂੰ ਮੰਨੋ ਅਤੇ ਬ੍ਰਾਹਮਣਾਂ ਨੂੰ ਵੀ ਕੁਝ ਦੇਵੋ। ਜੋਗਾ ਸਿੰਘ ਨੇ ਕਹਾ ਕਿ ਪਾਂਚ ਘੁਮਾ ਮੇਰੀ ਜ਼ਮੀਨ ਹੈ ਉਸਕਾ ਤੁਸੀਂ ਮਾਮਲਾ ਛੱਡ ਦਿਓ ਤਾਂ ਮੈਂ ਬ੍ਰਾਹਮਣਾਂ ਨੂੰ ਦੇਂਦਾ ਹਾਂ। ਫਰੰਗੀ ਨੇ ਕਹਾ ਅੱਛਾ ਮੈਂ ਖਾਣਾ ਖਾ ਆਵਾਂ। ਵਾਪਸ ਆ ਕੇ ਫਰੰਗੀ ਨੇ ਬ੍ਰਾਹਮਣਾ ਕੋ ਕਹਾ ਕਿ ਲਿਆਓ ਵਹੀ ਜੇਹੜੀ ਪਰ ਤੁਮ੍ਹਾਰਾ ਲੈਣਾ ਲਿਖਾ ਹੈ। ਬ੍ਰਾਹਮਣ ਬੋਲੇ ਵਹੀ ਤਾਂ ਨਹੀਂ ਹੈ ਸਾਡਾ ਤਾਂ ਪੁੰਨ ਹੀ ਹੈ। ਉਸੀ ਵਕਤ ਫਰੰਗੀ ਨੇ ਕਹਾ ਪੁੰਨ ਅਦਾਲਤ ਮੇਂ ਨਹੀਂ ਲਿਖਾ ਹੈ। ਕੋਈ ਪਾਂਚ ਸੌ ਲਵੇ ਕੋਈ ਨਾ ਲਵੇ। ਕੋਈ ਅਨੰਦ ਪੜ੍ਹਾਏ ਕੋਈ ਵਿਆਹ ਕਰੇ, ਚਾਹੇ ਆਪਣੀ ਮਰਜੀ ਸੇ ਕੁਛ ਕਰੇ ਕੁਛ ਨਾ ਕਰੇ। ਉਸੀ ਵਕਤ ਬ੍ਰਾਹਮਣਾਂ ਕੋ ਕਹਾ ਕਿ ਜਾਓ ਅਰਜੀ ਖਾਰਜ। ਜੋਗਾ ਸਿੰਘ ਨੇ ਕਹਾ ਕਿ ਸਾਡੀ ਅਦਾਲਤ ਨਹੀਂ ਹੋਈ ਹੈ। ਅੱਜ ਤਾਂ ਏਨ੍ਹਾਂ ਅਰਜ਼ੀ ਪਾਈ ਹੈ। ਖਾਲਸੇ ਕੀ ਰੀਤੀ ਅਨੰਦ ਕੀ ਹੈ ਕਿਉਂਕਿ ਖਾਲਸਾ ਜੋ ਤੀਸਰਾ ਪੰਥ ਹੈ ਸੋ ਨਿਆਰਾ ਹੀ ਹੈ। ਕਲ ਕੋ ਸਾਡੇ ਗਲੇ ਕੋਈ ਬ੍ਰਾਹਮਣ ਪੈ ਕੇ ਮਰ ਜਾਵੇਗਾ ਫੇਰ ਸਰਕਾਰ ਸਾਡੇ ਨਾਉਂ ਲਾਵੇਗੀ। ਫੇਰ ਸਾਨੂੰ ਨਾ ਕਹੇ ਸਰਕਾਰ। ਉਸੀ ਵਕਤ ਫਰੰਗੀ ਨੇ ਲਿਖ ਲਿਆ ਜੋ ਕੁਝ ਜੋਗਾ ਸਿੰਘ ਨੇ ਕਹਾ ਸੀ। ਕੰਮ ਫੜ੍ਹੇ ਹੋ ਗਿਆ ਹੈ। ਫਰੰਗੀ ਨੇ ਹੱਥ ਜੋੜ ਕੇ ਕਹਾ, ਬਾਬਾ ਸਾਹਿਬ ਜੀ ਆਪ ਘਰ ਕੋ ਚਲੇ ਜਾਓ ਰੌਲਾ ਬਹੁਤ ਪੈ ਗਿਆ ਹੈ। ਮੇਨੂੰ ਨਮੋਸ਼ੀ ਆਉਂਦੀ ਹੈ। ਫਰੰਗੀ ਨੇ ਥਾਣੇਦਾਰ ਕੋ ਕਹਾ ਕਿ ਬਾਬਾ ਸਾਹਿਬ ਕੋ ਭੈਣੀ ਛੋਡ ਆਊ। ਸਤਿਗੁਰੂ ਜੀ ਨੂੰ ਠਾਣੇ ਠਾਣੀ ਭੈਣੀ ਸਾਹਿਬ ਪਹੁੰਚਾਇ ਦੀਆ।

"ਸ੍ਰੀ ਸਤਿਗੁਰੂ ਜੀ ਰਾਮਦਾਸਪੁਰੇ ਆਏ। ਸਿੰਘਾਂ ਨੇ ਬੜੀ ਖੁਸ਼ੀ ਮਨਾਈ। ਜੋਗਾ ਸਿੰਘ ਕੋ ਸਤਿਗੁਰੂ ਜੀ ਹੁਕਮ ਦਿੱਤਾ ਕਿ ਤੂੰ ਜਾ ਧੂੜਕੋਟ ਕੋ। ਉਸ ਇਲਾਕੇ ਕੇ ਜੋ ਨਾਮਧਾਰੀ ਹੈ ਸੋ ਉਨ੍ਹਾਂ ਕੇ ਘਰੀਂ ਗ੍ਰੰਥ ਸਾਹਿਬ ਕਾ ਭੋਗ ਪਵਾਓ ਅਤੇ ਸ਼ਬਦ ਕੀਰਤਨ ਕਰਿਆ ਕਰੋ। ਜੋਗਾ ਸਿੰਘ ਚਲਿਆ ਗਿਆ। ਜਾਇਕੇ ਸਿੱਖਾਂ ਦੇ ਘਰੀਂ ਪਾਠ ਖੁਲਾਇ ਦਿੱਤੇ ਤੇ ਭੋਗ ਪਵਾਏ। ਦੋਨੋਂ ਵਕਤ ਦੀਵਾਨ ਲਾਵਣਾਂ ਸ਼ੁਰੂ ਕੀਤਾ। ਜੋ ਆਂਵਦਾ ਹੈ ਸੋ ਭਜਨ ਲੈ ਕੇ ਤ੍ਰਿਪਤ ਹੋਏ ਜਾਂਦਾ ਹੈ।"[6]

ਸੋ ਇਹ ਸਾਰੀ ਵਾਰਤਾਲਾਪ ਅਤੇ ਘਟਨਾਕ੍ਰਮ ਦੱਸਦਾ ਹੈ ਕਿ ਭਾਈ ਜੋਗਾ ਸਿੰਘ ਦੀ ਬੁੱਧ ਬਿਬੇਕ ਅਤੇ ਤਰਕ ਸ਼ਕਤੀ ਦੇ ਅੱਗੇ ਬ੍ਰਾਹਮਣਾਂ ਦੀ ਹੁਣ ਹੋਰ ਲੰਮਾਂ ਸਮਾਂ ਆਪਣੇ ਕਰਮ ਕਾਂਡ ਦੁਆਰਾ ਸਿੱਖਾਂ ਦੇ ਸਿਰ ਤੇ ਪਲਣ ਦੀ ਦਾਲ ਨਾ ਗਲੀ ਅਤੇ ਡਿਪਟੀ ਕਮਿਸ਼ਨਰ ਫੀਰੋਜ਼ਪੁਰ ਮਿਸਟਰ ਥਾਮਸ ਨੇ ਖੋਟੇ ਪਿੰਡ ਵਿਚ ਜਾ ਕੇ ਵੀ ਲੰਬੜਦਾਰਾਂ ਆਦਿਕ ਦੇ ਬਿਆਨ ਇਸ ਨਵੀਂ ਘਟਨਾ ਬਾਰੇ ਕਲਮਬੰਦ ਕੀਤੇ। ਸਰਕਾਰ ਬੇਸ਼ਕ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸੁਧਾਰ ਦੇ ਕਾਰਜ ਕਰਮਾਂ ਦੇ ਵਿਚੋਂ ਵੀ ਰਾਜ ਧਰੋਹ ਨੂੰ ਸੁੰਘਣ ਦੀ ਕੋਸ਼ਿਸ਼ ਕਰ ਰਹੀ ਸੀ ਕਿਉਂਕਿ ਇਸ ਤਰ੍ਹਾਂ ਦੀ ਮਹਾਨ ਸ਼ਖਸ਼ੀਅਤ ਦੇ ਪ੍ਰਭਾ ਮੰਡਲ ਦੇ ਗਿਰਦ ਘੁੰਮਣ ਵਾਲੀ ਜਥੇਬੰਦੀ ਤੋਂ ਜਿਸਦੇ ਅਨੁਆਈਆਂ ਦੀ ਗਿਣਤੀ ਵੀ ਲਗਾਤਾਰ ਵੱਧ ਰਹੀ ਹੋਵੇ ਰਾਜ ਸੱਤਾ ਲੰਮਾਂ ਸਮਾਂ ਬੇਖ਼ਬਰ ਨਹੀਂ ਰਹਿ ਸਕਦੀ ਪਰ ਫਿਰ ਵੀ ਅਜੇ ਉਸਦੀਆਂ ਨਜ਼ਰਾਂ ਵਿਚ ਕੂਕਿਆਂ ਵਿਰੁੱਧ ਵੱਡੀ ਕਾਰਵਾਈ ਦਾ ਉਪਯੁਕਤ ਸਮਾਂ ਨਹੀਂ ਸੀ ਆਇਆ। ਭਾਵੇਂ ਸਤਿਗੁਰੂ ਜੀ ਨੂੰ ਅਗਲੇ ੩-੧/੨ ਸਾਲ ਦੇ ਲਗਭਗ (੧੮੬੩-੬੬) ਸ੍ਰੀ ਭੈਣੀ ਸਾਹਿਬ ਵਿਚ ਨਜ਼ਰਬੰਦੀ ਵਾਲੀਆਂ

* ਇਖ- ਕਮਾਦ ਧਾਮਣ- ਇਕ ਲੰਬੇ ਕੱਦ ਵਾਲਾ ਘਾਹ

ਹਾਲਤਾਂ ਵਿਚ ਰਹਿਣਾ ਪਿਆ ਸੀ ਇਸੇ ਲਈ ਆਪ ਨੇ ਭਾਈ ਜੋਗਾ ਸਿੰਘ ਨੂੰ ਹੁਣ ਆਪਣੇ ਪਿੰਡ ਅਤੇ ਆਸ ਪਾਸ ਦੇ ਇਲਾਕੇ ਵਿਚ ਪੰਥਕ ਪਰਚਾਰ ਦੀ ਵਾਗਡੋਰ ਸੌਂਪ ਕੇ ਭੈਣੀ ਸਾਹਿਬ ਤੋਂ ਪਿੰਡ ਭੇਜ ਦਿੱਤਾ ਸੀ, ਜਿਸ ਕੰਮ ਨੂੰ ਨਜ਼ਰਬੰਦੀ ਵਾਲੀ ਅਵਧੀ ਦੌਰਾਨ ਜੋਗਾ ਸਿੰਘ ਹੋਰਾਂ ਬਖੂਬੀ ਨਿਬਾਹਿਆ।

ਜੋਗਾ ਸਿੰਘ ਜੀ ਦੀ ਪੁੱਤਰੀ ਦੀ ਸ਼ਾਦੀ ਕੂਕਿਆਂ ਦੇ ਪ੍ਰਸਿੱਧ ਗੜ੍ਹ, ਦੁਆਬੇ ਦੇ ਮਸ਼ਹੂਰ ਪਿੰਡ ਮੁਠੱਡੇ, ਜਿਸ ਨੂੰ ਸ੍ਰੀ ਭੈਣੀ ਸਾਹਿਬ ਦੀ ਡਿਊਢੀ ਹੋਣ ਦਾ ਮਾਣ ਸਤਿਕਾਰ ਮਿਲਿਆ ਸੀ, ਵਿਖੇ ਹੋਇਆ ਸੀ। ਇਸ ਵੇਰਵੇ ਲਈ ਅਸੀਂ ਮੁਠੱਡੇ ਪਿੰਡ ਦੇ ਪ੍ਰਤਿਭਾਸ਼ਾਲੀ ਦੋਹਤਰੇ, ਪ੍ਰਸਿੱਧ ਕੂਕਾ ਕਲਮਕਾਰ, ਆਗੂ ਤੇ ਬੁਲਾਰੇ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੀ ਰਚਨਾ ਦੇ ਆਭਾਰੀ ਹਾਂ :-

"ਮਧੇ ਤੋਂ ਨੰਗਲ ਵਿਚ ਦੀ, ਲੋਪੋ ਬੱਧਣੀ ਕੋਲ
ਧੂੜਕੋਟੀਏ ਸਦ ਲਏ, ਖੋਟੀ ਸਤਿਗੁਰ ਬੋਲ
ਜੋਗਾ ਸਿੰਘ ਧੂੜਕੋਟੀਏ, ਗੁਰ ਚਰਨਾਂ ਦੇ ਦਾਸ
ਬੀਬੀ ਮੰਗੀ ਸੀ ਇਹਨਾਂ ਪਿੰਡ ਮਠੱਡੇ ਖਾਸ
ਫ਼ਤਹ ਸਿੰਘ ਸਰਦਾਰ ਦਾ, ਵਡਿਓਂ ਨਿਕਾ ਪੁੱਤ
ਵੀਰ ਸਿੰਘ ਸੀ ਨਾ ਉਸ, ਸਿਖੀ ਦਾ ਸੀ ਬੁੱਤ

....

ਹੁਕਮ ਹੋਇਆ ਸੀ ਇਨ੍ਹਾਂ ਨੂੰ, ਆਓ ਖੋਟੀਂ ਚੱਲ
ਵੀਰ ਸਿੰਘ ਦੇ ਵਿਆਹ ਦੀ, ਬਣੂਗੀ ਉਥੇ ਗੱਲ

....

ਬੀਬੀ ਜੋਗਾ ਸਿੰਘ ਜੀ, ਆਂਦੀ ਕਰ ਸੰਭਾਲ
ਖੋਟੀਂ ਹੋਇਆ ਅਨੰਦ ਜਿਸ, ਵੀਰ ਸਿੰਘ ਦੇ ਨਾਲ
ਸਭ ਤੋਂ ਪਹਿਲਾਂ ਇਹ ਸੀ, ਗੁਰੂਮਤ ਦਾ ਵਿਆਹ
ਰੀਤ ਚਲਾਈ ਧਰਮ ਦੀ, ਸਤਿਗੁਰੂ ਸ਼ਾਹਨਸ਼ਾਹ
ਇਸ ਤੋਂ ਪਹਿਲਾਂ ਕਿਸੇ ਦਾ, ਹੋਇਆ ਨਹੀਂ ਅਨੰਦ
ਗੁਰੂ ਮਤ ਪ੍ਰਾਰੰਭ ਕਰ, ਮਨ ਮਤ ਕੀਤੀ ਬੰਦ"[7]

ਹੁਸ਼ਿਆਰਪੁਰ ਦੇ ਕਾਰਜਕਾਰੀ ਪੁਲੀਸ ਕਪਤਾਨ ਦੀ ਕੂਕਾ ਮੁਖੀਆਂ ਵਾਲੀ ਲਿਸਟ ਵਿਚ, ਜੋਗਾ ਸਿੰਘ ਹੋਰਾਂ ਨੂੰ ਨਾਇਬ ਦੀ ਥਾਂ ਪੂਰਾ ਸੂਬਾ ਲਿਖਿਆ ਹੈ ਪਿੰਡ ਤੇ ਪਿਤਾ ਦਾ ਨਾਂ ਗਲਤ ਲਿਖਿਆ ਹੈ ਥਾਣਾ ਜ਼ਿਲ੍ਹਾ ਠੀਕ ਹੈ। ਆਖਰੀ ਖਾਨੇ ਵਿਚ ਇਹ ਮਹੱਤਵਪੂਰਨ ਟਿੱਪਣੀ ਹੈ ਕਿ ਉਸਦਾ ਕੋਈ ਪੱਕਾ ਟਿਕਾਣਾ ਨਹੀਂ। ਉਹ ਕੂਕਾ ਮੱਤ ਦਾ ਪਰਚਾਰ ਕਰਨ ਲਈ ਲਗਾਤਾਰ ਚੱਲਦਾ ਫਿਰਦਾ ਰਹਿੰਦਾ ਹੈ। ਕੂਕਾ ਬਣਨ ਤੋਂ ਪਹਿਲਾਂ ਉਹ ਉਦਾਸੀ ਫਕੀਰ ਸੀ।[8] ਸੂਫੀ ਕਵੀ ਸਰਮੱਦ ਦਾ ਇਕ ਸ਼ੇਅਰ ਇਸ ਭਾਵ ਦਾ ਹੈ ਕਿ ਜਿਸ ਦੀਵੇ ਦੀ ਬਤੀ ਪਹਿਲਾਂ ਜਲੀ ਹੋਈ ਹੋਵੇ ਉਸਨੂੰ ਦੁਬਾਰਾ ਸੌਖਿਆਂ ਬਾਲਿਆ ਜਾ ਸੱਕਦਾ ਹੈ। ਨਾਮਧਾਰੀ ਆਗੂਆਂ ਵਿਚ ਉਦਾਸੀ ਭੇਖ ਵਿਚ ਵਿਚਰਨ ਵਾਲੇ ਮਹਾਂਪੁਰਖ ਚੋਖੀ ਗਿਣਤੀ ਵਿਚ ਆਏ ਸਨ। ਜੋਗਾ ਸਿੰਘ ਨਿਰਾ ਫਕੀਰ ਨਹੀਂ ਸੀ, ਉਹਦਾ ਪਿੰਡ ਪੀਹੜ ਵੀ ਹੈ ਸੀ ਅਤੇ ਭੋਇੰ ਭਾਂਡਾ ਵੀ। ਇਹ ਵੱਖਰੀ ਗੱਲ ਹੈ ਕਿ ਆਪਣੇ ਪੰਥ ਦੇ ਪਰਚਾਰ ਵਾਸਤੇ ਉਹ ਜਨੂਨ ਦੀ ਹੱਦ ਤੱਕ ਸਮਰਪਤ ਸੀ ਅਤੇ ਅੱਜ ਇਸ ਪਿੰਡ ਕੱਲ੍ਹ ਉਸ ਪਿੰਡ, ਇਸ ਤਰ੍ਹਾਂ ਉਹਨੂੰ ਨਿੱਤ ਨਵੇਂ ਪਿੰਡ ਵਿਚ ਵੇਖਣ ਵਾਲੇ ਸਰਕਾਰੇ ਸੂਹੀਏ ਉਸਨੂੰ 'ਘੁਮੰਤੂ ਫਕੀਰ' ਹੋਣ ਦਾ ਭੁਲੇਖਾ ਖਾ ਬੈਠੇ ਹੋਣ। ਉਪਰ ਉਹਨਾਂ ਦੇ ਭੂਸਵਾਮੀ ਹੋਣ ਦਾ ਵੀ ਜ਼ਿਕਰ ਆ ਚੁੱਕਾ ਹੈ। ਸਤਿਗੁਰੂ ਜੀ ਦਾ ਵਿਸ਼ਵਾਸ ਪਾਤਰ ਹੈ ਅਤੇ ਆਪਣੀ ਨਜ਼ਰਬੰਦੀ ਤੋਂ ਬਾਅਦ ਉਹਨਾਂ ਨੇ ਮਾਲਵੇ ਖਿੱਤੇ ਵਿਚ ਹੋਰ ਸੂਬਿਆਂ ਦੇ ਨਾਲ ਨਾਲ ਆਪ ਨੂੰ ਵੀ ਮਹੱਤਵਪੂਰਨ ਜ਼ਿੰਮੇਵਾਰੀਆਂ ਸਮੇਂ ਸਮੇਂ ਸਿਰ ਸਉਂਪ ਦਿੱਤੀਆਂ ਸਨ। ਅਨੰਦਪੁਰ ਸਾਹਿਬ ਦੇ ਦੂਸਰੇ ਹੋਲੇ ਮਾਰਚ ੧੮੭੦ ਸਮੇਂ ਵੀ ਭਾਈ ਜੋਗਾ ਸਿੰਘ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੀ। ਉਥੋਂ ਵਾਪਸੀ ਤੇ ਮੈਨ ਦੁਆਬ ਦਾ ਦੌਰਾ ਕਰਦੇ ਹੋਏ ਅੰਬਾਲੇ ਸ਼ਹਿਰ ਵਿਚੋਂ ਹੋ ਕੇ ਫਿਰ ਸਰਹਿੰਦ ਪੁੱਜਦੇ ਹਨ। ਕਿਉਂਕਿ ਦਸਵੇਂ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦੇ ਜ਼ਾਲਮ ਹਕੂਮਤ ਨੇ ਇੱਥੇ ਬੇਦਰਦੀ ਨਾਲ ਸ਼ਹੀਦ ਕੀਤੇ ਸਨ, ਇਸ ਲਈ ਪੁਰਾਣੇ ਸਿੱਖ ਸਰਹਿੰਦ ਨੂੰ "ਗੁਰੂ ਮਾਰੀ" ਕਹਿੰਦੇ ਸਨ। 'ਸਰਹਿੰਦ' ਨਾਂ ਆਪਣੇ ਹੋਠਾਂ ਤੇ ਲਿਆਉਣਾ ਪਾਪ ਸਮਝਦੇ ਸਨ। ਸਿੱਖਾਂ ਵਿਚ ਇਹ ਮਨਾਉਤ ਵੀ ਪ੍ਰਸਿੱਧ ਹੈ ਕਿ ਛੋਟੇ ਬੱਚਿਆਂ ਦੀ ਸ਼ਹੀਦੀ ਦੇ ਪ੍ਰਤੀਕਰਮ ਵਜੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ ਇਸ ਪਾਪੀ ਨਗਰੀ ਦੀ ਛੇਤੀ ਇੱਟ ਨਾਲ ਇੱਟ ਖੜਕਾਈ ਜਾਏਗੀ ਅਤੇ ਇਸਦੀਆਂ ਇੱਟਾਂ ਸਤਿਲੁਜ ਤੋਂ ਪਾਰ ਜਾਣਗੀਆਂ। ਛੇਤੀ ਬਾਅਦ ਵਿਚ ਬੰਦਾ ਬਹਾਦੁਰ ਦੀ ਅਗਵਾਈ ਵਿਚ ਸਿੰਘਾਂ ਨੇ ਵਜ਼ੀਰ ਖਾਨ ਸੂਬਾ ਸਰਹਿੰਦ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹਿਰ ਨੂੰ ਲੁੱਟ ਪੁੱਟ ਕੇ ਤਹਿ ਤੇਗ ਕਰ ਦਿੱਤਾ ਸੀ। ਜਦੋਂ ਨਵੀਂ ਰੇਲਵੇ ਲਾਈਨ ਬਣ ਰਹੀ ਸੀ ਤਾਂ ਇੱਟਾਂ ਵੀ ਸਤਿਲੁਜੋਂ ਪਾਰ ਪੁਚਾਈਆਂ ਜਾਣ ਲੱਗੀਆਂ। ਇਸੇ ਪੁਰਾਣੀ ਸਿੱਖ ਰਵਾਇਤ ਦੀ ਪੂਰਤੀ ਸਤਿਗੁਰੂ ਜੀ ਭਾਈ ਜੋਗਾ ਸਿੰਘ ਦੇ ਮਾਧਿਅਮ ਨਾਲ ਕਰ ਰਹੇ ਹਨ-"ਗੁਰੂ ਮਾਰੀ ਆਏ। ਹੁਕਮ ਦਿੱਤਾ ਕਿ ਸਭ ਸਿੰਘ ਇੱਟਾਂ ਚੁੱਕਣ ਸਤਿਲੁਜ ਮੈ ਸਿਟਣੇ ਕਾ ਹੁਕਮ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ। ਸਿੰਘਾਂ ਨੇ ਚੁੱਕੀਆਂ ਪਰ ਕਈਆਂ ਨੇ ਸੁੱਟ ਦਿੱਤੀਆਂ। ਰਾਮਦਾਸਪੁਰੇ ਸਾਹਿਬ ਆਇ ਗਏ। ਅਗਲੇ ਦਿਨ ਹੁਕਮ ਦਿੱਤਾ ਕਿ ਦਰਿਆਇ ਸਤਿਲੁਜ ਪਰ ਚੱਲਾਂਗੇ। ਅਸਵਾਰ ਹੋਇਕੇ ਤੁਰੇ। ਸਤਿਲੁਜ ਪਰ ਜਾਇਕੇ ਬਚਨ ਕੀਤਾ ਲਿਆਓ

ਖਾਲਸਾ ਜੀ ਇੱਟਾਂ ਜੋ ਆਪ ਕੋ ਸਰਹੰਦ ਆਖਿਆ ਸੀ ਕਿ ਇੱਟਾਂ ਚੁੱਕ ਕੇ ਲੈ ਚਲੋ ਸਤਿਲੁਜ ਮੈਂ ਸਿੱਟਣੀਆਂ ਹੈ। ਲਿਆਓ ਸਿੱਟੀਏ। ਕਈਆਂ ਨੇ ਆਖਿਆ ਜੀ ਮੈਂ ਰਾਮਦਾਸਪੁਰੇ ਭੁੱਲ ਆਇਆ ਹਾਂ। ਜੋਗਾ ਸਿੰਘ ਨੇ ਛੇ ਇੱਟਾਂ ਕੱਢ ਕੇ ਅੱਗੇ ਰੱਖੀਆਂ। ਗੁਰੂ ਜੀ ਪ੍ਰਸੰਨ ਹੋਇਕੇ ਸ਼ਤਾਬੀ ਨਾਲ ਬਚਨ ਕੀਤਾ ਏਹੁ ਤਾਂ ਰੰਗ ਲਗਾਇ ਦਿੱਤਾ ਹੈ। ਬਚਨ ਮੰਨਣਾ ਏਸ ਕਾ ਨਾਮ ਹੈ। ਗੁਰੂ ਜੀ ਇੱਟਾਂ ਚੁੱਕ ਕੇ ਜ਼ੋਰ ਨਾਲ ਦਰਿਆ ਕੇ ਬੀਚ ਸੁੱਟ ਦਿੱਤੀਆਂ। ਬਚਨ ਕੀਤਾ ਪੱਟੀ ਸਰਹੰਦ ਕੀ ਜੜ੍ਹ। ਦੋ ਇੱਟਾਂ ਹੋਰ ਸੁੱਟ ਕੇ ਭੀ ਏਹੀ ਬਚਨ ਕੀਤਾ। ਜੋਗਾ ਸਿੰਘ ਤੇ ਬੀ ਦੋ ਇੱਟਾਂ ਸੁਟਵਾਈਆਂ। ਬਚਨ ਕੀਤਾ ਹੁਣ ਅੱਛੀ ਤਰ੍ਹਾਂ ਜੜ੍ਹਾਂ ਪੱਟੀਆਂ ਹੈਨ ਸਰਹੰਦ ਕੀਆਂ। ਉਹ ਬਚਨ ਕੋਹਣੇ ਸੇ ਤੀਸਰੇ ਮਹੀਨੇ ਢਾਹ ਢਾਹ ਸਰਹੰਦ ਕੋ ਰੋੜਾ ਪੈਣ ਲੱਗ ਪਿਆ ਰੇਲ ਕੀ ਸੜਕ ਪਰ।"9

ਰਾਇਕੋਟ ਬੁੱਚੜ ਬੱਧ ਦੇ ਸਾਕੇ ਵਿਚ ਪੰਜਾਬ ਸਰਕਾਰ ਦੀ ਯੋਜਨਾ ਸਤਿਗੁਰੂ ਜੀ ਨੂੰ ਇਸ ਵਿਚ ਉਲਝਾਉਣ ਦੀ ਸੀ ਤਾਂਕਿ ਉਹ ਕਈ ਸਾਲਾਂ ਤੋਂ ਚਿਤਵੀ ਹੋਈ ਆਪ ਜੀ ਦੇ ਦੇਸ਼ ਨਿਕਾਲੇ ਦੀ ਯੋਜਨਾ ਨੂੰ ਸਿਰੇ ਚਾਹੜ੍ਹ ਕੇ ਕੂਕਾ ਲਹਿਰ ਅਤੇ ਪੰਜਾਬ ਦੇ ਦੇਸ਼ ਭਗਤ ਲੋਕਾਂ ਨੂੰ ਆਪਦੀ ਸੁਯੋਗ ਅਗਵਾਈ ਤੋਂ ਨਿਖੇੜ ਸੱਕਣ। ਇਸ ਕੰਮ ਲਈ "ਗੁਲਾਬੂ, ਕਾਹਨਾ ਤੇ ਦੱਲੂ" ਨੂੰ ਇਸ ਕੇਸ ਵਿਚੋਂ ਰਿਆਇਤ ਦੇ ਲਾਰੇ ਤੇ ਸਤਿਗੁਰੂ ਜੀ ਦੇ ਵਿਰੁੱਧ ਭੁਗਤਾਇਆ ਵੀ ਗਿਆ ਸੀ। ਸੋ ਆਪ ਜੀ ਦੀ ਪੁਛ ਗਿਛ ਕਰਨ ਲਈ ਅੰਗਰੇਜ਼ ਅਧਿਕਾਰੀਆਂ ਨੇ ਆਪ ਨੂੰ ਬੱਸੀਆਂ ਦੀ ਕੋਠੀ (ਨਜ਼ਦੀਕ ਰਾਇਕੋਟ) ਸੱਦ ਭੇਜਿਆ ਸੀ। ਸਤਿਗੁਰੂ ਜੀ ੨੮ ਜੁਲਾਈ ੧੮੭੧ ਨੂੰ ੩੬ ਸਿੰਘਾਂ ਸਮੇਤ, ਜਿਹਨਾਂ ਵਿਚੋਂ ੧੦ ਘੋੜ ਸਵਾਰ ਵੀ ਸਨ, ਇੱਥੇ ਪੁੱਜੇ ਅਤੇ ਮੁਖਬਰਾਂ ਦੇ ਝੂਠਾ ਪਰਦਾ ਫਾਸ਼ ਕੀਤਾ। ਇਹਨਾਂ ਮੁੱਖੀ ਸਿੰਘਾਂ ਵਿਚ ਭੀ ਭਾਈ ਜੋਗਾ ਸਿੰਘ ਜੀ ਸ਼ਾਮਲ ਸਨ ਇਸ ਦਾ ਸਬੂਤ ਸਾਡਾ ਪਹਿਲਾ ਇਤਿਹਾਸਕਾਰ ਇਉਂ ਦਿੰਦਾ ਹੈ – "ਬੱਸੀਆਂ ਸੇ ਕਮਾਲਪੁਰ ਆਏ। ਦੀਨ ਦਿਆਲ ਜੀ ਬਚਨ ਕੀਤਾ ਜੇਕਰ ਮੈਨੂੰ ਹੱਥ ਪਾਵਣ ਲੈ ਜਾਵਣ ਤਾਂ ਤੁਸੀਂ ਕੁਝ ਕਰੋਗੇ। ਜੋਗਾ ਸਿੰਘ ਨੇ ਕਹਾ ਕਿ ਜੀ ਸਾਡੇ ਜਿਉਂਦਿਆਂ ਹੀ ਕਿਵੇਂ ਲੈ ਜਾਣਗੇ? ਏਕ ਸਿੰਘ ਨੇ ਕੋਲੋਂ ਕਹਾ ਜੀ ਜੇਕਰ ਤੁਹਾਡੇ ਹੁੰਦਿਆਂ ਨਾ ਕੁਝ ਹੋਇਆ ਤਾਂ ਪਿੱਛੋਂ ਕੀ ਕਰ ਸਕਦੇ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਸਿੰਘ ਸੱਤ ਸੈ। ਫੇਰ ਬਚਨ ਕੀਤਾ ਸਿੰਘ ਪੰਜ ਸੈ। ਫੇਰ ਬਚਨ ਕੀਤਾ ਸਿੰਘ ਇਕ।"10 ਇੱਥੇ ਸਤਿਗੁਰੂ ਜੀ ਦਾ ਭਾਵ ਸੀ ਕਿ ਕਿਸੇ ਵੀ ਮੁਹਿੰਮ ਦਾ, ਲਹਿਰ ਦਾ, ਸੈਨਾ ਦੀ ਗਿਣਤੀ ਬੇਸ਼ਕ ਕਿੰਨੀ ਹੋਵੇ ਪਰ ਉਸਦਾ ਸੁਪਰੀਮ ਕਮਾਂਡਰ ਇਕ ਹੀ ਹੁੰਦਾ ਹੈ ਅਤੇ ਨਤੀਜੇ ਵੀ ਉਹੀ ਭੁਗਤਦਾ ਹੈ। ਆਪਣੀ ਭਾਵੀ ਹੋਣੀ ਨੂੰ, ਧਿਆਨ ਵਿਚ ਰੱਖਦਿਆਂ, ਸਤਿਗੁਰੂ ਜੀ ਆਪਣੇ ਸਿੰਘਾਂ ਨਾਲ ਆਉਣ ਵਾਲੇ ਵਕਤ ਬਾਰੇ ਇਉਂ ਟਿੱਪਣੀਆਂ ਕਰਿਆ ਕਰਦੇ ਸਨ।

ਇਸੇ ਤਰ੍ਹਾਂ ਮਲੇਰਕੋਟਲੇ ਹਮਲਾ ਕਰਨ ਤੋਂ ਪਹਿਲੀ ਸ਼ਾਮ ਦੇ ਘੁਸਮੁਸੇ ਵਿਚ ਸ਼ਹੀਦੀ ਦਲ ਦੇ ਸ. ਬਦਨ ਸਿੰਘ ਮਲੌਦ ਦੇ ਕਿਲੇ ਤੇ ਧਾਵਾ ਕਰਨ ਸਦਕਾ ਅਤੇ ਅਗਲੀਆਂ ਘਟਨਾਵਾਂ ਕਾਰਨ ਡੀ. ਸੀ. ਲੁਧਿਆਣਾ ਨੇ ਸਤਿਗੁਰੂ ਜੀ ਨੂੰ ਮਲੌਦ ਸੱਦ ਭੇਜਿਆ। ਇਸ ਸਮੇਂ ੧੬ ਜਨਵਰੀ ਦੀ ਸ਼ਾਮ ਨੂੰ ਜਿਹੜੇ ਪੰਜ ਮੁਖੀ ਸਿੰਘਾਂ ਸਮੇਤ ਇੱਥੇ ਪੁੱਜੇ ਉਹਨਾਂ ਵਿਚ ਜੋਗਾ ਸਿੰਘ ਵੀ ਸ਼ਾਮਲ ਸੀ।

ਜੋਗਾ ਸਿੰਘ ਧੂੜਕੋਟ ਕਾਬਲ ਵਾਲੇ ਸੂਬਾ ਬਿਸ਼ਨ ਸਿੰਘ ਦੇ ਵੀ ਸੰਪਰਕ ਵਿਚ ਰਿਹਾ ਸੀ ਜਿਸਨੂੰ ਉਹ ਪਹਿਲੀ ਵੇਰ ੧੮੬੭-੬੮ ਈ. ਵਿਚ ਜਦੋਂ ਉਹ ਸਤਿਗੁਰੂ ਰਾਮ ਸਿੰਘ ਜੀ ਨਾਲ ਹਜ਼ੂਰ ਸਾਹਿਬ ਗਿਆ ਸੀ ਉੱਥੇ ਮਿਲਿਆ ਸੀ ਅਤੇ ਦੁਬਾਰਾ ੧੮੭੦ ਈ. ਦੇ ਅਨੰਦਪੁਰ ਸਾਹਿਬ ਵਾਲੇ ਹੋਲੇ ਮਹੱਲੇ ਸਮੇਂ ਮਿਲਦਾ ਹੈ। ਇਹ ਸੂਚਨਾ ਜੋਗਾ ਸਿੰਘ ਧੂੜਕੋਟ ਦੇ ਬਿਆਨ ਤੇ ਆਧਾਰਿਤ ੨੮ ਅਗਸਤ ੧੮੮੦ ਈ. ਦੇ ਜ਼ਿਲ੍ਹਾ ਪੁਲੀਸ ਕਪਤਾਨ ਲੁਧਿਆਣਾ ਦੇ ਪੱਤਰ ਵਿਚ ਦਰਜ ਹੈ।12 ਗੁਰੂ ਬਾਲਕ ਸਿੰਘ ਜੀ ਦੇ ਚਲਾਣੇ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦਾ ਹਜ਼ੂਰ ਸਾਹਿਬ ਜਾਣ ਦਾ ਕੋਈ ਵਰਣਨ ਨਾ ਨਾਮਧਾਰੀ ਇਤਿਹਾਸ ਅਤੇ ਨਾ ਹੀ ਸਰਕਾਰੀ ਰੀਕਾਰਡ ਵਿਚ ਆਉਂਦਾ ਹੈ। ਜਾਂ ਭਾਈ ਜੋਗਾ ਸਿੰਘ ਨੂੰ ਵਰ੍ਹੇ ਦਾ ਟਪਲਾ ਲੱਗ ਗਿਆ ਹੋਵੇ। ਖੈਰ ਉਹ ਇਕ ਮਹੱਤਵਪੂਰਨ ਵਿਅਕਤੀ ਸੀ ਜੋ ਪਹਿਲੀ ਉਮਰੇ ਜਦੋਂ ਲਹਿਰ ਭਰ ਜੋਬਨ ਸੀ ਚੜ੍ਹਦੀ ਕਲਾ ਵਿਚ ਰਿਹਾ ਅਤੇ ਮਗਰਲੇ ਸਮੇਂ ਵਿਚ ਨਿਸ਼ਕ੍ਰਿਯ ਹੋਇਆ ਮਾਲੂਮ ਹੁੰਦਾ ਹੈ, ਕਿਉਂਕਿ ਨਾ ਹੀ ਉਹ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਰੰਗੂਨ ਜਾਣ ਦਾ ਉਪਰਾਲਾ ਕਰਦਾ ਹੈ ਨਾ ਹੀ ਸਤਿਗੁਰੂ ਜੀ ਕਿਸੇ ਹੁਕਮਨਾਮੇ ਵਿਚ ਉਸ ਦੀ ਪੁੱਛ ਪੜਤਾਲ ਕਰਦੇ ਹਨ। ਜਿਵੇਂ ਉਪਰ ਵਰਣਿਤ ਹੈ ਉਸਦਾ 'ਸੁਖ ਰਹਿਣਾ' ਸੁਭਾਅ ਵੀ ਉਸਨੂੰ ਸ਼ਾਂਤ ਹੋਣ ਤੇ ਮਜਬੂਰ ਕਰਦਾ ਹੋਵੇਗਾ। ਗੁਰੂ ਹਰੀ ਸਿੰਘ ਜੀ ਨੇ ੧੯੪੯ ਬਿਕਰਮੀ ਦੀ ਮਾਘੀ (ਮੁਤਾਬਿਕ ਜਨਵਰੀ ੧੮੯੩ ਈ.) ਸਮੇਂ ਮੁਕਤਸਰ ਜਾਣ ਲੱਗਿਆ ਮਾਲਵੇ ਦੇ ਵੱਡੇ ਹਿੱਸੇ ਦਾ ਦੌਰਾ ਕੀਤਾ ਸੀ। ਬਾਹੋਵਾਲ ਜੀ ਧੂੜਕੋਟ (ਫੀਰੋਜ਼ਪੁਰ) ਦੇ ਦੇਵਾ ਸਿੰਘ ਪੁੱਤਰ ਭਾਬਾ ਸਿੰਘ ਦੇ ਘਰ ਗੁਰੂ ਜੀ ਦੇ ਜਾਣ ਦਾ ਜ਼ਿਕਰ ਕਰਦੇ ਹਨ। ਜੋਗਾ ਸਿੰਘ ਹੋਰਾਂ ਦਾ ਕੋਈ ਜ਼ਿਕਰ ਨਹੀਂ ਮਿਲਦਾ।13 ਸੋ ਉਹ ਇਸ ਤੋਂ ਪਹਿਲਾਂ ਅਕਾਲ ਚਲਾਣਾ ਕਰ ਗਿਆ ਹੈ ਉਸਦੀ ਕੁੱਲ ਉਮਰ ਕਿਸੇ ਵੀ ਸੂਰਤ ੭੦ ਸਾਲ ਤੋਂ ਵੱਧ ਨਹੀਂ

ਬਣਦੀ। ਕਿਉਂਕਿ ੧੯੯੦ ਈ. ਦੇ ਰੀਕਾਰਡ ਵਿਚ ਉਸਦਾ ਜ਼ਿਕਰ ਹੈ। ਇਸ ਲਈ ਚਲਾਣੇ ਦਾ ਸਮਾਂ ੧੯੯੦ ਤੋਂ ੧੯੯੩ ਦੇ ਦਰਮਿਆਨ ਹੀ ਆਇਆ ਹੋਵੇਗਾ। ਖ਼ੈਰ ਕੁਝ ਵੀ ਹੋਵੇ ਔਰਤ ਜਾਤੀ ਦੇ ਬੰਧਨ ਮੁਕਤ ਕਰਨ ਵਾਲੇ ਕਾਰਜਾਂ ਦੁਆਰਾ ਜੋ ਸਤਿਗੁਰੂ ਜੀ ਨੇ ਵਿੱਢੇ ਸਨ, ਅਨੰਦ ਮਰਿਆਦਾ ਵਿਚ ਮੋਢੀਆਂ ਵਾਲੀ ਭੂਮਿਕਾ ਸਦਕਾ ਜੋਗਾ ਸਿੰਘ ਧੂੜਕੋਟ ਨੂੰ ਯਾਦ ਕੀਤਾ ਜਾਂਦਾ ਰਹੇਗਾ।

ਫੁੱਟ ਨੋਟ :-

1. ਸਤਿਗੁਰੂ ਬਿਲਾਸ ਭਾਗ ਪਹਿਲਾ-ਭਾਈ ਸੰਤੋਖ ਸਿੰਘ ਬਾਹੋਵਾਲ-ਸਫਾ ੧੭੨
2. ਉਹੀ-ਸਫਾ ੨੦੯
3. ਉਹੀ-ਸਫਾ ੨੧੦-੧੧
4. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-(ਸ. ਜਸਵਿੰਦਰ ਸਿੰਘ)-ਸਫਾ ੭੪-੭੫
5. ਸਤਿਗੁਰੂ ਬਿਲਾਸ ਭਾਗ ਪਹਿਲਾ-ਸਫਾ ੨੨੭-੨੮
6. ਉਹੀ-ਸਫਾ ੨੩੬-੩੭
7. ਮਾਲਵੇਂਦ੍ਰ-ਸੰਤ ਇੰਦਰ ਸਿੰਘ ਚਕ੍ਰਵਰਤੀ-ਸਫਾ ੧੬੨-੬੩
8. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ- (ਭਾਈ ਨਾਹਰ ਸਿੰਘ ਕਿਰਪਾਲ ਸਿੰਘ)-ਸਫਾ ੧੬੨-੬੩
9. ਸਤਿਗੁਰੂ ਬਿਲਾਸ ਭਾਗ ਪਹਿਲਾ-ਸਫਾ ੩੪੯-੫੦
10. ਉਹੀ-ਸਫਾ ੪੪੨
11. ਉਹੀ-ਸਫਾ ੪੭੧
12. ਕੂਕਾ ਮੂਵਮੈਂਟ (ਫਰੀਡਮ ਸਟਰੱਗਲ ਇਨ ਪੰਜਾਬ)-ਸ. ਜਸਵਿੰਦਰ ਸਿੰਘ-ਸਫਾ ੧੯੧
13. ਸਤਿਗੁਰੂ ਬਿਲਾਸ-ਭਾਗ ਦੂਜਾ-ਭਾਈ ਸੰਤੋਖ ਸਿੰਘ ਬਾਹੋਵਾਲ-ਸਫਾ ੧੬੧

ਪਿੰਡ ਤੇ ਡਾਕ
ਕਰੀਵਾਲਾ (ਸਿਰਸਾ) ਹਰਿਆਣਾ, ੧੨੫੦੭੫
ਫੋਨ : ०੧੬੬੮-੨੭੪੫੬੨

ਹਰਿਵਲਭ ਸੰਗੀਤ ਪ੍ਰਤੀਯੋਗਤਾ ਜਲੰਧਰ ਵਿਚ ਗਿਆਨ ਸਿੰਘ ਚੀਮਾ ਪਖਾਵਜ ਵਾਦਨ ਵਿਚ ਅਵਲ।

ਦਸੰਬਰ ੨੦੧੦ ਜਲੰਧਰ ਵਿਖੇ ਹੋਏ ਸਲਾਨਾ ਹਰਿਵਲਭ ਸੰਗੀਤ ਸੰਮੇਲਨ ਵਿਚੋਂ ਸੰਤ ਗਿਆਨ ਸਿੰਘ ਚੀਮਾ ਨੇ ਪਹਿਲੀ ਪੁਜੀਸ਼ਨ ਹਾਸਲ ਕੀਤੀ। ਪਿਛਲੇ ਸਾਲ ਇਹਨਾਂ ਨੇ ਤੀਸਰੀ ਪੁਜ਼ੀਸ਼ਨ ਪ੍ਰਾਪਤ ਕੀਤੀ ਸੀ। ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਆਏ ਕਲਾਕਾਰਾਂ ਨੇ ਇਸ ਸੰਮੇਲਨ ਵਿਚ ਹਿੱਸਾ ਲਿਆ। ਹਰ ਸਾਲ ਇਹ ਮਹਾਨ ਕੁੰਭ ਆਯੋਜਿਤ ਕਰਵਾਇਆ ਜਾਂਦਾ ਹੈ। ਵੱਖ-ਵੱਖ ਭਾਗਾਂ ਤੋਂ ਕਲਾਕਾਰ ਆ ਕੇ ਆਪਣੀ ਕਲਾ ਦਾ ਜੌਹਰ ਦਿਖਾਉਂਦੇ ਹਨ। ਨੌਜਵਾਨ ਗਿਆਨ ਸਿੰਘ ਨੇ ਮਰਦੰਗਮ ਕੈਟਾਗਿਰੀ ਦੀ ਜੋੜੀ ਪਖਾਵਜ ਵਿਚ ਪਹਿਲੀ ਜਿਤ ਪ੍ਰਾਪਤ ਕੀਤੀ। ਇਨਾਮਾਂ ਦੀ ਵੰਡ ਬਾਬਾ ਗੁਰਚਰਨ ਸਿੰਘ ਰਾਗੀ ਅਤੇ ਉਸਤਾਦ ਸੁਖਵਿੰਦਰ ਸਿੰਘ ਪਿੰਕੀ ਨੇ ਕੀਤੀ। ਸ੍ਰੀ ਭੈਣੀ ਸਾਹਿਬ ਆ ਕੇ ਗਿਆਨ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ ਅਤੇ ਬਖਸ਼ਿਸ਼ ਮੰਗੀ ਅਤੇ ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਨ ਗਿਆਨ ਸਿੰਘ ਨੂੰ ਜੀਵਨ ਵਿਚ ਸਫਲਤਾ ਚਰਨਾਂ ਦਾ ਪਿਆਰ ਤੇ ਪ੍ਰਤੀਤ ਬਖਸ਼ਣ।

ਓਪਨ ਨੈਸ਼ਨਲ ਯੂਥ ਫੈਸਟੀਵਲ ਉਦੇਪੁਰ (ਰਾਜਸਥਾਨ) ਵਿਖੇ ਗਿਆਨ ਸਿੰਘ ਚੀਮਾ ਦੂਸਰੇ ਸਥਾਨ 'ਤੇ।

ਉਦੇਪੁਰ ਰਾਜਸਥਾਨ- ੧੬ ਜਨਵਰੀ ੨੦੧੧ ਨੂੰ ਰਾਜਸਥਾਨ ਦੇ ਸ਼ਹਿਰ ਉਦੇਪੁਰ ਵਿਚ ਓਪਨ ਨੈਸ਼ਨਲ ਯੂਥ ਫੈਸਟੀਵਲ ਕਰਵਾਇਆ ਗਿਆ। ਇਸ ਵਿਚ ਤਕਰੀਬਨ ੫੦੦੦ ਵਿਦਿਆਰਥੀਆਂ ਨੇ ਹਿੱਸਾ ਲਿਆ। ਗਿਆਨ ਸਿੰਘ ਚੀਮਾ ਦੀ ਸਲੈਕਸ਼ਨ ਯੁਵਕ ਸੇਵਾਵਾਂ ਵਿਭਾਗ ਪੰਜਾਬ ਵਲੋਂ ਕੀਤੀ ਗਈ ਸੀ। ਪੰਜਾਬ ਤੋਂ ਸ. ਕਮਲਜੀਤ ਸਿੰਘ ਸਿੱਧੂ ਡਾਇਰੈਕਟਰ ੧੧੫ ਬੱਚਿਆਂ ਨੂੰ ਨਾਲ ਲੈ ਕੇ ਗਏ ਸਨ। ਬੱਚਿਆਂ ਦੀ ਰਿਹਾਇਸ਼ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ ਸੀ। ਬੱਚਿਆਂ ਨੇ ਵੱਖ-ਵੱਖ ਮੁਕਾਬਲਿਆਂ ਵਿਚ ਹਿੱਸਾ ਲਿਆ। ਪਹਿਲੀ ਵਾਰ ਓਪਨ ਨੈਸ਼ਨਲ ਯੂਥ ਫੈਸਟੀਵਲ ਵਿਚ ਜੋੜੀ ਪਖਾਵਜ ਵਜਾਇਆ ਗਿਆ ਹੈ। ਮਰਦੰਗਮ ਦੀ ਕੈਟਾਗਿਰੀ ਵਿਚ ਗਿਆਨ ਸਿੰਘ ਨੇ ਆਪਣੇ ਜੌਹਰ ਦਿਖਾਏ ਅਤੇ ਦੂਸਰਾ ਸਥਾਨ ਪ੍ਰਾਪਤ ਕੀਤਾ। ਜੱਜ ਸਾਹਿਬਾਨ ਨੇ ਸਪੈਸ਼ਲ ਉਠ ਕੇ ਆ ਕੇ ਸਰਾਹਨਾ ਕੀਤੀ। ਤਾਲੀਆਂ ਦੀ ਆਵਾਜ਼ ਨਾਲ ਸਾਰਾ ਹਾਲ ਗੂੰਜ ਉਠਿਆ। ਰਾਜਸਥਾਨ ਦੇ ਕੈਬਨਿਟ ਮੰਤਰੀ ਸ੍ਰੀ ਮਾਂਗੇਵਾਲ ਗਰਸੀਆ ਜੋ ਕਿ ਖੇਡਾਂ ਤੇ ਯੁਵਕ ਸੇਵਾਵਾਂ ਦੇ ਮੰਤਰੀ ਹਨ ਨੇ ਗਿਆਨ ਸਿੰਘ ਨੂੰ ਸਨਮਾਨਿਤ ਕੀਤਾ। ਗਿਆਨ ਸਿੰਘ ਆਪਣੇ ਉਸਤਾਦ ਸੁਖਵਿੰਦਰ ਸਿੰਘ ਪਿੰਕੀ ਕੋਲੀ ਜੋੜੀ ਪਖਾਵਜ ਦੀ ਸਿਖਿਆ ਲੈ ਕੇ ਇਸ ਸਥਾਨ 'ਤੇ ਪਹੁੰਚਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਇਹ ਸਨਮਾਨ ਪ੍ਰਾਪਤ ਕੀਤਾ ਅਤੇ ਆ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਹ ਸਨਮਾਨ ਭੇਟ ਕੀਤਾ।

—ਗੁਰਦੇਵ ਸਿੰਘ ਚੀਮਾ

ਬਾਬਾ ਸ੍ਰੀ ਚੰਦ-ਉਦਾਸੀਆਂ ਨਾਲ ਇਤਿਹਾਸਕ ਮਿਲਣੀ

-ਤਰਲੋਚਨ ਸਿੰਘ

ਡਾਕਟਰ ਜਸਪਾਲ ਸਿੰਘ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਨੇ ਪਿਛਲੇ ਤਿੰਨ ਸਾਲਾਂ ਵਿਚ ਕਈ ਮਹੱਤਵਪੂਰਨ ਕੰਮ ਕੀਤੇ ਹਨ। ਮੈਂ ਅੱਜ ਉਹਨਾਂ ਦੀ ਸ਼ਲਾਘਾ ਕਰਦਾ ਹਾਂ ਇਸ ਇਤਿਹਾਸਕ ਕਦਮ ਦੀ ਜੋ ਉਹਨਾਂ ਪਿਛਲੇ ਇਕ ਸਾਲ ਤੋਂ ਗੁਰੂ ਨਾਨਕ ਨਾਮ ਲੇਵਾ ਸੰਗਤ ਨਾਲ ਸੰਪਰਕ ਦਾ ਪ੍ਰੋਗਰਾਮ ਉਲੀਕਿਆ ਹੈ। ਦੇਹਰਾਦੂਨ ਵਿਚ ਭਾਈ ਵੀਰ ਸਿੰਘ ਤੇ ਉਹਨਾਂ ਦੇ ਭਰਾਤਾ ਡਾਕਟਰ ਬਲਬੀਰ ਸਿੰਘ ਦੀ ਕੋਠੀ ਪੰਚਵਟੀ ਹੈ ਜਿਥੇ ਬੀਬੀ ਮਹਿੰਦਰ ਕੌਰ ਰਹਿੰਦੇ ਹਨ, ਉਹਨਾਂ ਇਹ ਪੰਜਾਬੀ ਯੂਨੀਵਰਸਿਟੀ ਨੂੰ ਦਾਨ ਕਰ ਦਿੱਤੀ ਹੈ। ਉਸ ਰਮਣੀਕ ਥਾਂ ਤੇ ਡਾਕਟਰ ਜਸਪਾਲ ਸਿੰਘ ਨੇ ਪਿਛਲੇ ਸਾਲ ਫਰਵਰੀ ਵਿਚ ਨਿਰਮਲੇ ਸਮਾਜ ਦੇ ਮੁਖੀਆਂ ਦਾ ਇਕੱਠ ਕੀਤਾ, ਮੈਂ ਵੀ ਉਥੇ ਹਾਜ਼ਰ ਸੀ ਤੇ ਵੇਖਿਆ ਕਿ ਸਿੱਖ ਧਰਮ ਪਰਤੀ ਨਿਰਮਲੇ ਸੰਤਾਂ ਤੇ ਵਿਦਵਾਨਾਂ ਦੀ ਕੀ ਸੇਵਾ ਹੈ। ਨਿਰਮਲ ਆਸ਼ਰਮ ਰਿਸ਼ੀਕੇਸ਼ ਤੋਂ ਸੰਤ ਜੋਧ ਸਿੰਘ ਜੀ ਦੇ ਉਦਮ ਨਾਲ ਇਹ ਦੋ ਦਿਨ ਗੋਸ਼ਟੀ ਚੱਲੀ, ਖੋਜ ਪੱਤਰ ਪੜ੍ਹੇ, ਗਏ। ਇਦਾਂ ਲੱਗਾ ਕਿ ਅਸੀਂ ਜੋ ਗੁਰੂ ਦੇ ਪ੍ਰੇਮੀ ਹਾਂ, ਕਿਵੇਂ ਉਸ ਵਰਗ ਨੂੰ ਭੁਲੀਂ ਬੈਠੇ ਹਾਂ ਜਿਸ ਨੇ ੩੦੦ ਸਾਲ ਤੋਂ ਗੁਰੂ ਦਾ ਸੰਦੇਸ਼ ਸਾਰੇ ਭਾਰਤ ਵਿਚ ਫੈਲਾਇਆ ਹੈ। ਭਗਵੇਂ ਕੱਪੜੇ ਪਾ ਕੇ ਸੰਸਕ੍ਰਿਤ ਤੇ ਹਿੰਦੀ ਵਿਚ ਲਿਟਰੇਚਰ ਛਾਪ ਕੇ ਨਿਰਮਲੇ ਪ੍ਰਚਾਰਕਾਂ ਨੇ ਅਦੁਤੀ ਸੇਵਾ ਕੀਤੀ ਹੈ। ਇਸ ਦੀ ਕਾਮਯਾਬੀ ਪਿਛੋਂ ਪਟਿਆਲਾ ਵਿਚ ਇਕ ਸੈਮੀਨਾਰ ਕੀਤਾ ਗਿਆ ਜਿਥੇ ਦੋਵੇਂ ਪਾਸਿਓਂ ਵਿਦਵਾਨ ਸ਼ਾਮਲ ਹੋਏ ਤੇ ਪਰਚੇ ਪੜ੍ਹੇ ਗਏ, ਇਸ ਸੈਮੀਨਾਰ ਦੀ ਕਾਰਵਾਈ ਦੀ ਪੂਰੀ ਕਿਤਾਬ ਛਾਪ ਕੇ ਵੰਡੀ ਜਾ ਚੁੱਕੀ ਹੈ।

ਡਾਕਟਰ ਜਸਪਾਲ ਸਿੰਘ ਨੇ ਸਾਨੂੰ ਸਾਰਿਆਂ ਨੂੰ ਇਕ ਨਵਾਂ ਹਲੂਣਾ ਦੇ ਦਿੱਤਾ ਹੈ ਜਦ ਤਿੰਨ ਤੇ ਚਾਰ ਫਰਵਰੀ ਨੂੰ ਪੰਚਵਟੀ ਦੇਹਰਾਦੂਨ ਵਿਚ ਇਕ ਇਤਿਹਾਸਕ ਪ੍ਰੋਗਰਾਮ ਕਾਮਯਾਬ ਕਰਕੇ ਨਾਨਕ ਨਾਮ ਲੇਵਾ ਉਦਾਸੀ ਪ੍ਰੰਪਰਾ ਵਾਲੇ ਮਹੰਤ ਅਤੇ ਸਿੱਖ ਵਿਦਵਾਨਾਂ ਨੂੰ ਇਕੱਠਾ ਕੀਤਾ। ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਉਦਾਸੀ ਬਣ ਗਏ ਸਨ। ਉਹਨਾਂ ਦਾ ਜਨਮ ੮ ਸਤੰਬਰ ੧੪੯੪ ਨੂੰ ਸੁਲਤਾਨਪੁਰ ਲੋਧੀ ਵਿਖੇ ਹੋਇਆ ਸੀ। ਉਹਨਾਂ ਨੇ ਹੀ ਆਪਣੇ ਪਿਤਾ ਦੀਆਂ ਅਸਥੀਆਂ ਨੂੰ ਸੰਭਾਲ ਕੇ ਡੇਰਾ ਬਾਬਾ ਨਾਨਕ ਵਸਾਇਆ ਸੀ। ਉਹ ੧੩੫ ਸਾਲ ਦੀ ਉਮਰ ਤੱਕ ਜੀਵੇ ਤੇ ਗੁਰੂ ਨਾਨਕ ਦੇ ਉਪਦੇਸ਼ ਦਾ ਪ੍ਰਚਾਰ ਕੀਤਾ ਉਹਨਾਂ ਦੀ ਸੰਸਥਾ ਨੂੰ ਉਦਾਸੀ ਕਹਿੰਦੇ ਹਨ। ਇਸ ਸੰਸਥਾ ਦਾ ਮੁਖ ਸਥਾਨ ਕਣਖਲ ਹਰਦੁਆਰ ਵਿਖੇ ਹੈ, ਉਸਦੇ ਮੁਖੀ ਮਹਾਮੰਡਲੇਸ਼ਵਰ ਸਵਾਮੀ ਸੁਰਿੰਦਰ ਮੁਨੀ ਜੀ ਇਸ ਮਿਲਣੀ ਵਿਚ ਸ਼ਾਮਲ ਸਨ। ਉਹਨਾਂ ਨਾਲ ਬ੍ਰਹਮਬੂਟਾ ਜੋ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਾਲ ਹੈ ਉਸਦੇ ਮੁਖੀ ਸ੍ਰੀ ਰਵਿੰਦਰ ਦਾਸ, ਸਵਾਮੀ ਵਵੇਕਾ ਨੰਦ, ਭਗਤ ਰਾਮ, ਮੋਹਨਦਾਸ ਆਏ ਸਨ। ਸੰਤ ਜੋਧ ਸਿੰਘ ਜੀ ਨਿਰਮਲ ਆਸ਼ਰਮ ਵਾਲਿਆਂ ਨੇ ਇਸ ਦੋ ਦਿਨ ਮਿਲਣੀ ਦਾ ਸਾਰਾ ਪ੍ਰਬੰਧ ਕੀਤਾ। ਪਟਿਆਲਾ ਯੂਨੀਵਰਸਿਟੀ ਤੋਂ ਕਰੀਬਨ ੭੦ ਪ੍ਰੋਫੈਸਰ, ਸਕਾਲਰ ਤੇ ਵਿਦਿਆਰਥੀ ਉਚੇਚੇ ਤੌਰ ਤੇ ਆਏ। ਅੱਜ ਤੱਕ ਸਿੱਖਾਂ ਵਲੋਂ ਕੋਈ ਉਪਰਾਲਾ ਨਹੀਂ ਹੋਇਆ ਕਿ ਅਸੀਂ ਘੱਟ ਤੋਂ ਘੱਟ ਇਹ ਅੰਕੜੇ ਤਾਂ ਇਕੱਠੇ ਕਰੀਏ ਕਿ ਭਾਰਤ ਵਿਚ ਕਿਤਨੇ ਐਸੇ ਸੰਗਠਨ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦੇ ਪੁਜਾਰੀ ਹਨ। ਸਾਨੂੰ ਤਾਂ ਜਾਣਕਾਰੀ ਵੀ ਨਹੀਂ ਕਿ ਬਾਬਾ ਸ੍ਰੀ ਚੰਦ ਨੂੰ ਮੰਨਣ ਵਾਲੇ ਹੁਣ ਤਕ ਗੁਰੂ ਨਾਨਕ ਦੇਵ ਜੀ ਨੂੰ ਹੀ ਪੂੱਜ ਰਹੇ ਹਨ। ਉਹਨਾਂ ਨੇ ਬਾਣੀ ਨੂੰ ਛਾਪ ਰੱਖਿਆ ਹੈ। ਹਰ ਮਠ ਵਿਚ ਗੁਰੂ ਨਾਨਕ ਤੇ ਬਾਬਾ ਸ੍ਰੀ ਚੰਦ ਦੀ ਫੋਟੋ ਹੁੰਦੀ ਹੈ। ਉਹ ਹੋਰ ਕਿਸੇ ਇਸ਼ਟ ਨੂੰ ਨਹੀਂ ਮੰਨਦੇ। ਇਸ ਮਿਲਣੀ ਵਿਚ ਸਵਾਮੀ ਸੁਰਿੰਦਰ ਮੁਨੀ ਜੀ ਨੇ ਖੁੱਲ ਕੇ ਵਿਚਾਰ ਪ੍ਰਗਟ ਕੀਤੇ ਕਿ ਉਹ ਤਾਂ ਆਪਣੇ ਆਪ ਨੂੰ ਸਿੱਖ ਮੰਨਦੇ ਹਨ ਪਰ ਸਿੱਖ ਹੀ ਉਹਨਾਂ ਨੂੰ ਨੇੜੇ ਨਹੀਂ ਆਉਣ ਦਿੰਦੇ। ਡਾ. ਜਸਪਾਲ ਸਿੰਘ ਨੇ ਤਾਂ ਇਹ ਵੀ ਕਿਹਾ ਕਿ ਸਾਡਾ ਪਿਤਾ ਇਕ ਹੈ ਅਸੀਂ ਸਾਰੇ ਗੁਰੂ ਨਾਨਕ ਦੇਵ ਜੀ ਦੇ ਹੀ ਪੁੱਤਰ ਹਾਂ। ਉਹਨਾਂ ਇਹ ਐਲਾਨ ਕੀਤਾ ਕਿ ਯੂਨੀਵਰਸਿਟੀ ਨਿਰਮਲਾ ਅਤੇ ਉਦਾਸੀਆਂ ਵਲੋਂ ਅੱਜ ਤੱਕ ਜੋ ਗੁਰਬਾਣੀ ਲਈ ਲਿਟਰੇਚਰ ਜਾਂ ਕਿਤਾਬ ਛਾਪੀ ਹੈ ਉਹ ਇਕੱਠਾ ਕਰਨਗੇ ਅਤੇ ਇਕ ਪੂਰੀ ਕਿਤਾਬ ਰੀਕਾਰਡ ਲਈ ਛਾਪਣਗੇ। ਕਈ ਪੇਪਰ ਪੜ੍ਹੇ ਗਏ ਜੋ ਇਤਿਹਾਸ ਨੂੰ ਦਰਸਾਉਂਦੇ ਸਨ। ਇਸ ਪ੍ਰੋਗਰਾਮ ਵਿਚ ਕਈ ਸੰਤ ਸ਼ਾਮਲ ਨਾ ਹੋ ਸਕੇ ਕਿਉਂ ਜੋ ਸਾਧੂ ਬੇਲਾ ਦੇ ਮਖੀ ਅਕਾਲ ਚਲਾਣਾ ਕਰ ਗਏ ਸਨ। ਡਾ. ਹਰਭਜਨ ਸਿੰਘ ਜੋ ਪੰਚਵਟੀ ਦੇ

ਡਾਇਰੈਕਟਰ ਹਨ ਨੇ ਇਹ ਦੱਸਿਆ ਕਿ ਡੇਰਾ ਬਾਬਾ ਰਾਮ ਰਾਏ ਦੇਹਰਾਦੂਨ ਦੇ ਮੁਖੀ ਮਹੰਤ ਦਵਿੰਦਰ ਦਾਸ ਜੀ ਨੇ ਵੀ ਸੰਮੇਲਨ ਵਿਚ ਆਉਣ ਦੀ ਪ੍ਰਵਾਨਗੀ ਦਿੱਤੀ ਸੀ ਪਰ ਉਹ ਵੀ ਸਾਧੂ ਬੇਲਾ ਵਿਖੇ ਗਏ। ਉਹਨਾਂ ਆਪਣਾ ਸੰਦੇਸ਼ ਭੇਜਿਆ ਅਤੇ ਖੁਸ਼ੀ ਪ੍ਰਗਟਾਈ ਕਿ ਨਾਨਕ ਨਾਮ ਲੇਵਾ ਨੂੰ ਇਕੱਠੇ ਬੈਠਣ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।

ਉਥੇ ਜੋ ਮੈਂ ਸੁਣਿਆ ਉਹ ਬੜਾ ਹੀ ਉਤਸ਼ਾਹ ਵਾਲਾ ਹੈ। ਬਾਬਾ ਸ੍ਰੀ ਚੰਦ ਜੀ ਦਾ ਸੰਪਰਕ ਛੇ ਗੁਰੂ ਸਾਹਿਬਾਨ ਨਾਲ ਰਿਹਾ। ਉਹਨਾਂ ਨੇ ਆਪਣਾ ਜਾਨਸ਼ੀਨ ਬਾਬਾ ਗੁਰਦਿਤਾ ਜੀ ਨੂੰ ਥਾਪ ਦਿੱਤਾ ਜੋ ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਸਨ। ਭਾਈ ਫੇਰੂ ਜੀ ਜੋ ਸੱਤਵੇਂ ਗੁਰੂ ਜੀ ਦੇ ਸਮੇਂ ਸਨ ਉਹ ਵੀ ਉਦਾਸੀ, ਨੌਵੇਂ ਗੁਰੂ ਸਾਹਿਬ ਸਮੇਂ ਭਾਈ ਰਾਮਦੇਵ ਮੀਹਾਂ ਸਾਹਿਬ ਤੇ ਦਸਵੇਂ ਗੁਰੂ ਸਮੇਂ ਭੰਗਾਣੀ ਯੁੱਧ ਵਿਚ ਉਦਾਸੀ ਮਹੰਤ ਕ੍ਰਿਪਾਲ ਜੀ ਸ਼ਾਮਲ ਸਨ। ਜਦ ਅਨੰਦਪੁਰ ਸਾਹਿਬ ਦਸ਼ਮੇਸ਼ ਗੁਰੂ ਜੀ ਨੇ ਛੱਡਿਆ ਤਾਂ ਮਹੰਤ ਗੁਰਬਖਸ਼ ਦਾਸ ਜੀ ਉਦਾਸੀ ਉਥੋਂ ਦੀ ਸੰਭਾਲ ਕਰਦੇ ਰਹੇ। ਮਹੰਤ ਈਸ਼ਰ ਦਾਸ ਉਦਾਸੀ ਨੇ ਗੁਰੂ ਸਾਹਿਬ ਦੇ ਪਰਲੋਕ ਸਿਧਾਰਣ ਪਿਛੋਂ ਹਜ਼ੂਰ ਸਾਹਿਬ ਗੁਰਦੁਆਰੇ ਦੀ ਸੇਵਾ ਜਾਰੀ ਰੱਖੀ ਉਹਨਾਂ ਪਿਛੋਂ ਇਹ ਸੇਵਾ ਉਦਾਸੀਆਂ ਮਹੰਤ ਗੋਪਾਲ ਦਾਸ ਤੇ ਮਹੰਤ ਸਰਨਦਾਸ ਜੀ ਨੇ ਕੀਤੀ। ੧੭੬੮ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਉਦਾਸੀ ਭੇਖ ਤੋਂ ਸੰਤ ਗੋਪਾਲ ਸਿੰਘ ਜੀ ਬਣੇ। ਇਸ ਲੜੀ ਵਿਚ ਭਾਈ ਚੰਚਲ ਸਿੰਘ ਵੀ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ। ਇਹ ਸਾਬਤ ਕਰਦਾ ਹੈ ਕਿ ਇਸ ਧਾਰਨਾ ਵਾਲੇ ਬਾਬਾ ਸ੍ਰੀ ਚੰਦ ਦੇ ਉਪਾਸ਼ਕ ਸਿੱਖ ਸਮਾਜ ਦੇ ਅੰਗ ਬਣ ਕੇ ਰਹੇ ਤੇ ਕੋਈ ਵਿਖੇਵਾਂ ਨਾ ਹੋਇਆ। ਉਹਨਾਂ ਦੇ ਇਤਿਹਾਸ ਨੂੰ ਮੈਂ ਪੜ੍ਹਿਆ ਹੈ, ਉਸ ਅਨੁਸਾਰ ਜਦ ਬਾਬਾ ਸ੍ਰੀ ਚੰਦ ਜੀ ੧੩ ਜਨਵਰੀ ੧੬੨੯ ਨੂੰ ਕੀਰਤਪੁਰ ਸਾਹਿਬ ਵਿਖੇ ਗੁਰਪੁਰੀ ਸਿਧਾਰ ਗਏ ਤਾਂ ਉਹਨਾਂ ਦੇ ਚਾਰ ਵੱਡੇ ਸ਼ਿਸ਼ ਅਲਮਸਤ, ਫੂਲ, ਗੋਂਡਾ ਅਤੇ ਬਾਲੂ ਹੁਸਨ ਉਹਨਾਂ ਦੀ ਧੂੜੀ ਲੈ ਕੇ ਵੱਖੋ-ਵੱਖ ਚਾਰ ਦਿਸ਼ਾ ਵਿਚ ਜਾ ਸਥਾਪਤ ਹੋਏ। ਉਸ ਪਿਛੋਂ ਗੁਰੂ ਘਰ ਦੀ ਮਿਹਰ ਸਦਕਾ ਛੇ ਸ਼ਾਖਾਂ ਬਣੀਆਂ ਜਿਹਨਾਂ ਨੂੰ ਇਤਿਹਾਸਕਾਰ ਬਖਸ਼ੀਸ਼ਾਂ ਆਖਦੇ ਹਨ ਜੋ ਇਸ ਪ੍ਰਕਾਰ ਸਨ-ਭਗਤ ਭਗਵਾਨੀ, ਸੁਥਰਾ ਸ਼ਾਹ, ਸੰਗਤ ਸਾਹਿਬ, ਮੀਹਾਂ ਸ਼ਾਹ, ਬਖਤ ਮਲ ਤੇ ਜੀਤ ਮਲ। ਇਹਨਾਂ ਦੇ ਵਖਰੇ ਸੈਂਟਰ ਬਣੇ ਤੇ ਪ੍ਰਚਾਰ ਚਲਦਾ ਰਿਹਾ। ਮੈਨੂੰ ਯਾਦ ਹੈ ਇਕ ਵਾਰ ੧੯੮੬ ਵਿਚ ਸ. ਬੂਟਾ ਸਿੰਘ ਹੋਮ ਮਨਿਸਟਰ ਨੇ ਉਦਾਸੀ ਮਹੰਤਾਂ ਦਾ ਇਕੱਠ ਤਾਲਕਟੋਰਾ ਬਾਗ ਦਿੱਲੀ ਵਿਚ ਕੀਤਾ, ਬੜੇ ਦਰਸ਼ਨੀ ਆਗੂ ਗਦੀਆਂ ਲਾ ਕੇ ਬੈਠੇ ਸਨ। ਉਦੋਂ ਪਤਾ ਲੱਗਾ ਕਿ ਕਿਤਨੀ ਮਾਨਤਾ ਹੈ ਬਾਬਾ ਸ੍ਰੀ ਚੰਦ ਦੀ। ਅੱਜ ਜੋ ਉਪਰਾਲਾ ਦੇਹਰਾਦੂਨ ਮਿਲਣੀ ਰਾਹੀਂ ਹੋਇਆ ਹੈ ਉਹ ਅਗੇ ਵਧੇ। ਸਾਡੇ ਆਗੂ ਕੇਵਲ ਇਕੋ ਗੱਲ ਤੋਂ ਡਰਦੇ ਹਨ ਹਾਏ ਗੁਰਦੁਆਰੇ ਤੇ ਕੋਈ ਹੋਰ ਕਬਜ਼ਾ ਨਾ ਕਰ ਲਏ। ਨਿਰਮਲੇ, ਉਦਾਸੀ ਸਿੰਧੀ ਸਾਰੇ ਨਾਨਕ ਨਾਮਲੇਵਾ ਹਨ ਉਹ ਡਰ ਗਏ ਕਿਧਰੇ ਉਹਨਾਂ ਦੇ ਅਸਥਾਨ ਗੁਰਦੁਆਰੇ ਐਕਟ ਅਨੁਸਾਰ ਉਹਨਾਂ ਤੋਂ ਲਏ ਨਾ ਜਾਣ। ਸਾਰੀ ਲੜਾਈ ਇਥੇ ਖੜੀ ਹੈ। ਗੁਰਦੁਆਰਾ ਇਕ ਸਾਧਨ ਹੈ ਸੰਗਤ ਦੇ ਇਕੱਠੇ ਹੋਣ ਦਾ। ਗੁਰੂ ਦਾ ਉਪਦੇਸ਼ ਤਾਂ ਕੋਈ ਵੀ ਆਪ ਲੈ ਸਕਦਾ ਹੈ। ਕਿਤਨੀ ਖੁਸ਼ੀ ਹੋਵੇ ਸਾਨੂੰ ਜੇ ਜਨਗਣਨਾ ਜੋ ਹੁਣ ਆਰੰਭ ਹੈ ਉਸ ਵਿਚ ਹਰ ਨਾਨਕ ਨਾਮਲੇਵਾ ਆਪਣੇ ਆਪ ਨੂੰ ਸਿੱਖ ਲਿਖਵਾ ਦੇਵੇ। ਤਾਂ ਅਸੀਂ ਕਰੋੜਾਂ ਵਿਚ ਹੋ ਜਾਵਾਂਗੇ। ਬੰਜਾਰੇ, ਸਿਕਲੀਗਰ ਵੀ ਸਿੱਖ ਹਨ, ਉਹਨਾਂ ਵਿਚ ਵੀ ਇਹ ਭਾਵਨਾ ਕਿਵੇਂ ਬਣੇ। ਸਿੱਖ ਆਗੂਆਂ ਨੂੰ ਤਾਂ ਜਨਗਣਨਾ ਬਾਰੇ ਵੀ ਫਿਕਰ ਨਹੀਂ ਹੈ। ਜੋ ਉਪਰਾਲਾ ਪਟਿਆਲਾ ਯੂਨੀਵਰਸਿਟੀ ਤੋਂ ਹੋ ਰਿਹਾ ਹੈ ਸਿਖੀ ਮਿਲਾਪ ਦਾ ਇਹ ਸ਼ਲਾਘਾਯੋਗ ਹੈ। ਡਾ. ਜਸਪਾਲ ਸਿੰਘ ਤੇ ਸੰਤ ਜੋਧ ਸਿੰਘ ਨਿਰਮਲਾ ਆਸ਼ਰਮ ਧੰਨਵਾਦ ਦੇ ਪਾਤਰ ਹਨ।

ਸਾਬਕਾ ਚੇਅਰਮੈਨ
ਘੱਟ ਗਿਣਤੀ ਕਮਿਸ਼ਨ
ਭਾਰਤ ਸਰਕਾਰ

ਜਲੰਧਰ ਵਿਖੇ ਪੁਸਤਕ ਮੇਲਾ ੨ ਅਪ੍ਰੈਲ ਤੋਂ

ਨਵੀਂ ਦਿੱਲੀ — ਨੈਸ਼ਨਲ ਬੁੱਕ ਟਰੱਸਟ ਵੱਲੋਂ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਚ ੨ ਤੋਂ ੧੦ ਅਪ੍ਰੈਲ ਤਕ ਪੁਸੱਤਕ ਮੇਲਾ' ਕਰਵਾਇਆ ਜਾਵੇਗਾ। ਟਰੱਸਟ ਵੱਲੋਂ ਪੰਜਾਬ ਵਿਚ ਇਹ ੧੩ਵਾਂ ਪੁਸਤਕ ਮੇਲਾ ਹੋਵੇਗਾ। ਪੁਸਤਕ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਟਰੱਸਟ ਦੇ ਮੁੱਖ ਸੰਪਾਦਕ/ਸੰਯੁਕਤ ਨਿਰਦੇਸ਼ਕ ਡਾ. ਬਲਦੇਵ ਸਿੰਘ ਬੱਧਣ ਨੇ ਦੱਸਿਆ ਕਿ ਇਸ ਪੁਸਤਕ ਮੇਲੇ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਦੇ ੧੦੦ ਦੇ ਕਰੀਬ ਪ੍ਰਕਾਸ਼ਕ/ਪੁਸਤਕ ਵਿਕਰੇਤਾ ਭਾਗ ਲੈਣਗੇ। ਮੇਲੇ ਦੌਰਾਨ ਰੋਜ਼ਾਨਾ ਸਾਹਿਤਕ ਪ੍ਰੋਗਰਾਮ ਕਰਵਾਏ ਜਾਣਗੇ। ਮੇਲੇ ਦਾ ਉਦਘਾਟਨ ੨ ਅਪ੍ਰੈਲ ੨੦੧੧ ਨੂੰ ਦੁਪਹਿਰ ੧ ਵਜੇ ਕੀਤਾ ਜਾਵੇਗਾ। ਡਾ. ਬਲਦੇਵ ਸਿੰਘ ਬੱਧਣ ਨੇ ਦੱਸਿਆ ਕਿ ਮੇਲੇ ਦੌਰਾਨ ਕੋਈ ਵੀ ਸਾਹਿਤਕ ਸੰਸਥਾ ਸਾਹਿਤਕ ਪ੍ਰੋਗਰਾਮ ਆਯੋਜਿਤ ਕਰ ਸਕਦੀ ਹੈ। ਟਰੱਸਟ ਵੱਲੋਂ ਕਿਸੇ ਵੀ ਸਾਹਿਤਕ ਸੰਸਥਾ ਨੂੰ ਮੁਫਤ ਵਿਚ ਮੰਚ ਪ੍ਰਦਾਨ ਕੀਤਾ ਜਾਵੇਗਾ।

"ਆਦਿ ਇਹੋ ਨਹੀਂ ਔਰ"

—ਸੁਖਪਾਲ ਸਿੰਘ ਭੱਟੀ, ਸਿੰਘਾਪੁਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਵਤੰਤਰ ਸੰਗਰਾਮ ਵਾਸਤੇ ਬਹੁਤ ਕਠਨ ਉਪਯੋਗ ਕੀਤਾ। ਮਹਾਰਾਜਾ ਰਣਜੀਤ ਸਿੰਘ ਦਾ ਸਿਖ ਰਾਜ ੧੭੯੯ ਈ. ਤੋਂ ਲੈ ਕੇ ਪੂਰਨ ਤਾਕਤ ਅਖਤਿਆਰ ਕਰ ਚੁੱਕਾ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੩੭ ਈ. ਵਿਚ ਲਾਹੌਰ ਦਰਬਾਰ ਦੀ ਕੰਵਰ ਨੌਨਿਹਾਲ ਸਿੰਘ ਦੀ ਪਲਟਨ ਵਿਚ ਭਰਤੀ ਹੋਏ। ੧੮੩੯ ਈ. ਵਿਚ ਮਹਾਰਾਜਾ ਰਣਜੀਤ ਸਿੰਘ ਚੜਾਈ ਕਰ ਗਿਆ, ਜਿਸ ਨਾਲ ਪੰਜਾਬ ਸਿਖ ਰਾਜ ਡਾਵਾਂ-ਡੋਲ ਗਿਆ।

ਲਾਹੌਰ ਦਰਬਾਰ ਦੀ ਫੌਜ ਵਿਚ ਹੋਰ ਵੀ ਵਿਅਕਤੀ ਸਨ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸ਼ਰਧਾਲੂ ਅਤੇ ਮਾਨ ਸਨਮਾਨ ਕਰਨ ਵਾਲੇ ਸਨ। ਭਾਈ ਵੀਰ ਸਿੰਘ ਜੀ ਨੌਰੰਗਾਬਾਦ ਅਤੇ ਭਾਈ ਮਹਾਰਾਜ ਸਿੰਘ ਜੀ, ਜਿਨ੍ਹਾਂ ਦਾ ਜ਼ਿਕਰ ਸ੍ਰੀ ਸਤਿਗੁਰੂ ਜੀ ਪਰਦੇਸ ਤੋਂ ਭੇਜੇ ਇਕ ਹੁਕਮਨਾਮੇ ਵਿਚ ਇਉਂ ਬਿਆਨ ਕਰਦੇ ਹਨ :

"ਐਸਾ ਪ੍ਰਮੇਸ਼ਰ ਦਾ ਭਾਣਾ ਵਰਤਿਆ ਰਾਜੇ ਰਈਅਤਿ, ਭੇਖ ਹੋਰ ਲੋਕ ਸਭੇ ਮਾਰ ਮਾਰ ਕਰਦੇ ਹੈਂ ਅਰੁ ਬਹੁਤ ਨਿੰਦਾ ਸੁਣਦੇ ਹਾਂ ਹੋਇ ਰਹੀ ਹੈ। ਦਮਦਮੀਆਂ ਨੇ ਵੱਡਾ ਅਧਰਮ ਕੀਤਾ ਜੋਰਾਬਰੀ ਸੰਗਤ ਨੂੰ ਮੱਥਾ ਨਾ ਟੇਕਣ ਦਿੱਤਾ। ਅੱਗੇ ਆਪਣੇ ਖਾਲਸੇ ਵਿਚ ਤਾਂ ਏਹੁ ਵਰਤਾਰਾ ਵਰਤ ਗਿਆ ਅਜ ਕਲ ਕੇ ਸਮੇਂ ਮੇਂ। ਪਹਿਲਾਂ ਸਿੱਖਾਂ ਦੀ ਕਿਰਪਾ ਬੀਰ ਸਿੰਘ ਤੇ ਹੋਈ, ਫੇਰ ਮਹਾਰਾਜ ਸਿੰਘ ਤੇ ਹੋਈ। ਹੁਣ ਮੇਰੇ ਉਤੇ ਸਿੱਖਾਂ ਦੀ ਕਿਰਪਾ ਹੋਈ।"

ਲਾਹੌਰ ਦਰਬਾਰ ਵਿਚ ਬੁਰਛਾ-ਗਰਦੀ ਫੈਲਣ ਦੇ ਕਾਰਨ ਡੋਗ੍ਰਰੇ ਅਤੇ ਸੰਧਾਵਾਲੀਏ ਸਰਦਾਰ ਨੇ ਗਦਾਰਪੁਣੇ ਦੀ ਦਿਸ਼ਾ ਲੈ ਕੇ ਸਿਖ ਰਾਜ ਨੂੰ ਕੁਚਲ ਦਿੱਤਾ ਅਤੇ ਅੰਗਰੇਜ਼ਾਂ ਦੇ ਪੈਰੋਕਾਰ ਬਣ ਗਏ।

ਭਾਈ ਬੀਰ ਸਿੰਘ ਜੀ ਨੌਰੰਗਾਬਾਦ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਵਿਚੋਂ ਭਾਈ ਦਯਾ ਸਿੰਘ ਜੀ ਦੇ ਜਾ ਨਸ਼ੀਨ ਸਨ। ਭਾਈ ਬੀਰ ਸਿੰਘ ਜੀ ਇਕ ਤਿਆਗੀ ਤਪਸਵੀ ਅਤੇ ਸੂਰਬੀਰ ਪੁਰਸ਼ ਸਨ ਜੋ ਅੰਗਰੇਜ਼ ਸਾਮਰਾਜੀਆਂ ਦੀਆਂ ਕੁਟਲ ਚਾਲਾਂ ਤੋਂ ਵਾਕਿਫ ਸਨ। ਡੋਗਰੇ ਅਤੇ ਸੰਧਾਵਾਲੀਆਂ ਦੀਆਂ ਲਾਹੌਰ ਦਰਬਾਰ ਵਿਚ ਤਾਕਤ ਹਾਸਲ ਕਰਨ ਲਈ, ਸਾਜ਼ਸ਼ਾਂ ਅਤੇ ਈਰਖਾ ਕਾਰਨ, ੧੮੪੪ ਈ. ਵਿਚ ਡੋਗਰੇ ਹੀਰਾ ਸਿੰਘ ਨੇ ਬਾਬਾ ਬੀਰ ਸਿੰਘ ਜੀ ਨੂੰ ਕਤਲ ਕਰਵਾ ਦਿੱਤਾ।

ਭਾਈ ਮਹਾਰਾਜ ਸਿੰਘ, ਭਾਈ ਬੀਰ ਸਿੰਘ ਦੀ ਸ਼ਰਨ ਵਿਚ ਆ ਗਏ ਸੀ। ਆਪ ਜੀ ਦਾ ਜਨਮ ਸੰਮਤ ੧੮੩੭ ਵਿਚ ਜ਼ਿਲ੍ਹਾ ਲੁਧਿਆਣਾ ਦੇ 'ਰਬੋਂ' ਪਿੰਡ ਵਿਚ ਹੋਇਆ।

ਆਪ ਜੀ ਸਤਿ ਚਿੱਤ, ਅਨੰਦ ਸਰੂਪ ਬ੍ਰਿਤੀ ਵਾਲੇ ਸਨ ਜਦੋਂ ਆਪ ਭਾਈ ਬੀਰ ਸਿੰਘ ਦੀ ਸ਼ਰਨ ਆਏ ਤਾਂ ਇਹਨਾਂ ਨੂੰ ਸੰਗਤ ਦੇ ਲੰਗਰ ਦੀ ਸੇਵਾ ਸੌਂਪ ਦਿੱਤੀ।

ਸਿਮਰਨ ਅਤੇ ਸੇਵਾ ਨੇ ਭਾਈ ਮਹਾਰਾਜ ਸਿੰਘ ਜੀ ਨੂੰ ਨਵਾਂ ਰੂਪ ਤੇ ਨਵਾਂ ਜੀਵਨ ਦੇ ਦਿੱਤਾ। ਆਪ ਜੀ ਹੁਣ ਭਾਈ ਬੀਰ ਸਿੰਘ ਜੀ ਦੇ ਦੱਸੇ ਮਾਰਗ ਤੇ ਚੱਲ ਕੇ ਜ਼ੁਲਮ ਨੂੰ ਮਿਟਾਉਣ ਲਈ ਯਤਨਸ਼ੀਲ ਸਨ।

ਲਾਹੌਰ ਦਰਬਾਰ ਵਿਚ ਬੁਰਛਾ-ਗਰਦੀ ਕਾਰਨ ਆਪੋ-ਧਾਪ ਪੈ ਗਈ ਸੀ। ਅੰਗਰੇਜ਼ ਹਕੂਮਤ ਨੇ ਇਸ ਦਾ ਪੂਰਾ ਫਾਇਦਾ ਉਠਾ ਕੇ ਅਤੇ "ਪਾੜੋ ਤੇ ਰਾਜ ਕਰੋ' ਦੀ ਨੀਤੀ ਨਾਲ ਸਾਰੇ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ।

ਭਾਈ ਮਹਾਰਾਜ ਸਿੰਘ ਜੀ ਨੇ ਇਸ ਧਰਮ ਯੁੱਧ ਵਿਚ ਇਹ ਪ੍ਰਣ ਕਰ ਲਿਆ ਸੀ ਕਿ ਕਦੇ ਹਥਿਆਰ ਨਹੀਂ ਸੁ[illegible]ਗਾ, ਕਮਜ਼ੋਰੀ ਨਹੀਂ ਵਿਖਾਈ ਅਤੇ ਬਦੇਸ਼ੀ ਹਕੂਮਤ ਨਾਲ ਆਪਣਾ ਜੰਗ ਜਾਰੀ ਰਖਿਆ।

ਲੇਕਿਨ ਗੱਦਾਰਪੁਣੇ ਨੇ ਇਹਨਾਂ ਨੂੰ ਵੀ ਨਹੀਂ ਬਖਸ਼ਿਆ। ਕਿਸੇ ਅੰਗਰੇਜ਼ੀ ਸੂਹੀਏ ਨੇ ਦਸ ਹਜ਼ਾਰ ਰੁਪਿਆ ਇਨਾਮ ਲੈਣ ਖਾਤਰ ਪੁਲਿਸ ਵਿਚ ਇਤਲਾਹ ਦਿੱਤੀ ਕਿ ਭਾਈ ਮਹਾਰਾਜ ਸਿੰਘ ਆਪਣੇ ਸਾਥੀਆਂ ਸਮੇਤ ਆਦਮਪੁਰ ਝਿੜੀ ਵਿਚ ਡੇਰੇ ਜਮਾਏ ਬੈਠੇ ਹਨ। ਇਕ ਉਰਦੂ ਸ਼ਾਇਰ ਲਿਖਦਾ ਹੈ—

"ਅਗਰ ਕਿਸ਼ਤੀ ਹੋ ਤੂਫਾਂ ਮੇਂ
ਤੋ ਕਾਮ ਆਤੀ ਹੈ ਤਬਦੀਰੇਂ,
ਮਗਰ ਕਿਸ਼ਤੀ ਮੇਂ ਤੂਫਾਂ ਹੋ ਤੋ ਮਿਟ ਜਾਤੀ ਹੈ ਤਕਦੀਰੇਂ"

ਭਾਈ ਮਹਾਰਾਜ਼ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਨੇ ਗ੍ਰਿਫਤਾਰ ਕਰਕੇ ੨੧ ਸਾਥੀਆਂ ਸਮੇਤ ਆਦਮਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਆਪ ਨੂੰ ਅਤੇ ਉਹਨਾਂ ਦੇ ਇਕ ਸੇਵਕ ਖੜਕ ਸਿੰਘ ਨੂੰ ੨੩ ਮਾਰਚ ੧੮੫੦ ਈ. ਨੂੰ ਸਮੁੰਦਰੀ ਜਹਾਜ਼ ਰਾਹੀਂ ਸਿੰਘਾਪੁਰ ਭੇਜ ਦਿੱਤਾ ਗਿਆ। ਇਥੇ ਸਿੰਘਾਪੁਰ ਆਪ ਜੀ ਨੂੰ ਇਕ ਚੁਬਾਰੇ ਵਿਚ ਬਿਨਾਂ ਹਵਾਖੋਰੀ ਦੇ ਕਈ ਸਾਲ ਨਜ਼ਰ ਬੰਦ ਰਖਿਆ ਗਿਆ। ਅੰਤ ਵਿਚ ਆਪ ਜੀ ੫ ਜੁਲਾਈ ੧੮੫੬ ਈ. ਨੂੰ ਓਥੇ ਚੜ੍ਹਾਈ ਕਰ ਗਏ।

ਇਥੇ ਸਿੰਘਾਪੁਰ ਵਿਚ ਭਾਈ ਮਹਾਰਾਜ ਸਿੰਘ ਜੀ ਦਾ

ਇਕ ਯਾਦਗਾਰੀ ਅਸਥਾਨ ਸਥਾਪਿਤ ਹੈ। ਇਸ ਨੂੰ "ਸਿਲੇਟ ਰੋਡ" ਗੁਰਦੁਆਰਾ ਆਖਿਆ ਜਾਂਦਾ ਹੈ। ਸਿੰਘਾਪੁਰ ਦਾ ਸਿਖ ਸਮਾਜ ਜੋ ਬਹੁ ਗਿਣਤੀ ਵਿਚ ਹੈ ਇਸ ਗੁਰਦੁਆਰੇ ਨੂੰ ਬਹੁਤ ਆਦਰ ਮਾਨ ਦਿੰਦਾ ਹੈ।

ਆਪ ਜੀ ਦੀ ਇਹ ਘਾਲਣਾ ਅਤੇ ਕੁਰਬਾਨੀ ਇਕ ਇਤਿਹਾਸਕ ਤੱਥ ਹੈ। ਆਪ ਸਿੱਖ ਪੰਥ ਨੂੰ ਗਿਰਾਵਟ ਅਤੇ ਦੁਰਾਚਾਰ ਤੋਂ ਸੁਚੇਤ ਕਰਕੇ ਆਪਣੇ ਹੱਕ ਨੂੰ ਹਾਸਲ ਕਰਨ ਲਈ ਜਥੇਬੰਦ ਕਰਨਾ ਚਾਹੁੰਦੇ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਸ਼ੁਰੂ ਕੀਤਾ ਸਵਤੰਤਰਤਾ ਅੰਦੋਲਨ

ਲਾਹੌਰ ਦਰਬਾਰ ਨੂੰ ੧੮੪੫ ਈ. ਵਿਚ ਮੁਦਕੀ ਦੀ ਲੜਾਈ ਵਿਚ ਸਿੱਖਾਂ ਨੂੰ ਸਖ਼ਤ ਹਾਰ ਹੋਈ। ਸਿੱਖਾਂ ਵਿਚ ਬੁਰਛਾ ਗਰਦੀ ਅਤੇ ਫੁੱਟ ਪੈਣ ਕਾਰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਫੌਜੀ ਜ਼ਿੰਦਗੀ ਨੂੰ ਤਿਆਗ ਕੇ ਸ੍ਰੀ ਭੈਣੀ ਸਾਹਿਬ ਆ ਗਏ।

੧੮੪੯ ਈ. ਤਕ ਅੰਗਰੇਜ਼ ਸਾਮਰਾਜ ਨੇ ਆਪਣੀ ਕੁਟਲ ਨੀਤੀ ਨਾਲ ਪੰਜਾਬ ਅਤੇ ਸਾਰੇ ਦੇਸ਼ ਤੇ ਕਬਜ਼ਾ ਕਰ ਲਿਆ। ਰਾਜਿਆਂ ਨੂੰ ਜਗੀਰਾਂ ਤੇ ਸਨਮਾਨ ਦੇ ਕੇ ਆਪਣੇ ਅਧੀਨ ਕਰ ਲਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੀ ਪ੍ਰਤਿਭਾ ਕਾਰਨ ਅੰਗਰੇਜ਼ਾਂ ਦੀ ਹੁਸ਼ਿਆਰੀ ਨੂੰ ਅਨੁਭਵ ਕਰਦੇ ਸਨ।

ਸਤਿਗੁਰੂ ਜੀ ਨੇ ਸਿੱਖਾਂ ਨੂੰ ਪਰਪੱਕ ਹੋਣ ਦਾ ਆਦੇਸ਼ ਦਿੱਤਾ। ਸਿੱਖਾਂ ਵਿਚ ਇਕ ਐਸੀ ਗਿਰਾਵਟ ਆ ਚੁੱਕੀ ਸੀ ਜਿਸ ਕਰਕੇ ਉਹ ਆਪਣੇ ਧਾਰਮਿਕ ਵਿਰਸੇ ਨੂੰ ਭੁੱਲ ਬੈਠੇ ਸਨ। ਸਦਾਚਾਰ ਅਤੇ ਮਰਿਆਦਾ ਬਹੁਤ ਦੂਰ ਦੀ ਗੱਲ ਸੀ।

ਸਵਤੰਤਰਤਾ ਦਾ ਅੰਦੋਲਨ ਆਰੰਭ ਕਰਨ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ੧੮੫੭ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਮਰਿਆਦਾ ਨੂੰ ਸੁਰਜੀਤ ਕੀਤਾ। ੧੨ ਅਪ੍ਰੈਲ ੧੮੫੭ ਈ. ਨੂੰ ਨਾਮਧਾਰੀ ਪੰਥ ਦਾ ਨਿਰਮਾਣ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਕੀਤਾ। ਆਪ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਵੇਲੇ ਉਠ ਕੇ, ਸਣੇ ਕੇਸੀਂ ਇਸ਼ਨਾਨ ਕਰਕੇ ਭਜਨ ਬਾਣੀ ਅਤੇ ਮਰਿਆਦਾ ਵਿਚ ਰਹਿਣ ਦਾ ਸਖ਼ਤ ਹੁਕਮ ਦਿੱਤਾ।

"ਧੰਧੇ ਧਾਵਤ ਮਨ ਭਇਆ ਮਨੂਰਾ
ਫਿਰਿ ਹੋਵੈ ਕੰਚਨੁ ਭੇਟੈ ਗੁਰ ਪੂਰਾ"

ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੀ ਆਤਮਾ ਨੂੰ ਉੱਚਾ ਕੀਤਾ, ਮਨੂਰ ਤੋਂ ਕੰਚਨ ਬਣਾ ਦਿੱਤਾ। ਨਾਮਧਾਰੀ ਪੰਥ ਨੂੰ ਜਥੇਬੰਦ ਕਰਨ ਵਾਸਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੨੨ ਸੂਬੇ ਸਥਾਪਿਤ ਕੀਤੇ। ਪ੍ਰਚਾਰ ਕਰਨ ਵਾਸਤੇ ਪੰਜਾਬ ਨੂੰ ੨੨ ਹਿੱਸਿਆਂ ਵਿਚ ਵੰਡ ਕੇ ਹਰੇਕ ਹਿਸੇ ਦਾ ਇਕ ਸੂਬਾ ਅਤੇ ਸਹਾਇਕ ਨਾਇਬ ਸੂਬੇ ਮੁਕਰਰ ਕਰ ਦਿੱਤੇ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅੰਗਰੇਜ਼ ਹਕੂਮਤ ਦੀਆਂ ਸਹੂਲਤਾਂ ਅਤੇ ਵਸਤਾਂ ਦਾ ਪੂਰਨ ਬਾਈਕਾਟ ਕੀਤਾ। ਵਿਦੇਸ਼ੀ ਕਪੜੇ, ਡਾਕ ਪ੍ਰਬੰਧ, ਕਚਹਿਰੀਆਂ, ਸਕੂਲਾਂ, ਨੌਕਰੀਆਂ ਆਦਿ ਤਿਆਗਣ ਦਾ ਆਦੇਸ਼ ਦਿੱਤਾ।

ਤਾਕਤ ਵਿਸ਼ੇ ਵਿਕਾਰਾਂ ਦੀ ਵੀ ਹੁੰਦੀ ਹੈ, ਅਹੰਕਾਰ, ਈਰਖਾ ਆਦਿ ਦੀਵੀ। ਪਰ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਕ ਐਸੀ ਰੂਹਾਨੀ ਅਤੇ ਅਧਿਆਤਮਿਕ ਤਾਕਤ ਦੀ ਬਖ਼ਸ਼ ਕੀਤੀ ਕਿ ਉਹ ਨਾਮ ਅਤੇ ਗੁਰਬਾਣੀ ਦੁਆਰਾ, ਧਰਮ, ਦੇਸ਼, ਗਊ ਗਰੀਬ ਦੀ ਰਕਸ਼ਾ ਵਾਸਤੇ ਆਪਣਾ ਆਪ ਨਿਛਾਵਰ ਕਰਨ ਤੋਂ ਕਦਾਚਿਤ ਵੀ ਭੈਅ ਨਹੀਂ ਸਨ ਕਰਦੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੰਗਰ ਨੂੰ ਬਹੁਤ ਮਹਾਨਤਾ ਦਿੱਤੀ ਹੈ। ਆਪ ਜੀ ਨੇ ੧੮੬੧ ਈ. ਸ੍ਰੀ ਭੈਣੀ ਸਾਹਿਬ ਸਦਾ-ਵਰਤ ਲੰਗਰ ਦੀ ਅਰੰਭਤਾ ਕੀਤੀ। ਆਪ ਜੀ ਨੇ ਆਪਣੇ ਕਰ ਕੰਵਲਾਂ ਨਾਲ ਲੋਹ ਤਿਆਰ ਕੀਤੀ ਅਤੇ ਆਈ ਗਈ ਸੰਗਤ ਨੂੰ ਚੌਵੀ ਘੰਟੇ ਪਰਸ਼ਾਦ ਪਾਣੀ ਮਿਲਣ ਲੱਗ ਪਿਆ। ਸਮਾਜ ਸੁਧਾਰ ਵਾਸਤੇ ਅਨੰਦ ਮਰਯਾਦਾ ੩ ਜੂਨ ੧੮੬੩ ਈ. ਨੂੰ ਪਿੰਡ ਖੋਟੇ ਜ਼ਿਲ੍ਹਾ ਫੀਰੋਜ਼ਪੁਰ ਤੋਂ ਅਰੰਭ ਕਰਵਾਈ। ੬ ਜੋੜਿਆਂ ਦੇ ਅੰਤਰਜਾਤੀ ਅਨੰਦ, ਹਵਨ ਕੁੰਡ ਦੁਆਲੇ, ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਲਾਵਾਂ ਦਾ ਪਾਠ ਕਰਕੇ ਫੇਰੇ ਦਿੱਤੇ ਗਏ। ਇਹ ਅਨੰਦ ਕਾਰਜ ਦਾਜ ਦਹੇਜ ਤੋਂ ਰਹਿਤ ਪਹਿਲੇ ਅਨੰਦ ਕਾਰਜ ਸਨ।

ਸਿੱਖ ਪੰਥ ਵਿਚ ਇਹ ਪਹਿਲਾ ਉਦਾਹਰਨ ਸੀ। ਇਸਨੂੰ ਅਧਾਰ ਮੰਨ ਕੇ ੨੨ ਅਕਤੂਬਰ ੧੯੦੯ ਵਿਚ ਭਾਰਤ ਸਰਕਾਰ ਨੇ ਅਨੰਦ ਮੈਰਿਜ ਐਕਟ ਪਾਸ ਕੀਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਮੂਹ ਪਰਿਵਾਰ ਅਤੇ ਹੋਰ ਸੇਵਕਾਂ ਸਹਿਤ ਅੰਮ੍ਰਿਤਸਰ ੨੫ ਅਕਤੂਬਰ ੧੮੬੭ ਈ. ਨੂੰ ਦਿਵਾਲੀ ਤੇ ਪੁਜੇ। ਦਰਬਾਰ ਸਾਹਿਬ ਅਕਾਲ ਤਖਤ ਤੇ ਪੁਜਾਰੀਆਂ ਨੇ ਅਰਦਾਸਾ ਨਾ ਸੋਧਣ ਦਿੱਤਾ। ਆਪ ਜੀ ਅਰਦਾਸ ਕਰਕੇ ਓਥੋਂ ਮੁੜ ਆਏ। ਅੰਮ੍ਰਿਤਸਰ ਦੀ ਇਸ ਦੀਵਾਲੀ ਦੀ ਵਿਸ਼ੇਸ਼ਤਾ ਇਹ ਸੀ ਕਿ ਨਾਮਧਾਰੀ ਪੰਥ ਵਿਚ ਇਸਤਰੀ ਪਰਚਾਰ ਲਈ ਵਿਲੱਖਣ ਪ੍ਰਬੰਧ ਕੀਤਾ ਜਾਵੇ। ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਵਰਿਆਹ ਦੇ ਜ਼ਿਮੀਂਦਾਰ ਸੰਤ ਰਤਨ ਸਿੰਘ ਦੀ ਸਪੁੱਤਰੀ ਬੀਬੀ ਹੁਕਮੀ ਨੂੰ ਸੂਬਾ ਥਾਪਿਆ ਗਿਆ ਤਾਂਕਿ ਇਸਤਰੀਆਂ ਨੂੰ ਅੰਮ੍ਰਿਤਧਾਰੀ ਸਜਾਉਣ ਵਿਚ ਸਹਾਇਤਾ ਮਿਲੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਸਾਮਰਾਜ

ਦਾ ਅੰਤ ਕਰਨ ਲਈ ਭਾਰਤ ਦੇ ਗੁਆਂਢੀ ਦੇਸ਼ਾਂ ਨਾਲ ਵੀ ਸਬੰਧ ਪੈਦਾ ਕੀਤੇ। ਨੇਪਾਲ, ਭੂਟਾਨ, ਕਸ਼ਮੀਰ, ਅਫਗਾਨਿਸਤਾਨ, ਰੂਸ ਆਦਿ ਦੇਸ਼ਾਂ ਵਿਚ ਉਹਨਾਂ ਦੇ ਹਾਕਮਾਂ ਨਾਲ ਸੰਬੰਧ ਕਾਇਮ ਕੀਤੇ।

ਨਾਮਧਾਰੀ ਇਤਿਹਾਸ ਵਿਚ ਸ਼ਹੀਦੀ ਸਾਕਾ ਇਕ ਬਹੁਤ ਹੀ ਦਰਦਨਾਕ ਘਟਨਾ ਹੈ। ਨਾਮਧਾਰੀ ਸਿੱਖਾਂ ਦੀ ਇਹੋ ਜਿਹੀ ਕੁਰਬਾਨੀ ਦਾ ਉਦਾਹਰਨ ਹੋਰ ਕਿਸੇ ਪਾਸਿਉਂ ਨਹੀਂ ਮਿਲਦਾ ਗਊ-ਬੱਧ ਦੇ ਸੰਘਰਸ਼ ਵਾਸਤੇ ਉਹਨਾਂ ਨੇ ਬਹੁਤ ਅਣਖੀਲਾ ਤਾਅ ਪੈਦਾ ਕੀਤਾ। ਅੰਮ੍ਰਿਤਸਰ, ਰਾਇਕੋਟ ਅਤੇ ਮਲੇਰਕੋਟਲੇ ਦੇ ਅਪਰਾਧੀ ਬੁਚੜਾਂ ਨੂੰ ਦੰਡ ਦਿੱਤੇ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪਣਾ ਦੋਸ਼ ਮੰਨ ਕੇ ਬੇਦੋਸ਼ਿਆਂ ਨੂੰ ਸਜ਼ਾਵਾਂ ਤੋਂ ਰਿਹਾ ਕਰਵਾਇਆ ਅਤੇ ਮਹਾਨ ਬਲੀਦਾਨ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਮੁਖਾਰਬਿੰਦ ਤੋਂ ਉਗਰਦੰਤੀ ਵਿਚ ਲਿਖਦੇ ਹਨ-

"ਗਊ ਘਾਤ ਕਾ ਦੋਖ ਜੱਗ ਸਿਉਂ ਮਿਟਾਉਂ"

ਅਤੇ

"ਅਸੁਰ ਮਾਰ ਕਰ ਰੱਛ ਗਊਅਨ ਕਰੀਜੇ"

ਫੇਰ

"ਮਿਟੇ ਕਸਟ ਗਊਅਨ ਛੁਟੇ ਖੇਦ ਭਾਰੀ"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਤੁਕਾਂ ਨੂੰ ਆਪਣੇ ਸਿੱਖਾਂ ਦੁਆਰਾ ਸਰੰਜਾਮ ਦਿੱਤਾ।

ਸਾਰੀ ਦੁਨੀਆ ਤੇ ਰਾਜ ਕਰਨ ਵਾਲੇ ਅੰਗਰੇਜ਼ ਸਾਮਰਾਜ ਦੇ ਹਾਕਮਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਖੌਫ, ਡਰ ਤੇ ਭੈਅ ਸੀ। ਉਹਨਾਂ ਨੂੰ ਇਹ ਪਤਾ ਸੀ ਕਿ ਸ਼ਹੀਦੀ ਸਾਕੇ ਤੋਂ ਬਾਦ ਕੋਈ ਨਾ ਕੋਈ ਗਦਰ ਮਚੇਗਾ।

੧੮ ਜਨਵਰੀ ੧੮੭੨ ਈ. ਨੂੰ ਸ੍ਰੀ ਸਤਿਗੁਰੂ ਜੀ ਨੂੰ ਦੇਸ਼ ਨਿਕਾਲਾ ਦਿੱਤਾ ਗਿਆ। ਆਪ ਜੀ ਅਤੇ ਆਪ ਜੀ ਦੇ ਪਰਮੁੱਖ ਸੂਬਿਆਂ ਨੂੰ ਪਹਿਲਾਂ ਲੁਧਿਆਣੇ ਰੇਲ ਰਾਹੀਂ ਪ੍ਰਯਾਗ ਰਾਜ ਇਲਾਹਾਬਾਦ ਦੇ ਕਿਲ੍ਹੇ ਵਿਚ ਭੇਜਿਆ ਗਿਆ ਅਤੇ ਫੇਰ ਕਲਕਤੇ ਤੋਂ ਸਮੁੰਦਰੀ ਜਹਾਜ਼ ਰਾਹੀਂ ਰੰਗੂਨ ਪਹੁੰਚਾ ਦਿੱਤਾ ਗਿਆ। ਅਨੇਕਾਂ ਹੀ ਸਿੱਖ ਮੁਸ਼ਕਿਲਾਂ ਅਤੇ ਕਠਿਨਾਈਆਂ ਦੇ ਬਾਵਜੂਦ ਇਥੋਂ ਸ੍ਰੀ ਸਤਿਗੁਰੂ ਜੀ ਦੇ ਹੁਕਮਨਾਮੇ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤਕ ਪਹੁੰਚਾਉਂਦੇ ਰਹੇ।

੧੮ ਸਤੰਬਰ ੧੮੮੦ ਈ. ਨੂੰ ਆਪ ਜੀ ਅਤੇ ਭਾਈ ਨਾਨੂੰ ਸਿੰਘ ਨੂੰ ਮਰਗੋਈ ਭੇਜ ਦਿੱਤਾ ਗਿਆ। ਭਾਈ ਨਾਨੂੰ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ੧੪ ਨਵੰਬਰ ੧੮੮੧ ਨੂੰ ਵਾਪਸ ਪੰਜਾਬ ਭੇਜ ਦਿੱਤਾ।

ਅੰਤ ਵਿਚ ਸ੍ਰੀ ਸਤਿਗੁਰੂ ਜੀ ਨੂੰ ਮਰਗੋਈ ਤੋਂ ਕਿਸੇ ਦੂਰ ਦਰੇਡੀ ਜਗ੍ਹਾ ਤੇ ਤਬਦੀਲ ਕਰਨਾ ਲਿਖਿਆ ਹੈ; ਕਿਉਂਕਿ ਸਿੱਖਾਂ ਦਾ ਮਰਗੋਈ ਵੀ ਸੰਪਰਕ ਬਣਿਆ ਹੋਇਆ ਸੀ।

ਸਵਤੰਤਰਤਾ ਸੰਘਰਸ਼ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੇਅੰਤ ਕਠਨਾਈਆਂ ਵਿਚੋਂ ਲੰਘ ਕੇ ਜਾਰੀ ਰੱਖਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇਸ਼ ਆਜ਼ਾਦ ਹੋਇਆ। ਅਤੇ ਲੋਕ ਜ਼ੁਲਮ ਤੋਂ ਰਹਿਤ ਸੁਖ ਦਾ ਸਾਹ ਲੈਣ ਲੱਗੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਘੋਰ ਕਲਯੁੱਗ ਦੇ ਸਮੇਂ ਵਿਚ ਸਾਰੇ ਸੰਸਾਰ ਤੇ ਆਪਣੀ ਕਿਰਪਾ ਕਰਕੇ ਨਦਰਿ ਦ੍ਰਿਸ਼ਟੀ ਕਰ ਰਹੇ ਹਨ। ਸ੍ਰੀ ਸਤਿਗੁਰੂ ਜੀ ਦਾ ਆਦੇਸ਼ ਹੈ ਕਿ ਸਾਡਾ ਜੀਵਨ ਵਧੀਆ ਬਣ ਸਕੇ। ਸਦਾਚਾਰਕ ਅਤੇ ਕਰਮਕਾਂਡੀ ਹੋਣ ਵਾਸਤੇ ਮਨੁੱਖ ਦਾ ਜੀਵਨ ਧਰਮੀ ਹੋਣਾ ਜ਼ਰੂਰੀ ਹੈ। ਭਜਨ, ਬਾਣੀ, ਸਿਮਰਨ ਸਤਿਸੰਗ, ਸੇਵਾ, ਸ਼ੁੱਧ ਆਤਮਕ ਵਿਚਾਰ, ਗਿਆਨ, ਵੈਰਾਗ ਆਦਿ ਗੁਣਾਂ ਨੂੰ ਗ੍ਰਹਿਣ ਕਰਨ ਨਾਲ ਸਾਡੀ ਮਤ ਸੁਜਾਨ ਹੋ ਸਕਦੀ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚ ਲਿਖਿਆ ਹੈ-

"ਦੇਖੋ ਨਾਮ ਵਿਚ ਕੇਡੀ ਕਲਾ ਹੈ ਜੋ ਕਈ ਹਜ਼ਾਰ ਭੋਗ ਪਾਇਆ ਹੈ ਨਾਮ ਕੀ ਕਲਾ ਸੇ"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ-

"ਜੇ ਸੋਨੇ ਵਿਚ ਸੁਗੰਧੀ, ਖੁਸ਼ਬੂਰ ਪੈ ਜਾਵੇ ਤਾਂ ਉਹ ਅਨਮੋਲ ਹੋ ਜਾਏਗਾ।"

ਸਤਿਗੁਰੂ ਜੀ ਆਪਣੀ ਸਾਧ ਸੰਗਤ ਨੂੰ ਏਸਤਰਾਂ ਦਾ ਬਣਾਉਣਾ ਚਾਹੁੰਦੇ ਹਨ।

ਸ੍ਰੀ ਸਤਿਗੁਰੂ ਜੀ ਸੰਜੀਦਗੀ ਦੇ ਪ੍ਰਤੀਕ ਹਨ, ਆਪ ਜੀ ਦਾ ਹਿਰਦਾ ਇਤਨਾ ਵਿਸ਼ਾਲ ਹੈ, ਆਪ ਜੀ ਆਪਣੀ ਸਾਧ ਸੰਗਤ ਦੇ ਅਵਗੁਣ ਨਾ ਚਿਤਾਰਦੇ ਹੋਏ ਬਖਸ਼ਬੰਦੀ ਦੇ ਭੰਡਾਰੇ ਵੀ ਖੋਲ੍ਹਦੇ ਹਨ ਅਤੇ ਨਾਲ ਸਾਧ ਸੰਗਤ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰਨ ਸਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਯੋਗ ਬਣਾ ਦੇਣ। ਕਿਉਂਕਿ-

"ਹਮਰੇ ਅਵਗੁਣਿ ਬਹੁਤ ਬਹੁਤ ਹੈਂ
ਬੋਹਿ ਬਾਰ ਬਾਰ ਹਰਿ ਗਣਿਤ ਨਾ ਆਵੈ
ਤੂੰ ਗੁਣਵੰਤਾ ਹਰਿ ਹਰਿ ਦਿਆਯਲ
ਹਰਿ ਆਪੇ ਬਖਸ ਲੈ ਹਰਿ ਭਾਵੇ।"







ਸੂਫ਼ੀ-ਸਾਧਨਾ

-ਡਾ. ਨਰੇਸ਼

ਭਾਵੇਂ ਮੈਂ ਆਪ ਵੀ ਸੂਫ਼ੀਆਂ ਦੀ ਵਿਚਾਰਧਾਰਾ ਅਤੇ ਦਰਸ਼ਨ ਲਈ ਆਮ ਪ੍ਰਚਲਤ ਸ਼ਬਦ 'ਸੂਫ਼ੀ ਮਤ' ਦਾ ਹੀ ਪ੍ਰਯੋਗ ਕੀਤਾ ਹੈ, ਪਰ ਸੂਫ਼ੀਆਂ ਦੀ ਸਾਧਨਾ-ਵਿਧੀ ਨੂੰ ਸੂਫ਼ੀ ਮਤ ਆਖਣਾ ਉਚਿਤ ਨਹੀਂ ਹੈ, ਕਿਉਂਕਿ ਸੂਫ਼ੀ ਮਤ ਕੋਈ ਮਤ ਨਹੀਂ ਹੈ। ਹਰ ਉਹ ਸਾਧਕ ਸੂਫ਼ੀ ਹੁੰਦਾ ਹੈ, ਜਿਸਦੀ ਆਤਮਾ ਆਪਣੇ ਮੁੱਢ ਅਰਥਾਤ ਪਰਮਾਤਮਾ ਦੇ ਵਿਜੋਗ ਵਿਚ ਵਿਆਕੁਲ ਅਤੇ ਉਸਨੂੰ ਮਿਲਣ ਲਈ ਨਿਰੰਤਰ ਕ੍ਰਿਆਸ਼ੀਲ ਹੈ। ਇਸ ਲਈ ਸੂਫ਼ੀ ਮਤ ਦਾ ਅਧਿਐਨ ਹੋਰਨਾਂ ਮਤ-ਮਤਾਂਤਰਾਂ ਵਾਂਗ ਕਿਸੇ ਵਿਸ਼ੇਸ਼ ਦਰਸ਼ਨ ਜਾਂ ਕਿਸੇ ਵਿਸ਼ੇਸ਼ ਪ੍ਰਕਾਰ ਦੇ ਕਾਰਜ ਵਿਹਾਰ ਨੂੰ ਦ੍ਰਿਸ਼ਟੀਗਤ ਕਰਕੇ ਨਹੀਂ ਕੀਤਾ ਜਾ ਸਕਦਾ। ਸੰਖੇਪ ਇਹ ਕਿ ਸੂਫ਼ੀ ਮਤ ਇਕ ਵਿਸ਼ੇਸ਼ ਪ੍ਰਕਾਰ ਦੀ ਅਨੁਭੂਤੀ ਹੈ, ਜੋ ਨਿਰੀ ਆਤੰਰਿਕ ਹੈ ਤੇ ਜਿਸ ਦਾ ਅਰਥ ਅਤੇ ਮਹੱਤਵ ਹਰ ਸੂਫ਼ੀ ਲਈ ਨਿਰੋਲ ਵਿਅਕਤੀਗਤ ਹੁੰਦਾ ਹੈ। ਇਸੇ ਕਰਕੇ ਸੂਫ਼ੀ ਸਾਧਕਾਂ ਦੇ ਅਧਿਆਤਮਿਕ ਅਨੁਭਵਾਂ ਨੂੰ ਵੀ ਕਿਸੇ ਗਿਣੇ-ਮਿਥੇ ਸਿਧਾਂਤ ਵਿਚ ਢਾਲਣਾ ਸੰਭਵ ਨਹੀਂ ਹੈ। ਇਸੇ ਤਰ੍ਹਾਂ ਇਸ ਅਨੁਭੂਤੀ ਦਾ ਪ੍ਰਤੀਫਲ 'ਅਨੰਦ' ਵੀ ਲਾਜ਼ਮੀ ਤੌਰ 'ਤੇ ਸਾਰੇ ਸਾਧਕਾਂ ਲਈ ਇਕੋ ਜਿਹਾ ਨਹੀਂ ਹੁੰਦਾ। ਸਾਧਕ ਜਿਸ ਭਾਵਪੂਰਨ ਅਵਸਥਾ ਨੂੰ ਆਪਣਾ ਜੀਵਨ ਵਿਹਾਰ ਬਣਾ ਕੇ ਜਿਉਂਦਾ ਹੈ, ਉਸਨੂੰ ਬੁੱਧੀ ਜਾਂ ਤਰਕ ਦੁਆਰਾ ਸਮਝਣਾ ਜਾਂ ਉਸਦਾ ਵਿਸ਼ਲੇਸ਼ਣ ਕਰਨਾ ਵੀ ਸੰਭਵ ਨਹੀਂ ਹੈ।

ਸੂਫ਼ੀ ਮਤ ਦੇ ਵਿਚਾਰਕਾਂ ਅਤੇ ਵਿਦਵਾਨਾਂ ਨੇ ਸੂਫ਼ੀਆਂ ਦੀਆਂ ਰਚਨਾਵਾਂ ਵਿਚ ਉਪਲਬਧ ਸੰਕੇਤਾਂ, ਅਨੁਭਵਾਂ ਦੇ ਵੇਰਵਿਆਂ ਅਤੇ ਉਕਤੀਆਂ ਦੇ ਆਧਾਰ 'ਤੇ ਸਾਧਕਾਂ ਦੀ ਵਿਹਾਰ ਪ੍ਰਣਾਲੀ ਅਤੇ ਦਾਰਸ਼ਨਿਕ ਸਿਧਾਂਤ ਬਣਾਉਣ ਦੇ ਯਤਨ ਕੀਤੇ ਹਨ, ਪਰ ਅਨੇਕ ਮੁੱਦਿਆਂ 'ਤੇ ਉਨ੍ਹਾਂ ਵਿਚਕਾਰ ਸਹਿਮਤੀ ਨਹੀਂ ਹੋ ਸਕੀ ਹੈ। ਕਾਰਨ ਇਹ ਕਿ ਫੁੱਲ ਦੀ ਸਰੀਰ-ਰਚਨਾ ਦੇ ਅਧਿਐਨ ਵਿਚ ਤਾਂ ਖੋਜਕਾਰਾਂ ਦਾ ਸਹਿਮਤ ਹੋਣਾ ਸੰਭਵ ਹੈ, ਪਰ ਫੁੱਲ ਦੀ ਖੁਸ਼ਬੂ ਦੇ ਵਿਸ਼ਲੇਸ਼ਣ ਵਿਚ ਹਰ ਖੋਜਕਾਰ ਦਾ ਅਨੁਭਵ ਵੱਖਰਾ ਹੋ ਜਾਂਦਾ ਹੈ ਕਿਉਂਕਿ ਸੁਗੰਧ ਦਾ ਅਨੁਭਵ ਹਰ. ਵਿਅਕਤੀ ਦਾ ਵਿਅਕਤੀਗਤ ਅਨੁਭਵ ਹੁੰਦਾ ਹੈ।

ਇਸ ਦਾ ਅਰਥ ਇਹ ਨਹੀਂ ਕਿ ਸੂਫ਼ੀਆਂ ਦੀ ਸਾਧਨਾ ਨੂੰ ਵਿਧੀ ਹੀ ਨਹੀਂ ਆਖਿਆ ਜਾਣਾ ਚਾਹੀਦਾ ਜਾਂ ਇਸ ਦੀ ਪਿੱਠਭੂਮੀ ਵਿਚ ਕਾਰਜਰਤ ਦਰਸ਼ਨ ਦਾ ਅਧਿਐਨ ਜਾਂ ਵਿਸ਼ਲੇਸ਼ਣ ਨਹੀਂ ਕੀਤਾ ਜਾਣਾ ਚਾਹੀਦਾ। ਧਿਆਨਯੋਗ ਨੁਕਤਾ ਇਹ ਹੈ ਕਿ ਭਾਵੇਂ ਅੰਤਰ ਅਤੇ ਜਗਤ ਦੇ ਸਾਰ-ਤੱਤਾਂ ਅਤੇ ਸੰਬੰਧਾਂ ਨੂੰ ਸੂਫ਼ੀ-ਸਾਧਕ ਦੀ ਦ੍ਰਿਸ਼ਟੀ ਤੋਂ ਵੇਖਣ ਦਾ ਯਤਨ ਕੀਤਾ ਜਾ ਸਕਦਾ ਹੈ, ਪਰ ਉਸਦੀ ਭਾਵਪੂਰਨ ਅਵਸਥਾ ਨਾਲ ਸਾਖਿਤਾਕਾਰ ਕਰਨ ਲਈ ਛੁੱਟ ਅਨੁਭਵ ਤੋਂ ਹੋਰ ਕੋਈ ਚਾਰਾ ਨਹੀਂ ਹੈ।

ਆਓ, ਪਹਿਲਾਂ ਇਹ ਵੇਖੀਏ ਕਿ ਵਿਭਿੰਨ ਵਿਚਾਰਕਾਂ ਨੇ ਸੂਫ਼ੀਆਂ ਦੀਆਂ ਉਕਤੀਆਂ ਤੇ ਰਚਨਾਵਾਂ ਦੇ ਆਧਾਰ 'ਤੇ ਸੂਫ਼ੀ-ਦਰਸ਼ਨ ਨੂੰ ਕਿਵੇਂ ਰੇਖਾਂਕਿਤ ਕੀਤਾ ਹੈ।

ਨਿਕਲਸਨ ਅਨੁਸਾਰ ਸੂਫ਼ੀ ਖ਼ੁਦਾ ਦੇ ਨੂਰ ਪ੍ਰਤੀ ਮੁਹੱਬਤ ਦਾ ਜਜ਼ਬਾ ਲੈ ਕੇ ਤੁਰਦਾ ਹੈ।[1] ਸਿਧਾਂਤ ਰੂਪ ਵਿਚ ਨਿਕਲਸਨ ਦੇ ਇਸ ਵਿਚਾਰ ਨੂੰ ਸੂਤਰ ਮੰਨ ਕੇ ਤੁਰਨਾ ਔਖਾ ਜਾਪਦਾ ਹੈ ਕਿਉਂਕਿ ਜਦੋਂ ਤਕ ਵਿਅਕਤੀ ਦੀ ਇਹ ਨਿਸ਼ਠਾ ਨਹੀਂ ਬਣ ਜਾਂਦੀ ਕਿ ਖ਼ੁਦਾ ਦਾ ਨੂਰ ਹੀ ਸ੍ਰਿਸ਼ਟੀ ਦੇ ਕਣ-ਕਣ ਵਿਚ ਪ੍ਰਕਾਸ਼ਮਾਨ ਹੋ ਰਿਹਾ ਹੈ, ਉਦੋਂ ਤਕ ਉਸਦਾ 'ਨੂਰ' ਦਾ ਸੰਕਲਪ ਹੀ ਮੁਕੰਮਲ ਨਹੀਂ ਹੁੰਦਾ। ਦੂਜੀ ਗੱਲ ਇਹ ਕਿ ਜਦੋਂ ਤਕ ਵਿਅਕਤੀ ਨੂੰ ਆਤਮ-ਗਿਆਨ ਪ੍ਰਾਪਤ ਨਹੀਂ ਹੁੰਦਾ, ਜਦੋਂ ਤਕ ਉਹ ਆਤਮ-ਅਨੁਭੂਤੀ ਦੁਆਰਾ ਆਤਮ-ਪਛਾਣ ਪ੍ਰਾਪਤ ਨਹੀਂ ਕਰਦਾ, ਉਦੋਂ ਤਕ ਖ਼ੁਦਾ ਦੇ ਨੂਰ ਪ੍ਰਤੀ ਮੁਹੱਬਤ ਦਾ ਜਜ਼ਬਾ ਹੀ ਉਸਦੇ ਅੰਦਰ ਪੈਦਾ ਨਹੀਂ ਹੁੰਦਾ। ਇਸ ਲਈ ਸੂਫ਼ੀ ਮਤ ਨੂੰ ਕੇਵਲ "ਖ਼ੁਦਾ ਦੇ ਨੂਰ ਪ੍ਰਤੀ ਮੁਹੱਬਤ ਦਾ ਜਜ਼ਬਾ" ਆਖਣਾ ਸਰਾਂਸਰ ਅਪੂਰਨ ਤੇ ਕਸਰਵੰਦਾ ਵਿਚਾਰ ਹੈ।

ਪੰਡਤ ਰਾਮਪੂਜਨ ਤਿਵਾਰੀ ਨਿਕਲਸਨ ਦੇ ਕਥਨ ਨੂੰ ਰਤਾ ਵਿਆਖਿਆ ਪੂਰਬਕ ਪ੍ਰਸਤੁਤ ਕਰਕੇ ਆਖਦੇ ਹਨ ਕਿ "ਸੂਫ਼ੀ ਪਰਮਾਤਮਾ ਤੋਂ ਛੁੱਟ ਹੋਰ ਕਿਸੇ ਸ਼ਕਤੀ ਨੂੰ ਸਵੀਕਾਰ ਨਹੀਂ ਕਰਦੇ। ਸਿੱਟੇ ਵਜੋਂ ਉਨ੍ਹਾਂ ਦੇ ਸਾਮ੍ਹਣੇ ਪਰਮਾਤਮਾ ਦਾ ਸਰਬਗਤ ਰੂਪ ਸਦਾ ਕਾਇਮ ਰਹਿੰਦਾ ਹੈ। ਉਸਦੀ ਪ੍ਰਾਪਤੀ ਲਈ ਉਹ ਪ੍ਰੇਮ ਦਾ ਸਹਾਰਾ ਲੈਂਦੇ ਹਨ ਅਤੇ ਉਸਨੂੰ ਪਾਉਣ ਦੀ ਲੋਚਾ ਵਿਚ ਪਾਗਲ ਹੋਏ ਰਹਿੰਦੇ ਹਨ।[2] 'ਇਥੇ ਭਾਵੇਂ ਖ਼ੁਦਾ ਦੇ ਨੂਰ ਨੂੰ ਸਰਬ-ਵਿਆਪੀ ਤੇ ਸਰਬ-ਉੱਚ ਕਹਿ ਕੇ ਇਸਦੀ ਵਿਆਖਿਆ ਕਰ ਦਿੱਤੀ ਗਈ ਹੈ, ਪਰ ਅਜਿਹੀ ਸ਼ਕਤੀ ਦੇ ਪ੍ਰਤੀ ਪਾਗਲਪਨ ਦੀ ਸੀਮਾ ਤਕ ਪੁੱਜਣ ਵਾਲਾ ਪ੍ਰੇਮ ਕਿਵੇਂ ਪੈਦਾ ਹੁੰਦਾ ਹੈ, ਇਹ ਸਪੱਸ਼ਟ ਨਹੀਂ ਕੀਤਾ ਗਿਆ। ਸਰਬ-ਉੱਚ, ਸਰਬ-ਸ਼ਕਤੀਮਾਨ, ਸਰਬ-ਗਿਆਤਾ, ਸਰਬ-ਸੁਆਮੀ ਦੇ ਪ੍ਰਤੀ ਸ਼ਰਧਾ ਭਾਵ ਦਾ ਜਾਗ੍ਰਤ ਹੋਣਾ ਤਾਂ ਠੀਕ ਵਿਖਾਈ ਦਿੰਦਾ ਹੈ, ਪਰ ਉਸਨੂੰ ਪਾਗਲਾਂ ਵਾਂਗ ਪਿਆਰ ਕਰਨ ਦਾ ਢੁੱਕਵਾਂਪਨ ਸਮਝ ਨਹੀਂ ਆਉਂਦਾ।

ਸ਼ਿਵ ਸਹਾਇ ਪਾਠਕ ਦੀ ਮਾਨੰਤਾ ਹੈ ਕਿ "ਈਸ਼ਵਰ ਨੂੰ

ਪਿਆਰ ਕਰਨਾ, ਉਸਦੇ ਪ੍ਰੇਮ ਦੀ ਅਨੁਭੂਤੀ ਦੁਆਰਾ ਉਸਦਾ ਸਾਖਿਆਤਕਾਰ ਕਰਨਾ ਅਤੇ ਉਸਦੀ ਹੋਂਦ ਵਿਚ ਆਪਣੀ ਹੋਂਦ ਨੂੰ ਰਲਾ ਦੇਣਾ ਹੀ ਸੂਫ਼ੀ ਸਾਧਨਾ ਦਾ ਅੰਤਮ ਲਖਸ਼ ਹੈ।"[3] ਸਵਾਲ ਤਾਂ ਵੀ ਆਪਣੀ ਥਾਂ ਉਵੇਂ ਦਾ ਉਵੇਂ ਖਲੋਤਾ ਰਹਿੰਦਾ ਹੈ ਕਿ ਇਸਲਾਮ ਨੇ ਜਿਸ ਭੈਕਾਰਕ, ਸ਼ਕਤੀਮਾਨ ਪ੍ਰਭੂ ਦਾ ਰੂਪ ਸਾਡੇ ਸਾਮ੍ਹਣੇ ਰੱਖਿਆ ਹੈ, ਉਸਦੇ ਪ੍ਰਤੀ ਸੂਫ਼ੀ ਸਾਧਕ ਦੇ ਹਿਰਦੇ ਵਿਚ ਪ੍ਰੇਮ ਦੀ ਵਿਆਕੁਲਤਾ ਜਾਂ ਸ਼ੁਦਾਅ ਕਿਵੇਂ ਪੈਦਾ ਹੋ ਸਕਦਾ ਹੈ?

ਡਾ. ਵਿਮਲ ਕੁਮਾਰ ਜੈਨ ਦੇ ਅਨੁਸਾਰ "ਇਕਰੂਪਤਾ ਦੀ ਭਾਵਨਾ ਨਾਲ ਗੜੂੰਦ ਸੂਫ਼ੀ ਦਾ ਹਿਰਦਾ ਆਤਮ-ਸ੍ਰੋਤ ਦੀ ਭਾਲ ਵਿਚ ਰੁੱਝਿਆ ਰਹਿੰਦਾ ਹੈ। ਉਹ ਆਪਣੇ ਅੰਦਰੋਂ ਆਪਣਾ ਆਪਾ ਲੱਭਦਾ ਹੈ। ਸ਼ੁਰੂ-ਸ਼ੁਰੂ ਵਿਚ ਉਹ ਬੁੱਧੀ ਨੂੰ ਸੱਚ ਦੀ ਭਾਲ ਵਿਚ ਅਸਮਰਥ ਅਤੇ ਕੇਵਲ ਮਾਰਗ ਦਰਸਾਉਣ ਯੋਗ ਜਾਣ ਕੇ ਉਸ ਦਾ ਖਹਿੜਾ ਛੱਡ ਦਿੰਦਾ ਹੈ।"[4] ਭਾਵ ਇਹ ਕਿ ਸੂਫ਼ੀਆਂ ਲਈ ਆਤਮ-ਗਿਆਨ ਬ੍ਰਹਮ-ਗਿਆਨ ਦੀ ਪਹਿਲੀ ਪੌੜੀ ਹੈ। ਇਸ ਸਮਝ ਲੈਣ ਤੇ ਕਿ ਮਨੁੱਖੀ ਸਰੀਰ ਅੰਦਰ ਜੋ ਆਤਮਾ ਨਿਵਾਸ ਕਰ ਰਹੀ ਹੈ, ਉਹ ਅਸਲੋਂ ਬ੍ਰਹਮ-ਅੰਸ਼ ਹੈ, ਦਿੱਵ-ਅੰਸ਼ ਹੈ, ਉਹ ਪੂਰਨ ਦੀ ਖੋਜ ਵੱਲ ਤੁਰ ਪੈਂਦਾ ਹੈ। ਬੁੱਧੀ ਨੇ ਸਿਰਫ਼ ਉਸ ਨੂੰ ਰਾਹ ਵਿਖਾਈ ਸੀ ਪਰ ਇਸ ਰਾਹ 'ਤੇ ਉਹ ਬੁੱਧੀ ਦੇ ਆਸਰੇ ਨਹੀਂ ਤੁਰ ਸਕਦਾ ਸੀ। ਇਸ ਰਾਹ 'ਤੇ ਤੁਰਨ ਲਈ ਭਾਵਨਾ ਦੇ ਆਸਰੇ ਦੀ ਲੋੜ ਹੁੰਦੀ ਹੈ, ਇਸ ਲਈ ਉਹ ਬੁੱਧੀ ਨੂੰ ਤਿਆਗ ਕੇ ਭਾਵਨਾ ਦਾ ਪੱਲਾ ਫੜ ਲੈਂਦਾ ਹੈ। ਇਹੋ ਭਾਵਨਾ ਉਸਦੀ ਮਸਤੀ ਦਾ ਸੋਮਾਂ ਬਣਦੀ ਹੈ। ਇਸੇ ਤੱਥ ਨੂੰ ਅਬੁਲ ਹਸਨ ਨੂਰੀ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ "ਸੂਫ਼ੀ ਸਾਧਕ ਪਰਮਾਤਮਾ ਦੇ ਮਾਧਿਅਮ ਤੋਂ ਹੀ ਪਰਮਾਤਮਾ ਨੂੰ ਜਾਣ ਪਾਉਂਦਾ ਹੈ।"[5]

ਅਲੀ ਅੱਬਾਸ ਜਲਾਲਪੁਰੀ ਸਪੱਸ਼ਟ ਕਰਦਾ ਹੈ ਕਿ ਅਰਬਾਂ ਲਈ ਅਜਿਹੇ ਖ਼ੁਦਾ ਦੀ ਕਲਪਨਾ ਸੰਭਵ ਨਹੀਂ ਸੀ, ਜਿਹੜਾ ਸ੍ਰਿਸ਼ਟੀ ਵਿਚ ਰਸਿਆ-ਵਸਿਆ ਹੋਵੇ[6] ਤੇ ਇਸ ਅਦ੍ਵੈਤ ਦੀ ਭਾਵਨਾ ਤੋਂ ਬਿਨਾ ਖ਼ੁਦਾ ਨੂੰ ਪਿਆਰ ਕਰਨਾ ਸੰਭਵ ਨਹੀਂ ਹੈ। ਡਾ. ਮੋਹਨ ਸਿੰਘ ਸੂਫ਼ੀ ਨੂੰ ਰੱਬ ਦਾ ਸ਼ੀਸ਼ਾ ਆਖਦਾ ਹੈ ਤੇ ਦਿਨੇ-ਰਾਤੀਂ ਰੱਬੀ ਮਿਲਾਪ ਦੀ ਤਾਂਘ ਵਿਚ ਰਹਿਣ ਵਾਲਾ ਆਖਦਾ ਹੈ[7], ਪਰ ਉਹ ਇਹ ਸਪੱਸ਼ਟ ਨਹੀਂ ਕਰਦਾ ਕਿ 'ਉਸ ਪਰੀਪੂਰਨ, ਸਭ ਥਾਂ ਹਾਜ਼ਰ-ਨਾਜ਼ਰ' ਨੂੰ ਟੁੱਟ ਕੇ ਪਿਆਰ ਕਿਵੇਂ ਕੀਤਾ ਜਾ ਸਕਦਾ ਹੈ। ਪ੍ਰੋ. ਕਿਸ਼ਨ ਸਿੰਘ ਵੀ ਇਹੋ ਸਵੀਕਾਰ ਕਰਦਾ ਹੈ ਕਿ "ਸੂਫ਼ੀ ਦਾ ਲਖਸ਼ ਉਸ ਸਰਬ-ਸ਼ਕਤੀਮਾਨ, ਸਰਬ-ਵਿਆਪਕ ਰੱਬ ਵਿਚ ਇਕਮਿਕ ਹੋਣਾ ਹੈ। ਇਸ ਪ੍ਰਾਪਤੀ ਦਾ ਸਾਧਨ, ਸੂਫ਼ੀ ਦੇ ਮੁਤਾਬਿਕ, ਪ੍ਰੇਮ, ਇਸ਼ਕ ਹੈ।[8]" ਕਿਸ਼ਨ ਸਿੰਘ ਵੀ ਇਹ ਦੱਸਣੋਂ ਅਸਮਰਥ ਹੈ ਕਿ ਪ੍ਰੇਮ ਅਤੇ ਭੈ ਨਾਲ-ਨਾਲ ਕਿਵੇਂ ਤੁਰਦੇ ਹਨ। ਪ੍ਰੋ. ਸ. ਸ. ਅਮੋਲ ਵੀ ਭਾਵੇਂ ਸੂਫ਼ੀ ਦੇ ਪ੍ਰਭੂ-ਪ੍ਰੇਮ ਨੂੰ 'ਗਰਮ ਯਾ ਤੇਜ਼ ਇਸ਼ਕ' ਦੱਸਦਾ ਹੈ[9], ਪਰ ਉਸ ਨੇ ਵੀ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਇਸਲਾਮ ਦਾ ਭੈ-ਰੂਪ ਪ੍ਰਭੂ ਸੂਫ਼ੀ ਦਾ 'ਮਾਸ਼ੂਕ' ਕਿਵੇਂ ਤੇ ਕਦੋਂ ਬਣਿਆ।

ਡਾ. ਦੀਵਾਨ ਸਿੰਘ ਇਹ ਸਵੀਕਾਰ ਕਰਦਾ ਹੈ ਕਿ "ਸੂਫ਼ੀਮਤ ਇਸਲਾਮ ਦੀ ਧਾਰਮਿਕ ਵਲਗਣ ਦੇ ਅੰਦਰ ਹੀ ਇਕ ਮਹਾਨ ਰਹੱਸਵਾਦੀ ਸੰਸਥਾ ਹੈ, ਜੋ ਇਸਲਾਮੀ ਸ਼ਰੀਅਤ ਨੂੰ ਆਪਣਾ ਆਧਾਰ ਬਣਾ ਕੇ ਅਸਲੀ ਅਧਿਆਤਮਿਕ ਵਿਕਾਸ ਪ੍ਰਾਪਤ ਕਰਦੀ ਹੈ[10]," ਪਰ ਉਸ ਦੇ ਵਿਵੇਚਨ ਵਿਚ ਵੀ ਸਾਡੇ ਮੂਲ ਪ੍ਰਸ਼ਨ ਦਾ ਉੱਤਰ ਗਾਇਬ ਹੈ।

ਇਸ ਚਰਚਾ ਤੋਂ ਇਕ ਗੱਲ ਜੋ ਸਪੱਸ਼ਟ ਹੁੰਦੀ ਹੈ, ਉਹ ਇਹ ਕਿ ਸੂਫ਼ੀ ਸਾਧਨਾ ਵਾਸਤਵ ਵਿਚ ਪ੍ਰੇਮ-ਸਾਧਨਾ ਹੈ। ਜਿਨ੍ਹਾਂ ਵਿਚਾਰਕਾਂ ਦੀਆਂ ਰਾਵਾਂ ਨੂੰ ਆਧਾਰ ਬਣਾ ਕੇ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ, ਅਸਲ ਵਿਚ, ਉਨ੍ਹਾਂ ਦੀ ਇਸ ਮਾਨੰਤਾ ਦਾ ਆਧਾਰ ਵੀ ਸੂਫ਼ੀ-ਸਾਧਨਾਂ ਦੇ ਆਪਣੇ ਬਚਨ ਹਨ।

ਪ੍ਰਸਿੱਧ ਸੂਫ਼ੀ ਸਾਧਿਕਾ ਰਾਬੀਆ ਦਾ ਕਥਨ ਹੈ ਕਿ ਸੂਫ਼ੀ ਦੀ ਪਿਆਸ ਉਦੋਂ ਤਕ ਨਹੀਂ ਮਿਟਦੀ, ਜਦੋਂ ਤਕ ਉਹ ਬ੍ਰਹਮ ਵਿਚ ਲੀਨ ਨਹੀਂ ਹੋ ਜਾਂਦਾ[11]।" ਇਸ ਆਧਾਰ ਹੈ ਸੂਫ਼ੀ ਸਾਧਨਾ ਦਾ ਸਭ ਤੋਂ ਮਹੱਤਵ ਪੂਰਨ ਤੱਤ 'ਪਿਆਸ' ਵਿਖਾਈ ਦਿੰਦਾ ਹੈ। ਜਦੋਂ ਤੱਕ ਵਿਅਕਤੀ ਦੇ ਅੰਦਰ ਬ੍ਰਹਮ ਨਾਲ ਇਕਮਿਕ ਹੋਣ ਦੀ ਪਿਆਸ ਜਾਗ੍ਰਤ ਨਹੀਂ ਹੁੰਦੀ, ਉਦੋਂ ਤਕ ਉਸਦਾ ਸਾਧਨਾ-ਮਾਰਗ 'ਤੇ ਆਉਣਾ ਹੀ ਸੰਭਵ ਨਹੀਂ ਹੈ। ਇਹ ਪਿਆਸ ਵੀ ਉਦੋਂ ਹੀ ਜਾਗ੍ਰਤ ਹੋਵੇਗੀ, ਜਦੋਂ ਵਿਅਕਤੀ ਦੀ ਸੰਪੂਰਨ ਨਿਸ਼ਠਾ ਪ੍ਰਭੂ ਦੇ ਏਕਤਵ ਅਤੇ ਉਸ ਦੀ ਸਭ ਥਾਈਂ ਵਿੱਦਮਾਨਤਾ ਉਪਰ ਕੇਂਦ੍ਰਿਤ ਹੋ ਕੇ ਸਿਰਫ਼ ਉਸੇ ਨੂੰ ਪ੍ਰੇਮ ਦੇ ਯੋਗ ਸਮਝੇਗੀ।

ਹਜ਼ਰਤ ਮੁਈਨੁੱਦੀਨ ਚਿਸ਼ਤੀ ਨੇ ਬੜੇ ਸਰਲ ਢੰਗ ਨਾਲ ਇਸ ਪ੍ਰਸ਼ਨ ਦਾ ਉੱਤਰ ਦਿੱਤਾ ਹੈ ਕਿ ਸੂਫ਼ੀ ਇਸਲਾਮ ਵਲੋਂ ਪ੍ਰਾਪਤ ਖ਼ੁਦਾ ਦੇ ਵਿਕਰਾਲ ਰੂਪ ਨੂੰ ਇਸ਼ਕ ਕਿਵੇਂ ਕਰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੂਫ਼ੀ ਸਾਧਕ "ਅਕਲ ਦੀ ਅੱਖ ਨਾਲ ਮਹਿਬੂਬ ਦੇ ਹੁਸਨ ਨੂੰ ਨਹੀਂ ਵੇਖਦਾ, ਸਗੋਂ ਮਜਨੂੰ ਦੀ ਅੱਖ ਨਾਲ ਲੈਲਾ ਨੂੰ ਵੇਖਦਾ ਹੈ।[12]" ਕਿਉਂਕਿ ਜੇ ਉਹ ਬੁੱਧੀ ਦੁਆਰਾ ਪ੍ਰਭੂ ਦੇ ਰੂਪ ਨੂੰ ਜਾਨਣ ਦਾ ਯਤਨ ਕਰੇਗਾ ਤਾਂ ਉਸ ਦੇ ਦਿਲ-ਦਿਮਾਗ 'ਤੇ ਉਹੋ ਚਿੱਤਰ ਉੱਭਰੇਗਾ, ਜਿਹੜਾ ਇਸਲਾਮ ਨੇ ਪੇਸ਼ ਕੀਤਾ ਹੈ। ਇਸ ਦੇ ਉਲਟ ਉਹ ਪ੍ਰਭੂ ਨੂੰ ਵੇਖਦਾ ਹੀ ਇਕ ਪ੍ਰੇਮੀ (ਆਸ਼ਿਕ) ਦੀ ਨਜ਼ਰ ਨਾਲ ਹੈ। ਇਸਲਾਮ ਦੁਆਰਾ ਪ੍ਰਸਤੁਤ ਪ੍ਰਭੂ-ਰੂਪ ਉਸ ਦੇ ਲਈ ਗੌਣ ਹੋ ਜਾਂਦਾ ਹੈ। ਉਹ ਆਪਣੀ ਸੰਪੂਰਨ ਚਾਹਤ, ਸੰਪੂਰਨ

ਪ੍ਰੇਮ, ਉਸ ਪਰਮ ਪਿਆਰੇ 'ਤੇ ਲੁਟਾ ਕੇ ਸਿਰਫ਼ ਉਸੇ ਦਾ ਹੋ ਰਹਿੰਦਾ ਹੈ।

ਪ੍ਰੇਮ ਦੀ ਇਹੋ ਇਕਹਿਰੀ ਅਵਸਥਾ ਉਸ ਦੇ ਆਚਰਣ ਨੂੰ ਏਨਾ ਪਵਿੱਤਰ, ਏਨਾ ਮੈਲ-ਰਹਿਤ ਬਣਾ ਦਿੰਦੀ ਹੈ ਕਿ ਪ੍ਰਭੂ ਨਾਲ ਹੀ ਨਹੀਂ, ਸਗੋਂ ਸਾਰੀ ਸ੍ਰਿਸ਼ਟੀ ਨਾਲ ਉਸਦਾ ਸੰਬੰਧ ਰਾਗਾਤਮਕ ਹੋ ਜਾਂਦਾ ਹੈ। ਉਹ ਆਪਣੇ ਸੰਸਾਰਿਕ ਕੰਮਾਂ ਦੀ ਪੂਰਤੀ ਵੀ ਇਸ ਤਰ੍ਹਾਂ ਨਾਲ ਕਰਦਾ ਹੈ ਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ ਵੀ ਉਹ ਸੰਸਾਰ ਤੋਂ ਅਭਿੱਜ ਹੋ ਜਾਂਦਾ ਹੈ। ਸੂਫ਼ੀ ਸੰਤ ਅਲ-ਹੁਜਵੇਰੀ ਦਾ ਕਥਨ ਹੈ ਕਿ "ਸਾਧਕ ਦੇ ਮਨ ਵਿਚ ਪਰਮਾਤਮਾ ਦੇ ਪ੍ਰਤੀ ਜੋ ਪ੍ਰੇਮ ਉਤਪੰਨ ਹੁੰਦਾ ਹੈ, ਉਹ ਏਨਾ ਵਿਆਪਕ ਹੋ ਜਾਂਦਾ ਹੈ ਕਿ ਪ੍ਰੇਮੀ-ਸਾਧਕ ਸੰਸਾਰਿਕ ਵਿਸ਼ਿਆਂ ਤੋਂ ਅਭਿੱਜ ਰਹਿਣ ਲੱਗਦਾ ਹੈ। ਉਹ ਸਿਰਫ਼ ਪ੍ਰੇਮ ਦੇ ਨਿਯਮਾਂ ਦਾ ਪਾਲਨ ਕਰਕੇ ਆਪਣੇ ਪਰਮਾਤਮਾ ਨਾਲ ਇਕਸੁਰਤਾ ਪ੍ਰਾਪਤ ਕਰਦਾ ਹੈ।[13]"

ਅਲ-ਹੁਜਵੇਰੀ ਦੇ ਇਸ ਕਥਨ ਵਿਚ 'ਪ੍ਰੇਮ ਦੇ ਨਿਯਮਾਂ ਦਾ ਪਾਲਨ' ਬਹੁਤ ਮਹੱਤਵਪੂਰਨ ਨੁਕਤਾ ਹੈ। ਪਿਆਰ ਮਨੁੱਖੀ ਮਨ ਦੀ ਕੁਦਰਤੀ ਭੁੱਖ ਹੈ, ਪਰ ਪਿਆਰ ਕਰਨ ਦੇ ਨਿਯਮ ਨਾ ਅੱਜ ਤਕ ਬਣਾਏ ਗਏ ਹਨ ਤੇ ਨਾ ਪਿਆਰ ਲਈ ਕਿਸੇ ਕਿਸਮ ਦੀ ਨਿਯਮਾਵਲੀ ਦਾ ਬਣਨਾ ਸੰਭਵ ਹੈ। ਮਨੁੱਖੀ ਮਨ ਅੰਦਰ ਪਿਆਰ ਦਾ ਫੁੱਟਣਾ, ਪਿਆਰ ਦੀ ਅਨੁਭੂਤੀ, ਪਿਆਰ ਦੀ ਅਭੀਵਿਅਕਤੀ ਜਾਂ ਪਿਆਰ ਦਾ ਅਨੁਭਵ ਕਿਸੇ ਪ੍ਰਕਾਰ ਦੇ ਨਿਯਮਾਂ ਦੇ ਅੰਤਰਗਤ ਨਹੀਂ ਹੋ ਸਕਦਾ। ਇਹ ਸਭ ਕੁਝ ਤਾਂ ਨਿਰੋਲ ਵਿਅਕਤੀਗਤ ਹੁੰਦਾ ਹੈ। ਇਸ ਲਈ ਸੂਫ਼ੀ ਸਾਧਕ ਪਿਆਰ ਦੇ ਜਿਨ੍ਹਾਂ ਨਿਯਮਾਂ ਦਾ ਪਾਲਨ ਕਰਕੇ ਪਰਮਾਤਮਾ ਨਾਲ ਇਕਸੁਰਤਾ ਪ੍ਰਾਪਤ ਕਰਦਾ ਹੈ, ਉਹ ਨਿਯਮ ਵੀ ਉਸ ਦੇ ਨਿਰੋਲ ਵਿਅਕਤੀਗਤ ਨਿਯਮ ਹੁੰਦੇ ਹਨ। ਇਹੋ ਸੂਫ਼ੀ-ਸਾਧਨਾ ਦਾ ਸਭ ਤੋਂ ਵੱਡਾ ਰਹੱਸ ਹੈ, ਜਿਸ ਦੀ ਤਾਰਕਿਕ ਵਿਆਖਿਆ ਵਿਚ ਅਨੇਕ ਵਿਦਵਾਨ ਬੇਲੋੜੀ ਬਹਿਸ ਵਿਚ ਪਏ ਰਹਿੰਦੇ ਹਨ।

ਹਵਾਲੇ

1. ਨਿਕਲਸਨ, ਆਰ. ਏ. : ਇਸਲਾਮ ਕੇ ਸੂਫ਼ੀ ਸਾਧਕ (ਹਿੰਦੀ). ਪੰ. ੧੩
2. ਤਿਵਾਰੀ, ਰਾਮਪੂਜਨ : ਸੂਫ਼ੀ ਮਤ-ਸਾਧਨਾ ਔਰ ਸਾਹਿਤਯ (ਹਿੰਦੀ). ਪੰ. ੩੧੮
3. ਪਾਠਕ, ਸ਼ਿਵ ਸਹਾਇ : ਹਿੰਦੀ ਸੂਫ਼ੀ ਕਾਵਯ ਕਾ ਸਮਗ੍ਰ ਅਨੁਸ਼ੀਲਨ (ਹਿੰਦੀ). ਪੰ. ੪੦੮
4. ਜੈਨ, ਵਿਮਲ ਕੁਮਾਰ : ਸੂਫ਼ੀਮਤ ਔਰ ਹਿੰਦੀ ਸਾਹਿਤਯ (ਹਿੰਦੀ). ਪੰ. ੪੮
5. ਨੂਰੀ, ਅਬੁਲ ਹਸਨ : ਆਉਟਲਾਈਨਜ਼ ਆਫ਼ ਇਸਲਾਮਿਕ ਕਲਚਰ (ਅੰਗਰੇਜ਼ੀ). ਪੰ. ੪੬੪
6. ਅਲੀ ਅੱਬਾਸ ਜਲਾਲਪੁਰੀ : ਸੂਫ਼ੀ ਕਾਵਿ ਤੇ ਉਸਦਾ ਪਿਛੋਕੜ (ਪੰਜਾਬੀ). ਪੰ. ੧੩੮
7. ਮੋਹਨ ਸਿੰਘ : ਸੂਫ਼ੀਮਤ ਅਤੇ ਸੂਫ਼ੀ ਕਵਿਤਾ (ਪੰਜਾਬੀ). ਪੰ. ੫
8. ਕਿਸ਼ਨ ਸਿੰਘ : ਉਹੋ. ਪੰ. ੨੨
9. ਅਮੋਲ, ਸ. ਸ. : ਸਾਹਿਤ ਸਮਾਚਾਰ-ਸੂਫ਼ੀ ਅੰਕ (ਪੰਜਾਬੀ). ਪੰ. ੨੩੧
10. ਦੀਵਾਨ ਸਿੰਘ : ਸੂਫ਼ੀਵਾਦ ਅਤੇ ਹੋਰ ਲੇਖ (ਪੰਜਾਬੀ). ਪੰ. ੧੨
11. ਰਾਬੀਆ : ਮਾਰਗ੍ਰੇਟ ਸਮਿਥ ਕ੍ਰਿਤ ਰਾਬੀਆ ਦੀ ਗ੍ਰੇਟ (ਅੰਗਰੇਜ਼ੀ). ਪੰ. ੧
12. ਚਿਸ਼ਤੀ, ਮੁਈਨੁੱਦੀਨ : ਦੀਵਾਨ ਗ਼ਰੀਬਨਵਾਜ਼ (ਉਰਦੂ). ਪੰ. ੨੪
13. ਅਲ-ਹੁਜਵੇਰੀ : ਕਸ਼ਫੁਲ-ਮਹਿਜੂਬ (ਉਰਦੂ). ਪੰ. ੩੦੭-੦੮

੧੬੯, ਸੈਕਟਰ-੧੭
ਪੰਚਕੂਲਾ-੧੩੪੧੦੯

ਮਾਸਟਰ ਅਮਰੀਕ ਸਿੰਘ ਨੂੰ ਹਰਿਆਣਾ ਪੰਜਾਬੀ ਗੌਰਵ ਐਵਾਰਡ

ਚੰਡੀਗੜ੍ਹ ੨ ਫਰਵਰੀ — ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਪਿਛਲੇ ਸਾਲ ਦੇ ਐਵਾਰਡਾਂ ਦਾ ਐਲਾਨ ਕਰ ਦਿੱਤਾ ਹੈ ਤੇ ਹਰਿਆਣਾ ਪੰਜਾਬੀ ਗੌਰਵ ਐਵਾਰਡ ਸਿਰਸਾ ਦੇ ਸਾਹਿਤਕਾਰ ਮਾ. ਅਮਰੀਕ ਸਿੰਘ ਨੂੰ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਪੰਜਾਬੀ ਜਗਤ ਨੂੰ ਇਕ ਦਰਜਨ ਤੋਂ ਵੱਧ ਪੁਸਤਕਾਂ ਦਿੱਤੀਆਂ ਹਨ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਐਵਾਰਡ ਕਮੇਟੀ ਦੇ ਡਾਇਰੈਕਟਰ ਅਤੇ ਮੁੱਖ ਮੰਤਰੀ ਦੇ ਐਡੀਸ਼ਨਲ ਪ੍ਰਮੁੱਖ ਸਕੱਤਰ ਕੇ.ਕੇ. ਖੰਡੇਲਵਾਲ ਨੇ ਦੱਸਿਆ ਕਿ ਭਾਈ ਸੰਤੋਖ ਸਿੰਘ ਐਵਾਰਡ ਫਰੀਦਾਬਾਦ ਦੀ ਅਰਕਮਲ ਕੌਰ ਅਤੇ ਬਾਬਾ ਸ਼ੇਖ ਫਰੀਦ ਐਵਾਰਡ ਕੁਰੂਕਸ਼ੇਤਰ ਦੇ ਡਾ. ਜੀਵਨ ਬਖਸ਼ੀ ਨੂੰ ਦਿੱਤਾ ਗਿਆ ਹੈ। ਸੰਤ ਤਰਨ ਸਿੰਘ ਵਹਿਮੀ ਐਵਾਰਡ ਪੰਚਕੂਲਾ ਦੇ ਗੁਰਬਖਸ਼ ਸਿੰਘ ਸੈਣੀ ਨੂੰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਮਰਹੂਮ ਡਾ. ਅਮਰਜੀਤ ਸਿੰਘ ਕਾਂਗ ਵੱਲੋਂ ਯੂਨੀਵਰਸਿਟੀ ਪੰਜਾਬੀ ਸਾਹਿਤ ਪੜ੍ਹਾਉਣ ਲਈ ਪਾਏ ਯੋਗਦਾਨ ਬਦਲੇ ਵਿਸ਼ੇਸ਼ ਐਵਾਰਡ ਦਿੱਤਾ ਜਾਵੇਗਾ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸੀ. ਆਰ. ਮੋਦਗਿੱਲ ਨੇ ਦੱਸਿਆ ਕਿ ਅਕਾਦਮੀ ਐਵਾਰਡ ਜਲਦੀ ਦੇ ਦਿਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬੀ ਪੁਸਤਕਾਂ ਦੇ ਐਵਾਰਡਾਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਗ਼ਜ਼ਲ/ *—ਅਮਰਜੀਤ ਸਿੰਘ ਸੰਧੂ*

ਇਹ ਤੰਗੀਆਂ-ਤੁਰਸ਼ੀਆਂ ਵਾਲੇ ਇਸ਼ਾਰੇ ਜੀਣ ਨਹੀਂ ਦਿੰਦੇ,
ਦਿਨੋ ਦਿਨ ਹੋ ਰਹੇ ਔਖੇ ਗੁਜ਼ਾਰੇ ਜੀਣ ਨਹੀਂ ਦਿੰਦੇ।
ਕਈ ਵਾਰੀ ਤਾਂ ਜੀ ਕਰਦੈ ਕਿ ਸ਼ਹੁ-ਦਰਿਆ 'ਚ ਡੁੱਬ ਜਾਵਾਂ,
ਭੰਵਰ ਤਾਂ ਭੰਵਰ ਹੈ, ਮੈਨੂੰ ਕਿਨਾਰੇ ਜੀਣ ਨਹੀਂ ਦਿੰਦੇ।
ਬੁਢਾਪੇ ਵਿਚ ਮੈਂ ਬੇਰੰਗ ਜੀਵਨ ਜੀਅ ਤਾਂ ਲੈਂਦਾ, ਪਰ
ਜਵਾਨੀ ਵਿਚ ਜੋ ਮਾਣੇ ਨਜ਼ਾਰੇ ਜੀਣ ਨਹੀਂ ਦਿੰਦੇ।
ਬੜੇ ਹੀ ਸਖ਼ਤ ਨੇ, ਬੇ-ਲਚਕ ਨੇ, ਰਬ ਦੇ ਨਿਯਮ ਯਾਰੋ!
ਜੋ ਕੱਲ੍ਹ ਮੈਂ ਜੀਅ ਲਿਐ, ਉਸ ਨੂੰ ਦੁਬਾਰੇ ਜੀਣ ਨਹੀਂ ਦਿੰਦੇ।
ਸੰਭਾਲੇ ਜਾ ਨਹੀਂ ਸਕਦੇ, ਸਮੇਟੇ ਜਾਣ ਨਾ ਸਾਥੋਂ,
ਜੋ ਆਪੇ ਹੀ ਖਿਲਾਰੇ ਨੇ ਖਿਲਾਰੇ ਜੀਣ ਨਹੀਂ ਦਿੰਦੇ।
ਕਦੀ ਤੇਰੇ ਇਸ਼ਾਰੇ ਦਿੰਦੇ ਸੀ ਆ ਕੇ ਨਵਾਂ ਜੀਵਨ,
ਤੇ ਅੱਜ-ਕੱਲ੍ਹ ਮੌਤ ਦੇ ਆਉਂਦੇ ਇਸ਼ਾਰੇ ਜੀਣ ਨਹੀਂ ਦਿੰਦੇ।
'ਵਿਚਾਰੇ' ਜਾਣ ਕੇ ਜੀਵਨ ਦੇ ਸੁੱਖ ਵਾਰੇ ਮੈ ਜਿਹਨਾਂ ਤੋਂ,
ਦੁਖੀ ਕਰਦੇ ਨੇ ਹੁਣ ਡਾਢਾ, 'ਵਿਚਾਰੇ' ਜੀਣ ਨਹੀਂ ਦਿੰਦੇ।
ਤੁਸਾਂ ਤੱਕਿਆ ਈ ਹੈ, ਕੁੱਲੀ 'ਚ ਬੁੱਲੇ ਲੁੱਟਦਾ 'ਸੰਧੂ',
ਤੇ ਕਈਆਂ ਨੂੰ ਗੁਆਂਢੀ ਦੇ ਚੁਬਾਰੇ ਜੀਣ ਨਹੀਂ ਦਿੰਦੇ।

—੪੨੧ ਦਕੋਹਾ ਜਲੰਧਰ
ਮੋਬ.- ੯੪੬੩੬-੧੩੫੨੮

ਗ਼ਜ਼ਲ/ *—ਕਰਤਾਰ ਸਿੰਘ ਕਾਲੜਾ*

ਪਿਆਰ ਦਾ ਛੂਹ ਕੇ ਤਰਾਨਾ ਬੇਲੀਆ।
ਨੂਰ ਦਾ ਦੀਪਕ ਜਲਾ ਜਾ ਬੇਲੀਆ।

ਪਿਆਰ ਦੀ ਹਸਤੀ ਨੂੰ ਉਜਲ ਕਰਨ ਦਾ
ਉਮਰ ਨੂੰ ਦੇ ਜਾ ਨਿਸ਼ਾਨਾ ਬੇਲੀਆ।

ਰੂਪ ਤੇਰੇ ਦੀ ਕਿਰਨ ਦੀ ਨਿੱਘ ਵਿਚ,
ਮੌਲਦੈ ਸਾਰਾ ਜ਼ਮਾਨਾ ਬੇਲੀਆ।

ਜੋ ਨਸ਼ਾ ਮੂਸਾ ਨੂੰ ਚੜ੍ਹਿਆ ਤੂਰ ਤੋਂ,
ਤੂਹੜਾ ਸੀ ਤੇਰੀ ਨਜ਼ਰ ਦਾ ਬੇਲੀਆ।

ਇਸ ਪਦਾਰਥ ਪੂਜਦੇ ਸੰਸਾਰ ਵਿੱਚ
ਕੌਣ ਬਣਦਾ ਹੈ ਕਿਸੇ ਦਾ ਬੇਲੀਆ।

ਜਜ਼ਬਿਆਂ ਦੇ ਵੇਗ ਵਿਚ ਰੁੜ੍ਹਦੇ ਹੋਏ,
ਦਿਲ 'ਤੇ ਹਸਦਾ ਹੈ ਜ਼ਮਾਨਾ ਬੇਲੀਆ।

ਮਾਯਾ ਦੇ ਲਾਲਚ 'ਚ ਮਰਦੈ ਰੋਜ਼ ਕਿਉਂ ?
ਮੌਤ 'ਤੇ ਮੁਕਣੈ ਜਾਂ ਕਿੱਸਾ ਬੇਲੀਆ।

੨੨੪ ਪਾਂਡੂਸਰ, ਨਾਭਾ
੯੪੬੪੦-੮੮੯੯੮

ਗ਼ਜ਼ਲ

—ਨਿਰਮਲ ਸਿੰਘ ਭੰਡਾਲ

ਲਫ਼ਜ਼ ਮਾਖਿਉਂ ਲਫ਼ਜ਼ ਮਿਸ਼ਰੀ, ਲਫ਼ਜ਼ ਹੀ ਖ਼ਾਰ ਹੁੰਦੇ।
ਮੂੰਹ 'ਚੋਂ ਕੱਢੀਏ ਸੋਚ ਕੇ, ਲਫ਼ਜ਼ ਹੱਥਿਆਰ ਹੁੰਦੇ।

ਛਿੜ ਪੈਂਦੀ ਜੰਗ ਵੱਡੀ, ਲਫ਼ਜ਼ ਮੰਦਾ ਬੋਲਿਆਂ,
ਕਾਬੂ ਰੱਖੀਏ ਜੀਭ ਨੂੰ, ਲਫ਼ਜ਼ ਤੇਜ਼-ਤ੍ਰਾਰ ਹੁੰਦੇ।

ਲਫ਼ਜ਼ ਦਿਲ ਨੂੰ ਧੀਰ ਦੇਂਦੇ, ਲਫ਼ਜ਼ ਸੀਨਾ ਚੀਰ ਦੇਂਦੇ,
ਲਫ਼ਜ਼ ਦਿਲ ਨੂੰ ਲੁੱਟ ਲੈਂਦੇ, ਲਫ਼ਜ਼ ਲੁੱਟਣ-ਹਾਰ ਹੁੰਦੇ।

ਲਫ਼ਜ਼ ਰੂਹ ਦੀ ਬਾਤ ਹੁੰਦੇ, ਲਫ਼ਜ਼ ਦਿਲ ਦੀ ਝਾਤ ਹੁੰਦੇ,
ਧੜਕਣਾਂ ਨੂੰ ਟੁੰਬ ਦੇਂਦੇ, ਲਫ਼ਜ਼ ਟੁੰਬਣਹਾਰ ਹੁੰਦੇ।

ਲਫ਼ਜ਼ ਲਫ਼ਜ਼ ਨੂੰ ਤੋਲੀਏ, ਥੋੜਾ ਬੇਸ਼ਕ ਬੋਲੀਏ,
ਲਫ਼ਜ਼ ਲਫ਼ਜ਼ ਨੂੰ ਪਰਖੀਏ, ਲਫ਼ਜ਼ ਪਰਖਣਹਾਰ ਹੁੰਦੇ।

ਲਫ਼ਜ਼ਾਂ ਦੀ ਉਟ ਲੈ ਕਰਦਾ ਸੀ ਐਸ਼ ਜੋ,
ਲਫ਼ਜ਼ ਉਸਨੂੰ ਲੈ ਡੁੱਬੇ, ਲਫ਼ਜ਼ ਡੋਬਣਹਾਰ ਹੁੰਦੇ।

ਕੱਚਿਆਂ ਨੂੰ ਤਾਰ ਦੇਂਦੇ, ਡੁੱਬਿਆਂ ਨੂੰ ਸਾਂਭ ਲੈਂਦੇ,
ਲਫ਼ਜ਼ਾਂ ਵਿੱਚ ਜੇ ਨਾਮ 'ਨਿਰਮਲ', ਲਫ਼ਜ਼ ਚਮਤਕਾਰ ਹੁੰਦੇ।

ਪਿਆ ਵੱਸ ਪੰਜਾਬ ਹੁਣ ਮੁਜਰਿਮਾਂ ਦੇ

ਪਿਆ ਵੱਸ ਪੰਜਾਬ ਹੁਣ ਮੁਜਰਿਮਾਂ ਦੇ,
ਦੇਂਦੇ ਨਹੀਂ ਉਹ ਕਿਸੇ ਨੂੰ ਛੋਟ ਮੀਆਂ।
ਲੈਂਦੇ ਘੇਰ ਨੇ ਰਾਹੇ ਵਿਚ ਜਾਂਦਿਆਂ ਨੂੰ,
ਵੱਲੀ ਵੇਖ ਕੇ ਕਰਨ ਉਹ ਚੋਟ ਮੀਆਂ।
ਵੱਡੇ ਘਰਾਂ ਦੇ ਕਾਰਾਂ 'ਤੇ ਫਿਰਨ ਕਾਕੇ,
ਲੱਗੀ ਨਸ਼ੇ ਦੀ ਹੁੰਦੀ ਹੈ ਤੋਟ ਮੀਆਂ।
ਘੇਰ ਸ਼ਹਿਰ ਜਲੰਧਰ ਦਾ ਇੱਕ ਬੰਦਾ,
ਖੋਹ ਕੇ ਲੈ ਗਏ ਦਸਾਂ ਦਾ ਨੋਟ ਮੀਆਂ।
ਪੱਧਰ ਲੁੱਟ ਦਾ ਗਿਆ ਹੁਣ ਪੁੱਜ ਏਥੇ,
ਨੋਟ ਦਸਾਂ ਦਾ ਵੀ ਲੁੱਟਿਆ ਜਾ ਸਕਦੈ।
ਦੋ ਸੌ ਹੋਣਗੇ ਜਿਸ ਦੀ ਜੇਬ ਦੇ ਵਿੱਚ,
ਉਹ ਤਾਂ ਮਾਰ ਕੇ ਸੁੱਟਿਆ ਜਾ ਸਕਦੈ।

—ਤੀਸ ਮਾਰ ਖਾਂ

ਅੱਜ ਨਾਮਾ, ਨਵਾਂ ਜ਼ਮਾਨਾ ੨੨.੨.੨੦੧੧

ਗ਼ਜ਼ਲ

—ਪ੍ਰੋ. ਜਸਵੰਤ ਸਿੰਘ ਕੈਲਵੀ

ਬਹਿਰ (ਰਮਲ ਮੁਸੱਮਨ ਮਕਸੂਰ)

ਕੌਣ ਮਿੱਤਰ, ਕੌਣ ਦੁਸ਼ਮਣ, ਵੇਖ ਮਨ ਕਰਕੇ ਵਿਚਾਰ ?
ਜ਼ਿੰਦਗੀ ਦਾ ਰਾਜ਼ ਇਹ ਜੋ, ਸੂਝ ਦੇ ਸਦਕੇ ਨਿਤਾਰ।

ਦੁਸ਼ਮਣਾਂ ਦੀ ਦੁਸ਼ਮਣੀ ਤੋਂ ਹੋ ਜ਼ਰਾ ਨਾ ਤੂੰ ਉਦਾਸ
ਸ਼ਾਖ਼ ਜਿਸਤੇ ਪੁਸ਼ਪ ਖਿੜਦੇ ਓਸ ਤੇ ਹੀ ਹੋਣ ਖ਼ਾਰ।

ਇਹ ਸਮੇਂ ਦੀ ਮਾਰ ਦਾ ਹੈ ਦੋਸਤੋ! ਕੈਸਾ ਕਮਾਲ!!
ਸੁਪਨਿਆਂ ਦਾ ਥਾਣ ਸਾਰਾ ਹੋ ਗਿਆ ਅੱਜ ਤਾਰ ਤਾਰ।

ਹੈ ਮੁਹੱਬਤ ਦਾ ਨਸ਼ਾ ਕੀ? ਜਜ਼ਬਿਆਂ 'ਚ ਹੈ ਭੁਚਾਲ।
ਇਸ਼ਕ ਦੇ ਮੌਸਿਮ 'ਚ ਆਵੇ ਚੈਨ ਨਾ ਦਿਲ ਨੂੰ ਕਰਾਰ।

ਮੌਤ ਮੈਨੂੰ ਘੂਰਦੀ ਹੈ ਪਹਿਨ ਕੇ ਕਾਲਾ ਲਿਬਾਸ
ਬਖ਼ਸ਼ ਦੇਵੇ ਜ਼ਿੰਦਗੀ ਪਰ, ਯਾਰ ਦੀ ਨੂਰੀ ਨੁਹਾਰ,

ਆਪਣੇ ਹੀ ਹੌਂਸਲੇ ਦਾ, ਗਾ ਤਰਾਨਾ, ਛੇੜ ਗੀਤ
ਇਹ ਜੁ ਕਸ਼ਤੀ ਜ਼ਿੰਦਗੀ ਦੀ ਵੇਖ ਨਾ ਹੋਵੇ ਉਲਾਰ।

ਕੈਲਵੀ, ਤੂੰ ਉਸ ਖ਼ੁਦਾ ਦੀ ਜੋ ਰਜ਼ਾ ਹੈ ਕਰ ਕਬੂਲ।
ਪੀੜ ਦੇ ਪਰਬਤ ਮਿਲੇ ਜੇ, ਧਰਤ ਦੇ ਵਾਂਗੂੰ ਸਹਾਰ।

-੧੧੮/੫ ਗੁਰੂ ਅਰਜਨ ਦੇਵ ਨਗਰ,
ਫਿਰੋਜ਼ਪੁਰ ਸ਼ਹਿਰ
ਮੋਬ- ੯੮੭੮੩-੮੧੪੭੪

ਗ਼ਜ਼ਲ

—ਸੁਖਦੇਵ ਸਿੰਘ ਗਰੇਵਾਲ

ਹਰ ਕਿਸੇ ਨੂੰ ਹੀ, ਨਾ ਪਲਕਾਂ ਤੇ ਬਿਠਾ ਕੇ ਰੱਖਿਓ।
ਫਾਸਲੇ ਦੀ ਲੋੜ ਹੈ ਜਿੰਨੀ ਬਣਾ ਕੇ ਰੱਖਿਓ।

ਦੇਖ ਕੇ ਨ੍ਹੇਰਾ ਚੁਫੇਰੇ ਪਰਤ ਨਾ ਜਾਵਾਂ ਕਿਤੇ
ਘਰ 'ਚ ਮੇਰੇ ਆਉਣ ਤੱਕ ਦੀਵੇ ਜਗਾ ਕੇ ਰੱਖਿਓ।

ਬਿਜਲੀਆਂ ਦਾ ਕੰਮ ਹੈ ਗਿਰਨਾ ਤੇ ਲੁੱਟਣਾ ਆਸਰੇ
ਆਲ੍ਹਣਾ ਆਪਣਾ ਨਵੀਂ ਥਾਂ ਤੇ ਬਣਾ ਕੇ ਰੱਖਿਓ।

ਜੱਗ ਦੀ ਇਸ ਭੀੜ ਵਿਚ ਨਾ ਵਕਤ ਮਿਲਦੇ ਮਿਲਣ ਨੂੰ
ਸ਼ਿਕਵਿਆਂ ਦੀ ਚਿਣਗ ਨੂੰ ਦਿਲ ਵਿਚ ਦਬਾ ਕੇ ਰੱਖਿਓ।

ਕੀ ਪਤੈ ਕਿਸ ਮੋੜ ਤੇ ਨ੍ਹੇਰੇ ਦਾ ਹੋਵੇ ਸਾਹਮਣਾ
ਸੂਰਜਾਂ ਨੂੰ ਆਪਣੇ ਦਿਲ ਵਿਚ ਸਜਾ ਕੇ ਰੱਖਿਓ।

ਜੇ ਤੁਸੀਂ ਮਰਦੇ ਹੋਏ ਵੀ ਜੀਣਾ ਚਾਹੋਂ ਦੋਸਤੋ
ਬੁਝ ਗਏ ਦੀਵੇ ਤਾਂ ਕੀ, ਇਹ ਦਿਲ ਜਲਾ ਕੇ ਰੱਖਿਓ।

ਤੁਰਦਿਆਂ ਕੰਡਿਆਂ ਤੇ ਵੀ, ਡੋਲੇ ਨਹੀਂ ਥੱਕੇ ਨਹੀਂ
ਇਸ ਲਈ ਮੰਜ਼ਿਲ ਮੇਰੀ ਮਹਿਕਾ ਸਜਾ ਕੇ ਰੱਖਿਓ।

ਇੰਝ ਵੀ ਹੁੰਦੈ ਕਿ ਲੱਗ ਜਾਂਦੀ ਹੈ ਆਪਣੀ ਹੀ ਨਜ਼ਰ
ਮੇਰੀਆਂ ਨਜ਼ਰਾਂ ਤੋਂ ਮੈਨੂੰ ਹੀ ਬਚਾ ਕੇ ਰੱਖਿਓ।

੬੦੯ ਗਰੇਵਾਲ ਹਾਊਸ
ਪਾਂਡੂਸਰ ਨਾਭਾ
੯੯੮੮੦-੧੮੫੫੦

ਗ਼ਜ਼ਲ/ —ਜਸਵਿੰਦਰ ਮਹਿਰਮ

ਅਪਨਾ ਗਿਲਾ, ਮੇਰੀ ਖਤਾ, ਭੁੱਲ ਜਾਣ ਦੀ ਕੋਸ਼ਿਸ਼ ਕਰੀਂ।
ਭੁੱਲੇ ਵਫ਼ਾ ਦੇ ਗੀਤ ਨੂੰ, ਫਿਰ ਗਾਣ ਦੀ ਕੋਸ਼ਿਸ਼ ਕਰੀਂ।
ਉਸਦੀ ਵਫ਼ਾ ਨਾ ਹੋਰ ਹੁਣ, ਅਜ਼ਮਾਣ ਦੀ ਕੋਸ਼ਿਸ਼ ਕਰੀਂ।
ਅਪਨੇ ਗ਼ਮਾਂ ਦੇ ਨਾਲ ਦਿਲ, ਬਹਿਲਾਣ ਦੀ ਕੋਸ਼ਿਸ਼ ਕਰੀਂ।
ਪੱਕਾ ਠਿਕਾਣਾ ਵੀ ਬਣਾ ਬੇਸ਼ੱਕ ਬਿਗਾਨੇ ਦੇਸ਼ ਵਿਚ,
ਫਿਰ ਵੀ ਕਦੇ ਪਰਦੇਸੀਆ ਮੁੜ ਆਣ ਦੀ ਕੋਸ਼ਿਸ਼ ਕਰੀਂ।
ਬੱਚਾ ਜਦੋਂ ਵੀ ਆਪਣਾ ਭੁੱਲ ਕੇ ਕੁਰਾਹੇ ਜਾ ਪਵੇ,
ਲਾਗੇ ਬਿਠਾ ਕੇ ਉਸਨੂੰ ਸਮਝਾਣ ਦੀ ਕੋਸ਼ਿਸ਼ ਕਰੀਂ।
ਜਿਗਰਾ ਕਰੀਂ ਮਿਹਨਤ ਕਰੀਂ ਚੰਗੇ ਦਿਨਾਂ ਦੀ ਆਸ ਵਿਚ,
ਮਾੜੇ ਦਿਨਾਂ ਦੀ ਯਾਦ ਨੂੰ ਭੁੱਲ ਜਾਣ ਦੀ ਕੋਸ਼ਿਸ਼ ਕਰੀਂ।
ਦੇਖੀਂ ਕਿਤੇ ਨਾ ਦੂਰ ਹੀ ਰੁੱਸ ਕੇ ਚਲਾ ਜਾਵੀਂ ਘਰੋਂ,
ਸਭ ਕੁਛ ਭੁਲਾ ਕੇ ਸ਼ਾਮ ਤੱਕ ਘਰ ਆਣ ਦੀ ਕੋਸ਼ਿਸ਼ ਕਰੀਂ।
ਐਵੇਂ ਸਹਾਰੇ ਵਾਸਤੇ ਤਿਣਕੇ ਰਹੀਂ ਨਾ ਭਾਲਦਾ,
ਕੋਸ਼ਿਸ਼ ਕਰੀਂ ਪਰਲੇ ਕਿਨਾਰੇ ਜਾਣ ਦੀ ਕੋਸ਼ਿਸ਼ ਕਰੀਂ।
ਅਪਨੇ ਗ਼ਮਾਂ ਨੂੰ ਸੋਗ ਨੂੰ ਦਿਲ ਵਿਚ ਛੁਪਾ ਕੇ ਵੀ ਕਦੇ,
ਉਸਦੀ ਖੁਸ਼ੀ ਦੇ ਵਾਸਤੇ ਮੁਸਕਾਣ ਦੀ ਕੋਸ਼ਿਸ਼ ਕਰੀਂ।
ਲਾਉਂਦਾ ਰਿਹਾ ਏ ਲਾਏਗਾ ਤੈਨੂੰ ਜ਼ਮਾਨਾ ਫੱਟ ਬੜੇ,
ਪਰ ਤੂੰ ਕਿਸੇ ਦੇ ਜ਼ਖ਼ਮ ਨੂੰ ਸਹਿਲਾਣ ਦੀ ਕੋਸ਼ਿਸ਼ ਕਰੀਂ।
ਬੰਦਾ ਜਦੋਂ ਵੀ ਮਾਰਿਆ ਹੰਕਾਰ ਨੇ ਹੀ ਮਾਰਿਆ,
ਅਪਨੀ ਖ਼ੁਦੀ ਦੇ ਨਾਲ ਤੂੰ ਟਕਰਾਣ ਦੀ ਕੋਸ਼ਿਸ਼ ਕਰੀਂ।
ਵੈਸੇ ਕਿਸੇ ਦੇ ਨਾਲ ਵੀ ਹੋਵੇ ਬੁਰਾ ਨਾ 'ਮਹਿਰਮਾ',
ਹੋਵੇ ਅਗਰ ਤੈਥੋਂ ਬੁਰਾ ਪਛਤਾਣ ਦੀ ਕੋਸ਼ਿਸ਼ ਕਰੀਂ।

੪੨੬-੮ਬੀ ਸ਼ਹੀਦ ਊਧਮ ਸਿੰਘ ਨਗਰ
(ਅਕਾਲ ਸਟੇਡੀਅਮ ਤੋਂ ਕਟੋਰਾ ਰੋਡ)
ਸਤਨਾਮਪੁਰਾ ਫਗਵਾੜਾ-੧੪੪ ੪੦੨

ਡਾਇਰੀ ਕੌਮੀ ਲਹਿਰ

(ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ)

੩ ਮਾਰਚ ੧੯੧੫ (ਗਦਰ ਪਾਰਟੀ):

ਗਦਰ ਸਕੀਮ ਫੇਲ੍ਹ ਹੋ ਜਾਣ ਪਿੱਛੋਂ (ਬਾਬਾ) ਹਰਨਾਮ ਸਿੰਘ ਟੁੰਡੀ ਲਾਟ, (ਸ਼ਹੀਦ) ਜਗਤ ਸਿੰਘ ਸੁਰ ਸਿੰਘ ਤੇ (ਸ਼ਹੀਦ) ਕਰਤਾਰ ਸਿੰਘ ਸਰਾਭਾ, ਸਰਹੱਦ ਪਾਰ ਜਾਣ ਦਾ ਇਰਾਦਾ ਛੱਡ ਕੇ, ਸਰਗੋਧਾ ਵਾਲੇ ੨੨ ਨੰਬਰ ਰਸਾਲੇ ਦੇ ਘੋੜਾ ਫਾਰਮ ਪਹੁੰਚੇ, ਜਿਥੇ (ਸ਼ਹੀਦ) ਜਗਤ ਸਿੰਘ ਦੇ ਪੁਰਾਣੇ ਫੌਜੀ ਸਾਥੀ ਸਨ, ਪਰ ਸੂਬੇਦਾਰ ਗੰਡਾ ਸਿੰਘ ਦੀ ਮੁਖਬਰੀ 'ਤੇ ਤਿੰਨੇ ਫੜ ਲਏ ਗਏ ਸੀ।

੧੩ ਮਾਰਚ ੧੯੪੨ (ਆਜ਼ਾਦ ਹਿੰਦ ਫੌਜ):

ਦੂਜੀ ਵੱਡੀ ਜੰਗ ਦੌਰਾਨ ਪੂਰਬ-ਪੱਛਮੀ ਏਸ਼ੀਆ ਦੀ ਇਨਕਲਾਬੀ ਜਥੇਬੰਦੀ ਇੰਡੀਅਨ ਇੰਡੀਪੈਂਡੈਂਸ ਲੀਗ, ਮਲਾਇਆ ਸ਼ਾਖ ਦੇ ਚਾਰ ਚੋਟੀ ਦੇ ਆਗੂ ਗਿਆਨੀ ਪ੍ਰੀਤਮ ਸਿੰਘ, ਸੁਆਮੀ ਸਤਿਆਨੰਦ ਪੁਰੀ, ਅਕਰਮ ਤੇ ਨੀਲਕੰਠ ਆਈਅਰ, ਸਿੰਗਾਪੁਰੋਂ ਹਵਾਈ ਜਹਾਜ਼ ਰਾਹੀਂ ਟੋਕੀਓ ਕਾਨਫਰੰਸ ਲਈ ਜਾਂਦੇ ਹੋਏ ਰਾਹ ਵਿਚ ਹੀ ਹਵਾਈ ਹਾਦਸੇ ਵਿਚ ਸ਼ਹੀਦ ਹੋ ਗਏ।

੧੭ ਮਾਰਚ ੧੯੧੪ (ਗਦਰ ਪਾਰਟੀ):

'ਗਦਰ' ਅਖਬਾਰ ਦੀਆਂ ੪੯੦ ਕਾਪੀਆਂ ਜੋ ਡਾਕ ਰਾਹੀਂ ਹਿੰਦੋਸਤਾਨ ਭੇਜੀਆਂ ਗਈਆਂ ਸਨ ਸੂਹ ਲੱਗਣ 'ਤੇ ਜ਼ਬਤ।

ਦਿੱਲੀ ਬੰਬ ਕੇਸ

(ਉਕਤ ਤਰੀਕ 'ਤੇ ਹੀ) ਕਲਕੱਤਿਓਂ ਦਿੱਲੀ ਰਾਜਧਾਨੀ ਲਿਆਏ ਜਾਣ ਤੇ ਸ਼ਾਹੀ ਜਸ਼ਨਾਂ ਦੌਰਾਨ ਵਾਇਸਰਾਏ ਲਾਰਡ ਹਾਰਡਿੰਗ ਉਪਰ ਉਦੋਂ ਬੰਬ ਸੁੱਟਿਆ ਗਿਆ ਸੀ ਜਦ ਉਹ ਠਾਠ ਨਾਲ ਹਾਥੀ 'ਤੇ ਸਵਾਰ ਹੋ ਕੇ ਦਿੱਲੀ ਚਾਂਦਨੀ ਚੌਕ 'ਚੋਂ ਲੰਘ ਰਿਹਾ ਸੀ। ਇਹ ਘਟਨਾ ੨੩ ਦਸੰਬਰ ੧੯੧੨ ਨੂੰ ਵਾਪਰੀ ਸੀ। ਪਿੱਛੋਂ ੧੭ ਮਈ ੧੯੧੩ ਨੂੰ ਇਕ ਹੋਰ ਸਾਧਾਰਨ ਜਿਹੀ ਬੰਬ ਵਾਰਦਾਤ ਲਾਹੌਰ ਵਿਚ ਵੀ ਹੋਈ ਸੀ। ਸਰਕਾਰ ਨੇ ਦੋਹਾਂ ਵਾਰਦਾਤਾਂ ਨੂੰ ਜੁੜਵੀਂ ਸਾਜ਼ਿਸ਼ ਦਾ ਮੁੱਦਾ ਬਣਾ ਕੇ ਦਿੱਲੀ-ਲਾਹੌਰ ਸਾਜ਼ਿਸ਼ ਕੇਸ ਵਜੋਂ ਮੁਕੱਦਮਾ ਚਲਾਇਆ ਸੀ। ਜ਼ਿਕਰਯੋਗ ਹੈ ਕਿ ਸਰਕਾਰ ਨੂੰ ਮੁਲਜ਼ਮਾਂ ਦੀ ਪਹਿਚਾਣ ਕਰਦਿਆਂ ਐਨਾਂ ਲੰਮਾ ਅਰਸਾ ਲੱਗ ਗਿਆ ਕਿ ਕੇਸ ਦਾ ਚਲਾਨ ੧੭ ਮਾਰਚ ੧੯੧੪ ਨੂੰ ਹੀ ਪੇਸ਼ ਕੀਤਾ ਜਾਣਾ ਸੰਭਵ ਹੋ ਸਕਿਆ ਸੀ। ਦੋਸ਼ੀਆਨ: (ਮਾਸਟਰ) ਅਮੀਰ ਚੰਦ, ਅਵੱਧ ਬਿਹਾਰੀ, ਛੋਟਾ ਲਾਲ, ਹਨੂੰਵੰਤ ਸਹਾਏ, ਬਲਰਾਜ, ਬਾਲ ਮੁਕੰਦ, ਰਘੁਬਰ ਸ਼ਰਮਾ, ਮਨ੍ਹੂੰ ਲਾਲ, ਖੁਸ਼ੀ ਰਾਮ, ਚਰਨ ਦਾਸ, ਬਸੰਤ ਕੁਮਾਰ ਬਿਸਵਾਸ ਤੇ ਰਾਸ ਬਿਹਾਰੀ (ਮਫਰੂਰ) ਸਨ।

ਜ਼ਿਕਰਯੋਗ ਹੈ ਕਿ (ਉਕਤ) ਬਲਰਾਜ ਪ੍ਰਸਿੱਧ ਆਰੀਆ ਸਮਾਜੀ ਸਵਾਮੀ ਹੰਸ ਰਾਜ ਦੇ ਬੇਟੇ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਦੇ ਆਪਣਾ ਪੁੱਤਰ ਮੰਨਣੋਂ ਇਨਕਾਰ ਕਰ ਦਿੱਤਾ ਸੀ। ਸ਼ਹੀਦ ਭਗਤ ਸਿੰਘ ਦਾ ਬਲਰਾਜ ਨਾਂ ਨਾਲ ਐਨਾ ਮੋਹ ਸੀ ਕਿ ਹਿੰਦੋਸਤਾਨ ਸੋਸਲਿਸਟ ਆਰਮੀ ਦੇ ਕਮਾਂਡਰ-ਇਨ-ਚੀਫ ਦਾ (ਫਰਜ਼ੀ) ਨਾਮ 'ਬਲਰਾਜ' ਰੱਖਿਆ ਗਿਆ।

੧੮ ਮਾਰਚ ੧੯੩੧ ਲਾਹੌਰ ਸਾਜ਼ਿਸ਼ ਕੇਸ (੧੯੨੯):

ਰਾਜ ਗੁਰੂ, ਸੁਖਦੇਵ ਸਿੰਘ ਹੋਰਾਂ ਦੀ ਜੇਲ੍ਹ-ਬੰਦੀ 'ਹੇਬੀਅਸ ਕਾਰਪਸ ਐਕਟ' ਦੀ ਓਟ ਲੈਂਦਿਆਂ ਰਾਏ ਬਹਾਦਰ ਦੀਵਾਨ ਬਦਰੀ ਨਾਥ ਨੇ ਲਾਹੌਰ ਹਾਈ ਕੋਰਟ ਅੱਗੇ ਜਸਟਿਸ ਭਿਡੇ ਦੇ ੨੫ ਫਰਵਰੀ ੧੯੩੧ ਵਾਲੇ ਫੈਸਲੇ ਵਿਰੁੱਧ ਪਰੀਵੀ ਕੌਂਸਿਲ ਨੂੰ ਪਹੁੰਚ ਕਰਨ ਦੀ ਆਗਿਆ ਹਿਤ ਪਟੀਸ਼ਨ ਦਾਇਰ ਕੀਤੀ ਸੀ, ਜੋ ੨੩ ਮਾਰਚ ੧੯੩੧ ਨੂੰ ਸਵੇਰੇ ਖਾਰਜ ਕਰ ਦਿੱਤੀ ਗਈ ਸੀ।

(ਉਕਤ ਤਰੀਕ - ੧੮ ਮਾਰਚ) ਨੂੰ ਹੀ ਹਿੰਦ ਸਰਕਾਰ ਨੇ ਪੰਜਾਬ ਸਰਕਾਰ ਨੂੰ ਤਿੰਨ ਪਰਵਾਨਿਆਂ ਨੂੰ ੨੪ ਮਾਰਚ ੧੯੩੧ ਸਵੇਰ ਦੀ ਬਜਾਏ ੨੩ ਮਾਰਚ ਸ਼ਾਮੀਂ ਫਾਂਸੀ ਚੜ੍ਹਾਉਣ ਲਈ ਤਾਰ ਭੇਜੀ ਸੀ - ਜਿਸ ਵਿਚ ਇਹ ਵੀ ਦਰਜ ਸੀ ਕਿ ਫਾਂਸੀ ਲਾਏ ਜਾਣ ਦੀ ਸੂਚਨਾ ੨੪ ਨੂੰ ਸਵੇਰੇ ਹੀ ਨਸ਼ਰ ਕੀਤੀ ਜਾਏਗੀ।

੨੩ ਮਾਰਚ ੧੯੩੧ :

ਸ਼ਾਮੀਂ ਸੱਤ ਕੁ ਵਜੇ ਲਾਹੌਰ ਸੈਂਟਰਲ ਜੇਲ੍ਹ ਵਿਚ ਤਿੰਨਾਂ ਪਰਵਾਨਿਆਂ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।

੨੬ ਮਾਰਚ ੧੯੧੪ (ਗਦਰ ਪਾਰਟੀ):

ਗਦਰ ਪਾਰਟੀ ਦੇ ਜਨਰਲ ਸੈਕਟਰੀ ਲਾਲਾ ਹਰਦਿਆਲ ਦੀ ਗ੍ਰਿਫਤਾਰੀ ਤੇ ਦੇਸ਼ ਨਿਕਾਲਾ: ਉਨ੍ਹਾਂ ਪਿੱਛੋਂ ਭਾਈ ਸੰਤੋਖ ਸਿੰਘ ਜਨਰਲ ਸੈਕਟਰੀ ਬਣੇ ਸੀ।

੨੬ ਤੇ ੨੭ ਮਾਰਚ ੧੯੧੫ (ਗਦਰ ਪਾਰਟੀ):

ਫੇਰੂ ਸ਼ਾਹ (ਮਿਸਰੀਵਾਲਾ) ਪੁਲਿਸ ਮੁਕਾਬਲੇ ਪਿੱਛੋਂ ਫੜੇ

ਗਏ ਸੱਤ ਗਦਰੀਆਂ 'ਚੋਂ ਤਿੰਨ ਗਦਰੀ — ਰਹਿਮਤ ਅਲੀ ਵਜ਼ੀਦਕੇ, ਲਾਲ ਸਿੰਘ ਸਾਹਿਬਾਨਾ, ਜਗਤ ਸਿੰਘ ਬਿਜਲ — ਮਿੰਟਗੁਮਰੀ ਜੇਲ੍ਹ ਵਿਚ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ ਤੇ ਬਾਕੀ ਦੇ ਚਾਰ ਗਦਰੀ — ਪੰਡਤ ਕਾਂਸ਼ੀ ਰਾਮ ਮੜੌਲੀ, ਬਖਸ਼ੀਸ਼ ਸਿੰਘ ਖਾਨਪੁਰ, ਜੀਵਨ ਸਿੰਘ ਦੌਲੇ ਸਿੰਘ ਵਾਲਾ ਤੇ ਧਿਆਨ ਸਿੰਘ ਉਮਰਪੁਰਾ ੨੬ ਤੇ ੨੭ ਮਾਰਚ ੧੯੧੫ ਨੂੰ ਲਾਹੌਰ ਜੇਲ੍ਹ ਵਿਚ ਸ਼ਹੀਦ ਹੋਏ।

੨੭ ਮਾਰਚ ੧੯੧੭ (ਗਦਰ ਪਾਰਟੀ):

ਤੀਜੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਇਕੋ-ਇਕ ਗਦਰੀ ਡਾਕਟਰ ਮਥਰਾ ਸਿੰਘ ਲਾਹੌਰ ਜੇਲ੍ਹ ਵਿਚ ਸ਼ਹੀਦ ਹੋਏ।

੨੯ ਮਾਰਚ ੧੯੧੭ (ਗਦਰ ਪਾਰਟੀ):

ਦੂਜੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਪੰਜ ਗਦਰੀ — ਬਾਬੂ ਰਾਮ, ਹਰਨਾਮ ਚੰਦ ਉਰਫ ਨਾਮਾ (ਦੋਵੇਂ ਫਤਿਹਗੜ੍ਹ), (ਭਾਈ) ਬਲਵੰਤ ਸਿੰਘ ਖੁਰਦਪੁਰ, ਹਾਫਿਜ਼ ਅਬਦੁਲਾ ਜਗਰਾਉਂ ਤੇ (ਡਾਕਟਰ) ਰੂੜ ਸਿੰਘ ਸੰਘੋਵਾਲ ਲਾਹੌਰ ਜੇਲ੍ਹ ਵਿਚ ਸ਼ਹੀਦ।

੩੦ ਮਾਰਚ ੧੯੧੬ (ਗਦਰ ਪਾਰਟੀ):

ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ ਸੁਣਾਇਆ ਗਿਆ। ਪੰਜਾਂ ਨੂੰ ਫਾਂਸੀ, ੧੯ ਨੂੰ ਉਮਰ ਕੈਦ ਕਾਲਾ ਪਾਣੀ, ੮ ਨੂੰ ਦਸ-ਦਸ ਸਾਲ, ੧੩ ਨੂੰ ਇਸ ਤੋਂ ਘੱਟ ਕੈਦ ਸੁਣਾਈ ਗਈ।

ਆਜ਼ਾਦੀ ਸੰਗਰਾਮ ਵਿੱਚ ਮਾਰਚ ਦਾ ਮਹੀਨਾ

ਸ਼ਹੀਦ ਭਗਤ ਸਿੰਘ : ਘਟਨਾਕ੍ਰਮ-ਵੇਰਵੇ

ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ

੧.	ਜਨਮ (ਪਿੰਡ ਬੰਗਾ, ਚੱਕ ੧੦੫, ਲਾਇਲਪੁਰ) (੦੮-੪੫ ਵਜੇ ਸਵੇਰੇ)	ਸ਼ਨਿਚਰਵਾਰ, ੨੮ ਸਤੰਬਰ, ੧੯੦੭
੨.	ਪ੍ਰਾਇਮਰੀ ਸਕੂਲ (ਪਿੰਡ ਬੰਗਾ, ਲਾਇਲਪੁਰ)	੧੯੧੧-੧੨ ਤੋਂ ੧੯੧੬-੧੭
੩.	ਹਾਈ ਸਕੂਲ (ਡੀ. ਏ. ਵੀ. ਹਾਈ ਸਕੂਲ, ਲਾਹੌਰ)	੧੯੧੭-੨੧ ਨੌਂਵੀ ਜਮਾਤ ਤਕ
੪.	ਕਾਲਜ, ਨੈਸ਼ਨਲ ਕਾਲਜ, ਲਾਹੌਰ	੧੯੨੧-੧੯੨੩
੫.	ਘਰ ਤਿਆਗਿਆ (ਛੇ ਮਹੀਨੇ ਲਈ, ਰਿਹਾਇਸ਼ ਦਿਲੀ-ਕਾਨਪੁਰ)	ਅਗਸਤ-ਸਤੰਬਰ, ੧੯੨੩
੬.	ਹਿੰਦੁਸਤਾਨ ਰੀਪਬਲਕਿਨ ਅਸੋਸੀਏਸ਼ਨ ਵਿਚ ਸ਼ਾਮਲ	੧੯੨੩-੨੪
੭.	ਗ੍ਰਿਫਤਾਰੀ ਦੇ ਪਹਿਲੇ ਵਾਰੰਟ (ਲੰਗਰ, ਜੈਤੋਂ ਮੋਰਚਾ)	ਅਪ੍ਰੈਲ ੧੯੨੪
੮.	ਵਾਰੰਟ ਵਾਪਸ ਲਏ ਗਏ (ਰਿਹਾਇਸ਼ ਦਿਲੀ, ਕਾਨਪੁਰ ਅਤੇ ਹੋਰ ਥਾਵਾਂ ਤੇ)	ਦਸੰਬਰ ੧੯੨੫
੯.	'ਨੌਜਵਾਨ ਭਾਰਤ ਸਭਾ' ਦਾ ਨਿਰਮਾਣ	ਮਾਰਚ, ੧੯੨੬
੧੦.	ਪਹਿਲੀ ਗ੍ਰਿਫਤਾਰੀ ਦੁਸਹਿਰਾ ਬੰਬ ਕੇਸ	੨੯ ਮਈ, ੧੯੨੭
੧੧.	ਜ਼ਮਾਨਤ ਤੇ ਰਿਹਾਈ	੪ ਜੁਲਾਈ, ੧੯੨੭
੧੨.	ਦਿਲੀ ਮੀਟਿੰਗ (ਹਿੰਦੁਸ਼ਾਨ ਸੋਸ਼ਲਿਸਟ ਰੀਪਬਲਕਿਨ ਆਰਮੀ)	੮-੯ ਸਤੰਬਰ, ੧੯੨੮
੧੩.	ਵਾਲ ਕਟਵਾਏ (ਫੀਰੋਜ਼ਪੁਰ ਵਿਚ)	ਮੱਧ-ਸਤੰਬਰ, ੧੯੨੮
੧੪.	ਬਟੀਹਾ (ਬਿਹਾਰ) ਦੀ ਯਾਤਰਾ	ਸਤੰਬਰ, ੧੯੨੮ ਦੇ ਅੰਤਲੇ ਦਿਨਾਂ ਵਿਚ
੧੫.	ਸਾਂਡਰਸ ਦਾ ਕਤਲ (ਲਾਹੌਰ)	੧੭ ਦਸੰਬਰ, ੧੯੨੮
੧੬.	ਲਾਹੌਰ ਤੋਂ ਕਲਕਤੇ ਬਚ ਨਿਕਲਣਾ	੨੦ ਦਸੰਬਰ, ੧੯੨੮
੧੭.	ਆਗਰਾ ਕੇਂਦਰ	ਜਨਵਰੀ-ਮਾਰਚ, ੧੯੨੯

੧੮.	ਝਾਂਸੀ ਵਿਚ ਬੰਬ ਦਾ ਤਜਰਬਾ	੫-੬ ਮਾਰਚ, ੧੯੨੯
੧੯.	ਟੋਪ ਵਾਲੀ ਫੋਟੋ ਖਿਚਵਾਈ	੩-੬ ਅਪ੍ਰੈਲ, ੧੯੨੯
੨੦.	ਅਸੈਂਬਲੀ ਬੰਬ ਧਮਾਕਾ ਅਤੇ ਗ੍ਰਿਫਤਾਰੀ	੮ ਅਪ੍ਰੈਲ, ੧੯੨੯
੨੧.	ਦਿਲੀ ਅਦਾਲਤ ਵਿਚ ਲਿਖਤੀ ਬਿਆਨ	੬ ਜੂਨ, ੧੯੨੯
੨੨.	ਫੈਸਲਾ: ਉਮਰ ਕੈਦ	੧੨ ਜੂਨ, ੧੯੨੯
੨੩.	ਮੀਆਂਵਾਲੀ ਜੇਲ੍ਹ ਭੇਜਿਆ	੧੫-੧੬ ਜੂਨ, ੧੯੨੯
੨੪.	ਮੁੱਖ-ਹੜਤਾਲ ਆਰੰਭ ਕੀਤੀ	੧੫-੧੬ ਜੂਨ, ੧੯੨੯
੨੫.	ਲਾਹੌਰ ਸਾਜ਼ਸ਼ ਕੇਸ ਦੀ ਅਦਾਲਤੀ ਕਾਰਵਾਈ ਆਰੰਭ (ਕੇਂਦਰੀ ਜੇਲ੍ਹ ਲਾਹੌਰ, ਵਿਸ਼ੇਸ਼ ਅਦਾਲਤ ਵਿਚ)	੧੦ ਜੁਲਾਈ, ੧੯੨੯ - ੩ ਮਈ, ੧੯੩੦
੨੬.	ਜਤਿਨ ਦਾਸ ਦੀ ਸ਼ਹੀਦੀ	੧੩ ਸਤੰਬਰ, ੧੯੨੯
੨੭.	ਸਪੈਸ਼ਲ ਟ੍ਰਿਬਿਊਨਲ ਵਲੋਂ ਮੁਕੱਦਮੇ ਦੀ ਕਾਰਵਾਈ ਦਾ ਆਰੰਭ	੫ ਮਈ, ੧੯੩੦
੨੮.	ਭਗਵਤੀ ਚਰਨ ਵੋਹਰਾ ਦੀ ਸ਼ਹੀਦੀ	੨੮ ਮਈ, ੧੯੩੦
੨੯.	ਟ੍ਰਿਬਿਊਨਲ ਵਲੋਂ ਦੋਸ਼ ਆਇਦ ਕੀਤੇ ਗਏ	੧੦ ਜੁਲਾਈ, ੧੯੩੦
੩੦.	ਜੱਜਮੈਂਟ	੭ ਅਕਤੂਬਰ, ੧੯੩੦
੩੧.	ਫਾਂਸੀ ਦੀ ਮਿਤੀ ਨੀਯਤ ਕੀਤੀ	੨੭ ਅਕਤੂਬਰ, ੧੯੩੦
੩੨.	ਪ੍ਰਿਵੀ ਕੌਂਸਿਲ ਨੂੰ ਅਪੀਲ	ਦਾਇਰ ਕੀਤੀ ਅਕਤੂਬਰ, ੧੯੩੦; ਖਾਰਜ ਹੋਈ ੧੨ ਫਰਵਰੀ, ੧੯੩੧
੩੩.	ਚੰਦਰ ਸ਼ੇਖਰ ਆਜ਼ਾਦ ਦੀ ਸ਼ਹੀਦੀ	੨੭ ਫਰਵਰੀ, ੧੯੩੧
੩੪.	ਫਾਂਸੀ ਲਾਉਣ ਦਾ ਅੰਤਿਮ ਨਿਰਣਾ	੧੭-੧੮ ਮਾਰਚ, ੧੯੩੧
੩੫.	ਫਾਂਸੀ	੨੩ ਮਾਰਚ, ੧੯੩੧ (ਸ਼ਾਮ ਵੇਲੇ)
੩੬.	ਫਾਂਸੀ ਦੀ ਸੂਚਨਾ ਦਿਤੀ ਗਈ	੨੪ ਮਾਰਚ, ੧੦੩੧ (ਬੜੀ ਸਵੇਰੇ)

0172-2556314



ਸ਼ਹੀਦ ਭਗਤ ਸਿੰਘ ਦੀ 'ਲਾਹੌਰ ਦੁਸ਼ਹਿਰਾ ਬੰਬ ਕੇਸ' (੨੫.੧੦.੧੯੨੬) ਸੰਬੰਧੀ, ਪਹਿਲੀ ਗ੍ਰਿਫਤਾਰੀ (੨੯ ਮਈ- ੪ ਜੁਲਾਈ ੧੯੨੭) ਦੌਰਾਨ ਲਾਹੌਰ ਰੇਲਵੇ ਸਟੇਸ਼ਨ ਥਾਣੇ ਵਿਚ ਡੀ. ਐਸ. ਪੀ. (ਸੀ. ਆਈ. ਡੀ) ਗੋਪਾਲ ਸਿੰਘ ਪੰਨੂੰ ਨਾਲ ਚੋਰੀ-ਛਿਪੇ ਲਈ ਗਈ ਫੋਟੋ

ਕੁਝ ਮਹੱਤਵਪੂਰਨ ਹੋਲੇ

-ਗੁਰਸੇਵਕ ਸਿੰਘ ਢਿੱਲੋਂ

ਹੋਲੇ ਜਾਂ ਹੋਲੀ ਦਾ ਪੁਰਾਤਨ ਇਤਿਹਾਸ ਰਾਜਾ ਹਰਨਾਖਸ਼ ਦੀ ਭੈਣ ਹੋਲਿਕਾ ਅਤੇ ਪ੍ਰਹਿਲਾਦ ਭਗਤ ਨਾਲ ਸਬੰਧ ਰੱਖਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਦੀ ਸ਼ੁਰੂਆਤ ੧੬੮੭ ਈ. ਨੂੰ ਕੀਤੀ ਤੇ ਇਹ ਨਾਅਰਾ ਬੁਲੰਦ ਕੀਤਾ— "ਲੋਗਨ ਕੀ ਹੋਲੀ ਅਰੁ ਖਾਲਸੇ ਕਾ ਹੋਲਾ ਹੈ।" ਮਾਰਚ ਮਹੀਨੇ ਵਿਚ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਪੁਰਬ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਪੁਰਬ ਏਸ ਮਹੀਨੇ ਵਿਚ ਮਨਾਉਣ ਦਾ ਹੁਕਮ ਦੇ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸਨੂੰ ਤ੍ਰਿਬੇਣੀ ਸੰਗਮ ਬਣਾ ਦਿੱਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਹੜੇ ਹੋਲੇ ਕੀਤੇ ਉਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ :

੧. ਪਿੰਡ ਖੋਟੇ ਫਿਰੋਜ਼ਪੁਰ ਸੰਮਤ ੧੯੨੨ ਬਿਕ੍ਰਮੀ ਸੰਨ ੧੮੬੬ ਵਿਚ ਕੀਤਾ।
੨. ਅਨੰਦਪੁਰ ਸਾਹਿਬ ੧੯੨੩ ਬਿਕ੍ਰਮੀ ਸੰਨ ੧੮੬੭ ਈ. ਵਿਚ ਕੀਤਾ
੩. ਸ੍ਰੀ ਭੈਣੀ ਸਾਹਿਬ ੧੯੨੪ ਬਿਕ੍ਰਮੀ ਮੁਤਾਬਿਕ ਸੰਨ ੧੮੬੮ ਈ.
੪. ਮਾਨਾਂਵਾਲੇ ੧੯੨੫ ਬਿਕ੍ਰਮੀ ਮੁਤਾਬਿਕ ਸੰਨ ੧੮੬੯ ਈ.
੫. ਸ੍ਰੀ ਭੈਣੀ ਸਾਹਿਬ ੧੯੨੬ ਬਿਕ੍ਰਮੀ ਮੁਤਾਬਿਕ ਸੰਨ ੧੮੭੦ ਈ.
੬. ਅਨੰਦਪੁਰ ਸਾਹਿਬ ੧੯੨੭ ਬਿਕ੍ਰਮੀ ਸੰਨ ੧੮੭੧ ਈ.।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵੇਲੇ ਸਰਕਾਰੀ ਪਾਬੰਦੀਆਂ ਦੇ ਦੌਰਾਨ ੨੭ ਸਾਲ ਕੋਈ ਹੋਲਾ ਨਹੀਂ ਹੋਇਆ। ਬਾਅਦ ਵਿਚ ੭ ਹੋਲੇ ੧੯੫੫ ਬਿਕ੍ਰਮੀ ਮੁਤਾਬਿਕ ਮੁਤਾਬਿਕ ੧੮੯੯ ਈ. ਤੋਂ ੧੯੬੧ ਬਿਕ੍ਰਮੀ ਸੰਨ ੧੯੦੫ ਤੱਕ ਕੀਤੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਮਤ ੧੯੬੩ ਬਿਕ੍ਰਮੀ ਮੁਤਾਬਕ ਸੰਨ ੧੯੦੭ ਈ. ਤੋਂ ੨੦੧੫ ਬ੍ਰਿਕ੍ਰਮੀ ਸੰਨ ੧੯੫੯ ਈਸਵੀ ਤੱਕ ਕੁੱਲ ੫੩ ਹੋਲੇ ਕੀਤੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਹੁਣ ਤੱਕ ਅਨੇਕਾਂ ਹੋਲੇ ਹੋ ਚੁੱਕੇ ਹਨ। ਜਿਨਾਂ ਵਿਚੋਂ ੧੯੮੫ ਈ. ਹੋਲੇ ਦਿੱਲੀ ਵਿਖੇ ਮਾਸਟਰ ਨਿਹਾਲ ਸਿੰਘ ਤੇ ਸੰਤ ਅਨੰਤਾ ਸਿੰਘ ਜੀ ਨੂੰ ਪੰਥ ਰਤਨ ਦੀ ਉਪਾਧੀ ਬਖਸ਼ਿਸ਼ ਕੀਤੀ ਗਈ। ੧੯੮੬ ਈ. ਵਿਚ ਸੂਬਾ ਗੰਡਾ ਸਿੰਘ ਜੀ ਨੂੰ ਸੰਤ ਵਰਿਆਮ ਸਿੰਘ ਮੁਸੱਵਰ ਨੂੰ ਪੰਥ ਰਤਨ ਦੀ ਉਪਾਧੀ ਬਖਸ਼ਿਸ਼ ਕੀਤੀ। ਇਹ ਬਖਸ਼ਿਸ਼ ਵੀ ਹੋਲੇ ਦੇ ਮੇਲੇ ਦੌਰਾਨ ਕੀਤੀ। ੧੬ ਮਾਰਚ ੧੯੯੦ ਈ. ਹੋਲੇ ਸਮੇਂ ਸ੍ਰੀ ਭੈਣੀ ਸਾਹਿਬ ਪੰਡਤ ਗੋਪਾਲ ਸਿੰਘ ਜੀ ਨੂੰ ਗਿਆਨ ਮਾਰਤੰਡ ਦੀ ਉਪਾਧੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਖਸ਼ਿਸ਼ ਕੀਤੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗਿੱਲਾਂ ਦੇ ਹੋਲੇ ਦੇ ਭੋਗ ਸਮੇਂ ਬਚਨ ਕੀਤਾ ਅਸਾਂ ਸਿਖਰ ਦੀ ਸੇਵਾ ਤੇ ਸਿੱਖੀ ਦੇ ਸੁਆਦ ਦਾ ਮੇਵਾ ਮਸਤੀ ਜੋ ਗਿੱਲਾਂ ਦੇ ਹੋਲੇ ਤੇ ਵੇਖੀ ਹੈ ਉਹ ਅੱਜ ਤੱਕ ਆਪਣੇ ਸੁਆਦ ਵਾਲਾ ਨਜ਼ਾਰਾ ਕਦੇ ਨਹੀਂ ਵੇਖਿਆ।

(ਜੱਸ ਜੀਵਨ ਭਾਗ ਪਹਿਲਾ ਪੰਨਾ ੧੦੯)

ਹੋਲਾ ਫਿਲੌਕੀ- ਸੇਠ ਲੱਧਾ ਸਿੰਘ ਜੀ ਦੇ ਉਦਮ ਨਾਲ ਫਿਲੌਕੀ ਹੋਲਾ ੧੯੬੪ ਬਿਕ੍ਰਮੀ ਦਾ ਹੋਇਆ।

ਹੋਲਾ ਗੁਜਰਾਤ- ੧੯੬੩ ਬਿਕ੍ਰਮੀ ਨੁਸ਼ਹਿਰੇ ਜ਼ਿਲ੍ਹਾ ਗੁਜਰਾਤ ਵਿਚ ਹੋਲਾ ਹੋਇਆ। ੧੯੫੬ ਬਿਕ੍ਰਮੀ ਗੁਰੂ ਹਰੀ ਸਿੰਘ ਜੀ ਨੇ ਸ਼ੁਰੂ ਚੱਕ ਜ਼ਿਲ੍ਹਾ ਸਿਆਲਕੋਟ ਹੋਲੇ ਤੇ ਦਰਸ਼ਨ ਦਿੱਤੇ। ੧੯੫੭ ਬਿ. ਸੱਦੋਵਾਲ ਜ਼ਿਲ੍ਹਾ ਲਾਇਲਪੁਰ, ੧੯੫੮ ਬਿ. ਮਟਵੀਂ ਜ਼ਿਲ੍ਹਾ ਗੁਜਰਾਂਵਾਲਾ। ੧੯੫੯ ਨੂੰ ਗਿੱਲਬਾਰ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੋਲਾ ਹੋਇਆ। ੧੯੬੦ ਫੇਰ ਗੁਰੂ ਚੱਕ ਹੋਲਾ ਹੋਇਆ। ੧੯੬੧ ਬਿ. ਭੈਣੀ ਸਾਹਿਬ ਹੋਇਆ। ੧੯੬੨ ਬਿ. ਮਾਨਾਂਵਾਲੇ ਬਾਰ ਜ਼ਿਲ੍ਹਾ ਸੇਖੂਪੁਰਾ ਹੋਲਾ ਹੋਇਆ। ਪਰ ਗੁਰੂ ਹਰੀ ਸਿੰਘ ਜੀ ਨੇਤ੍ਰਾਂ ਦੇ ਭਾਣੇ ਕਰਕੇ ਨਾ ਜਾ ਸਕੇ। ਦੋਵੇਂ ਮਾਤਾਵਾਂ ਜਿਊਣ ਕੌਰ, ਫਤਹ ਕੌਰ ਜੀ ਤੇ ਤਿੰਨੇ ਭਾਈ ਸਤਿਗੁਰੂ ਪ੍ਰਤਾਪ ਸਿੰਘ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਜੀ ਮਾਂਨਾਵਾਲੇ ਹੋਲੇ ਤੇ ਗਏ ਸੀ। ਮਾਨਾਂਵਾਲੇ ਵਾਲੇ ਦਾ ਹੋਲਾ ਸ. ਸੁੰਦਰ ਸਿੰਘ, ਸ. ਰਘਬੀਰ ਸਿੰਘ, ਸ. ਉਜਾਗਰ ਸਿੰਘ, ਸ. ਭਗਵਾਨ ਸਿੰਘ ਦੇ ਪੁੱਤਰਾਂ ਕਰਾਇਆ ਸੀ। ਸੇਵਾ ਸੇਖੂਪੁਰੇ ਦੇ ਜ਼ਿਲ੍ਹੇ ਦੀ ਸੰਗਤ ਨੇ ਕੀਤੀ ਸੀ।

(ਜੱਸ ਜੀਵਨ ਭਾਗ ਪਹਿਲਾ ਪੰਨਾ ੯੭)

੧੯੬੩ ਬਿ. ਦਾ ਹੋਲਾ ਨੁਸ਼ਹਿਰੇ ਜ਼ਿਲ੍ਹਾ ਗੁਜਰਾਤ ਵਿਚ ਗੰਗਾ ਸਿੰਘ ਤੇ ਗੰਗੋ ਦੇ ਜੋੜੇ ਅਰੋੜ ਬੰਸੀਆਂ ਨੇ ਕਰਾਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਮੇਲੇ ਤੇ ਦਰਸ਼ਨ ਦਿੱਤੇ। ੧੯੬੭ ਬਿ. ਬਾਬਾ ਧਿਆਨ ਸਿੰਘ ਜੀ ਲਾਹੌਰ ਵਾਲਿਆਂ ਭੈਣੀ ਸਾਹਿਬ ਆਏ ਅਰਜ ਕੀਤੀ, ਹੋਲਾ ਸਾਨੂੰ ਇਸ ਸਾਲ ਕਰਨ ਦੀ ਸੇਵਾ ਬਖਸ਼ੋ, ਸਤਿਗੁਰੂ ਜੀ

ਕਿਹਾ ਕਰੋ ਤੇ ਹੋਲਾ ਬੇਸ਼ਕ ਲਾਹੌਰ ਵਿਚ ਪਰ ਬੜੇ ਗੌਰ ਨਾਲ ਜੇ ਰਹਿਣ ਦੀ ਸਮਰੱਥਾ ਰੱਖਦੇ ਹੋ। ਤਾਂ ਬਾਬਾ ਜੀ ਕਿਹਾ ਮੇਰੇ ਨਾਲ ਸੰਤ ਦੇਵਾ ਸਿੰਘ ਮਹੰਤ ਦਿਆਲ ਸਿੰਘ ਜੀ ਵੀ ਮਦਦਗਾਰ ਹਨ। ਅਸੀਂ ਸਭ ਸਾਂਭਾ ਸੁਥਰਾ ਕਰ ਲਵਾਂਗੇ ਸਤਿਗੁਰੂ ਜੀ ਮਹਾਰਾਜ ਤੇ ਮਾਤਾ ਜੀ ਦੋਵੇਂ ਵੀ ਗਏ।

(ਜੱਸ ਜੀਵਨ ਭਾਗ ਪਹਿਲਾ ਪੰਨਾ ੧੪੭)

੧੯੦੧ ਈ. ੧੯੫੭ ਬਿ. ਸੱਦੋਵਾਲ ਦਾ ਹੋਲਾ

ਬਾਬਾ ਮਿੱਤ ਸਿੰਘ ਨੇ ਚਿੱਠੀ ਭੇਜੀ ਜੀ ਹੋਲੇ ਪਰ ਦਰਸ਼ਨ ਦੇਣਾ। ਗੁਰੂ ਹਰੀ ਸਿੰਘ, ਨਰੈਣ ਸਿੰਘ, ਦਾਨ ਸਿੰਘ ਕੋ ਬਚਨ ਕੀਤਾ ਸਰਕਾਰ ਨੂੰ ਕਹੋ ਕਿ ਮਹੀਨੇ ਕੀ ਛੁੱਟੀ ਥੋੜ੍ਹੀ ਹੈ। ਹੋਰ ਮਹੀਨੇ ਕੀ ਮਿਲੇ ਜਾਇ ਅਰਜੀ ਦਿੱਤੀ ਅੰਦਰ ਸੱਦ ਲਿਆ ਫਰੰਗੀ ਪੁੱਛਨ ਲੱਗਾ ਤੁਮਾਰਾ ਤੇ ਸਿੰਘ ਸਭੀਆ ਕਾ ਅਤੇ ਪੁਜਾਰੀਆ ਕਾ ਇਤਫਾਕ ਹੈ ਕਿ ਨਹੀਂ। ਬਾਬੇ ਜੀ ਕਹਾ ਜੀ ਗੁਰੂ ਇਸ਼ਟ ਤਾਂ ਸਾਡਾ ਇਕੋ ਹੈ ਪਰ ਖਾਨ ਪਾਨ ਸਾਡਾ ਜੁਦਾ ਜੁਦਾ ਹੈ। ਕਿਉਂਕਿ ਉਹ ਮਾਸ ਸ਼ਰਾਬ ਖਾਇ ਲੈਂਦੇ ਹਨ। ਮਹੀਨੇ ਦੋ ਕੀ ਛੁੱਟੀ ਚੱਲੇ ਹੋਲੇ ਪਰ ਆਸੇ ਪਾਸੇ ਕੀ ਸੰਗਤ ਆਇ ਇਕੱਠੀ ਹੋਈ। ਗੁਰੂ ਜੀ ਕੇ ਪ੍ਰਤਾਪ ਸੇ ਹੋਲਾ ਹੋਇਆ ਭੋਗ ਤੋ ਮਗਰੋ ਬਚਨ ਕੀਤਾ ਲਿਆਓ ਲੜਕੀ ਨੂੰ। ਕੁੜੀ ਦੀ ਮਾਂ ਨੇ ਕਹਿਆ ਮੁੰਡਾ ਡੁੱਡਾ ਹੈ। ਪਾਲਾ ਸਿੰਘ ਕਿਆਮ ਪੁਰੀਏ ਦੀ ਲੜਕੀ ਸੀ ਕੁੜੀ ਭਰਾ ਨਾਲ ਤੋਰ ਦਿੱਤੀ। ਕਹਿਣ ਲੱਗੀ ਜੀ ਅਨੰਦ ਮੈਂ ਆਪਣੇ ਘਰ ਪੜਾਵਾਂਗੀ। ਕੁੜੀ ਢੂੰਡੀ ਤੇ ਨਾ ਲੱਭੀ। ਸਿੰਘ ਨੇ ਕਹਿਆ ਜੇ ਤੂੰ ਕੁੜੀ ਨਾ ਦੇਵੇਂਗੀ ਤਾਂ ਮਾਰੀ ਜਾਵੇਗੀ। ਬਚਨ ਹੋਇਆ ਨਾ ਏਹ ਸੰਗਤ ਮੇ ਬੜੇ ਤੇ ਨਾ ਏਸਦੇ ਜਾਓ। ਏਹ ਹੁਕਮ ਸੁਣ ਕੇ ਮਾਂ ਝੱਟ ਕੁੜੀ ਲੈ ਆਈ ਲੜਕਾ ਬੁੱਢਾ ਸਿੰਘ ਖਾਨਪੁਰੀਏ ਦਾ ਸੀ ਕਿਰਪਾਲ ਸਿੰਘ ਜਿਸਦੀਆਂ ਲੱਤਾਂ ਡੁੱਡੀਆਂ ਸਨ। ਗੁਰੂ ਜੀ ਕੇ ਪ੍ਰਤਾਪ ਸੇ ਉਸੀ ਕਾ ਅਨੰਦ ਪੜਾਇਆ।

(ਸਤਿਗੁਰੂ ਬਿਲਾਸ ਭਾਗ ਦੂਜਾ)

ਮਟਵਾਂ ਜ਼ਿਲ੍ਹਾ ਗੁਜਰਾਂ ਵਾਲਾ ਦਾ ਹੋਲਾ-

੧੯੫੮ ਬਿ. ੧੯੦੨ ਈ. ਮਟਵੀਂ ਹੋਲਾ ਸੀ। ਗੁਰੂ ਹਰੀ ਸਿੰਘ ਜੀ ਗਏ। ਕਾਮੋਕੇ ਸਟੇਸ਼ਨ ਦੇ ਨੇੜੇ ਜਾਏ ਉਤਰੇ ਦੂਰ ਤੋਂ ਸੰਗਤ ਲੈਣ ਆਈ। ਸਿੰਘਾ ਨੂੰ ਦੇਖ ਕੇ ਨਰੈਣ ਸਿੰਘ ਕਹਿਆ ਜੀ ਘੋੜਿਆ ਦੀਆਂ ਵਾਗਾਂ ਚੁੱਕ ਲਵੋ। ਜਿੱਥੇ ਜਾਣਾ ਹੈ, ਉਥੇ ਹੀ ਚੱਲ ਉਤਰੋ, ਜਿਉਂ ਵਾਗਾਂ ਛੱਡੀਆਂ ਧਰਮਸ਼ਾਲਾ ਕੇ ਦਰਵਾਜ਼ੇ ਪਰ ਜਾਇ ਖੜੇ ਹੋਏ ਛੇਵੀਂ ਪਾਤਸ਼ਾਹੀ ਗੁਰਦਵਾਰਾ ਸੀ ਓਥੇ ਜਾਇਕੇ ਜਪੁ ਜਾਪੁ ਕਾ ਪਾਠ ਕਰਿਆ ਸਿੰਘਾ ਕੀ ਭੀੜ ਆਣ ਹੋਈ।

(ਸਤਿਗੁਰੂ ਬਿਲਾਸ ਭਾਗ ਦੂਜਾ ਪੰਨਾ ੩੧੭)

ਗਿੱਲਾਂ ਦਾ ਹੋਲਾ-

੧੯੫੯ ਬਿ. ੧੯੦੩ ਈ. ਗੁਰੂ ਹਰੀ ਸਿੰਘ ਜੀ ਗਿੱਲਾਂ ਹੋਲੇ ਤੇ ਚੱਲੇ ਅੱਗੇ ਸਿੰਘ ਹੀ ਸਿੰਘ ਦਿਸਣ। ਦੀਵਾਨ ਲੱਗਾ ਤਾਂ ਗੁਰੂ ਜੀ ਦੀਵਾਨ ਵਿਚੋਂ ਉੱਠ ਕੇ ਚਲੇ ਗਏ। ਰਾਗੀਆਂ ਨੂੰ ਬੁਲਾ ਕੇ ਬਚਨ ਕੀਤਾ। ਅਸਾਂ ਤੁਹਾਡਾ ਰਾਗ ਨਹੀਂ ਸੁਣਨਾ। ਤੁਸੀਂ ਮਾਸ ਸ਼ਰਾਬ ਖਾਂਦੇ ਪੀਂਦੇ ਹੋ। ਜੈ ਸਿੰਘ ਪਹਿਲਾ ਤਾਂ ਮੁੱਕਰ ਗਿਆ ਫੇਰ ਮੰਨ ਗਿਆ। ਭਾਈ ਕਾਲੂ ਨੇ ਵੀ ਕਿਹਾ ਜੀ ਮੈਨੂੰ ਕੁਝਰਾਂਵਾਲੇ ਰਾਗੀਆਂ ਨੇ ਪਿਆਲ ਦਿੱਤੀ ਸੀ। ਦੋਹਾਂ ਨੇ ਬਖਸ਼ਾਇਆ। ਅਤੇ ਚੰਦੇ ਨੇ ਅਰਜ ਕੀਤੀ। ਜੀ ਮੈਨੂੰ ਬੀ ਬਖਸ਼ੋ। ਗੁਰੂ ਜੀ ਬਚਨ ਕੀਤਾ। ਆਪਨੇ ਮੂੰਹ ਤੇ ਆਪੇ ਜੁੱਤੀਆਂ ਮਾਰ। ਲੱਗਾ ਮਾਰਨ ਹਟਾਇਆ ਤਾਂ ਹਟਿਆ। ਤਿੰਨਾਂ ਨੂੰ ਅੰਮ੍ਰਿਤ ਛਕਾ ਕੇ ਦੀਵਾਨ ਲਵਾਇਆ।

(ਸਤਿਗੁਰੂ ਬਿਲਾਸ ਭਾਗ ਦੂਜਾ)

ਹੋਲਾ ਗੁਰੂ ਚੱਕ ਦਾ-੧੯੬੦ ਬਿ. ੧੯੦੪ ਈ.

ਗੁਰੂ ਚੱਕ ਵਾਲੇ ਸਿੰਘ ਨੇ ਹੋਲੇ ਵਾਸਤੇ ਗੁਰੂ ਜੀ ਸੱਦੇ ਹੈਂ। ਸਿੰਘਾ ਅਰਜ ਕੀਤੀ ਜੀ ਸਾਡੀ ਆਪਸ ਵਿਚ ਮਿਲੌਨੀ ਕਰਾਓ ਫੁੱਟ ਪੈ ਗਈ ਹੈ। ਬਚਨ ਕੀਤਾ ਮਿਲ ਕੇ ਰਹੋ।

ਹੋਲਾ ਰਾਮਦਾਸਪੁਰੇ ਸਾਹਿਬ ਦਾ-੧੯੬੧ ਬਿ. ੧੯੦੫ ਈ. ਰਾਮਦਾਸਪੁਰੇ ਹੋਲੇ ਵਾਲੇ ਦਿਨ ਗੁਰੂ ਜੀ ਨਾ ਆਏ ਦੀਵਾਨ ਮੇ। ਹਵਨ ਹੋਇਆ ਕੜਾਹ ਪ੍ਰਸਾਦ ਆਇਆ। ਤਾਂ ਗੁਰੂ ਜੀ ਵੀ ਆ ਗਏ। ਮਾਘਾ ਸਿੰਘ ਬਿਲਾਸਪੁਰੀਏ ਨੇ ਅਰਜ ਕੀਤੀ ਜੀ ਮੈਂ ਪਿੰਡ ਤੋੜੀ ਹੋਇ ਆਮਾ? ਗੁਰੂ ਜੀ ਬਚਨ ਕੀਤਾ ਬੋਹਲ ਛੱਡ ਕੇ ਕੋਈ ਨਹੀਂ ਜਾਂਦਾ ਨਾ ਗਿਆ। ਮੋਰੋਂ ਕਾ ਬੂਟਾ ਸਿੰਘ ਉਸਨੇ ਆ ਦਰਸ਼ਨ ਕੀਤਾ। ਅਰਜ ਕੀਤੀ ਤੈਨੂੰ ਘਰ ਬੈਠੇ ਨੂੰ ਦਰਸ਼ਨ ਹੋਣਗੇ। ਏਕ ਮਹੀਨੇ ਬਾਅਦ ਦੋਨਾਂ ਮੂਰਤਾਂ ਦੇ ਦਰਸ਼ਨ ਹੋਏ। ਫਤੇ ਸਿੰਘ ਢਿਲਮਾਂ ਦਾ ਕਈ ਲੜਕੇ ਲੜਕੀਆਂ ਹੋਇਕੇ ਘਰ ਮਰ ਗਏ। ਲੋਕ ਤਾਅਨੇ ਦੇਣ ਕਿ ਕੂਕੇ ਬਣੇ ਫਿਰਦੇ ਹਨ। ਜੁਆਕ ਕੋਈ ਇਕ ਨਹੀਂ ਜਿਊਂਦਾ। ਗੁਰੂ ਜੀ ਕੋਲ ਅਰਜ ਕੀਤੀ। ਸਾਡੇ ਲੜਕੇ ਨਹੀਂ ਜਿਊਂਦੇ ਸਾਨੂੰ ਲੋਕ ਮਿਹਣੇ ਮਾਰਦੇ ਹਨ। ਗੁਰੂ ਜੀ ਬਚਨ ਕੀਤਾ ਅਖੰਡ ਪਾਠ ਕਰਵਾਇ ਦੇਣਾ। ਔਂਦੇ ਸਾਲ ਜਿਊਂਦਾ ਹੋਇਗਾ।

ਮਾਨਾਂਵਾਲੇ ਦਾ ਹੋਲਾ-੧੯੬੨ ਦਾ ਹੋਲਾ ਸੀ ਮਾਨਾਵਾਲੇ ਸ. ਸੁੰਦਰ ਸਿੰਘ ਅਰਜ ਕਰਕੇ ਲੈਣ ਆਏ। ਗੁਰੂ ਜੀ ਪ੍ਰਤਾਪ ਸਿੰਘ ਕੋ ਬਚਨ ਕੀਤਾ ਤੁਸੀਂ ਕਰੋ ਹੁਣ ਦੌਰੇ ਅਸੀਂ ਕਰ ਚੁੱਕੇ ਹਾਂ।

(ਸਤਿਗੁਰੂ ਬਿਲਾਸ ਭਾਗ ਦੂਜਾ ਪੰਨਾ ੩੬੩)

ਦੂਜੀ ਕਿਸ਼ਤ

ਬ੍ਰਹਮ ਗਿਆਨ, ਭਗਤੀ ਅਤੇ ਗੁਰਬਾਣੀ

-ਸਵਾਮੀ ਬ੍ਰਹਮਦੇਵ ਉਦਾਸੀ

....ਅਤੇ ਮੇਰਾ ਮੱਤ ਤਾਂ ਮਾਇਆ ਤੋਂ ਮੁਕਤੀ ਦਾ ਜਾਂ ਪਰਮ ਪਦ ਪ੍ਰਾਪਤੀ ਦਾ ਉਹੋ ਹੀ ਹੈ ਜੋ ਸ੍ਰੀ ਗੁਰੂ ਰਾਮਦਾਸ ਜੀ ਪੰਨਾ ੧੩੧੯ ਉੱਪਰ ਫੁਰਮਾਉਂਦੇ ਹਨ ਕਿ

"ਰਾਮਾ ਰਮ ਰਾਮੈ ਅੰਤੁ ਨ ਪਾਇਆ॥ ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ॥ ੧॥ ਰਹਾਉ॥ ਹਰਿ ਕੇ ਨਾਮ ਅਸੰਖ ਅਗਮ ਹਹਿ ਅਗਮ ਅਗਮ ਹਰਿ ਰਾਇਆ॥ ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ॥੧॥ ਗੋਬਿਦ ਗੁਣ ਗੋਬਿਦ ਸਦਾ ਗਾਵਹਿ ਗੁਣ ਗੋਬਿਦ ਅੰਤੁ ਨ ਪਾਇਆ॥ ਤੂ ਅਮਿਤਿ ਅਤੋਲੁ ਅਪਰੰਪਰ ਸੁਆਮੀ ਬਹੁ ਜਪੀਐ ਥਾਹ ਨ ਪਾਇਆ॥੨॥ ਉਸਤਤਿ ਕਰਹਿ ਤੁਮਰੀ ਜਨ ਮਾਧੌ ਗੁਨ ਗਾਵਹਿ ਹਰਿ ਰਾਇਆ॥ ਤੁਮ੍ ਜਲ ਨਿਧਿ ਹਮ ਮੀਨੇ ਤੁਮਰੇ ਤੇਰਾ ਅੰਤੁ ਨ ਕਤਹੂ ਪਾਇਆ॥ ੩॥ ਜਨ ਕਉ ਕ੍ਰਿਪਾ ਕਰਹੁ ਮਧਸੂਦਨ ਹਰਿ ਦੇਵਹੁ ਨਾਮੁ ਜਪਾਇਆ॥ ਮੈ ਮੂਰਖ ਅੰਧੁਲੇ ਨਾਮੁ ਟੇਕ ਹੈ ਜਨ ਨਾਨਕ ਗੁਰਮੁਖਿ ਪਾਇਆ॥੪॥੧॥ (ਪੰਨਾ ੧੩੧੯)

ਇਸਦਾ ਭਾਵ ਹੈ ਕਿ ਹਰੀ ਹੀ ਸਾਡੀ ਮਾਤਾ ਹੈ ਤੇ ਓਹੀ ਪਿਤਾ ਹਨ। ਓਹੀ ਸਾਡੇ ਰਾਖੇ ਹਨ। ਅਸੀਂ ਉਹਨਾਂ ਦੇ ਬਾਲਕ ਹਾਂ। ਉਹ ਨਿੱਤ ਨਿਰੰਤਰ ਸਾਡੀ ਖੋਜ ਖਬਰ ਰੱਖਦੇ ਹਨ। ਉਹ ਸਦਾ ਸੁਭਾਵਕ ਹੀ ਸਾਨੂੰ ਖਿਲਾਉਂਦੇ ਪਿਲਾਉਂਦੇ ਰਹਿੰਦੇ ਹਨ। ਜਿਸ ਵਿਚ ਉਹ ਰੱਤੀ ਮਾਸਾ ਵੀ ਢਿੱਲ ਨਹੀਂ ਕਰਦੇ, ਉਹ ਆਪਣੇ ਭਗਤ ਰੂਪੀ ਪੁੱਤਰਾਂ ਦੇ ਅਉਗੁਣਾਂ ਦੀ ਚਿੰਤਾ ਨਾ ਕਰਕੇ ਉਹਨਾਂ ਨੂੰ ਸਦਾ ਆਪਣੇ ਗਲ ਲਾਉਂਦੇ ਹਨ। ਉਹ ਐਸੇ ਸੁਖਦਾਤਾ ਪਿਤਾ ਹਨ ਕਿ ਉਹਨਾਂ ਤੋਂ ਜੋ ਕੁਝ ਵੀ ਮੰਗੀਏ ਉਹ ਤੁਰੰਤ ਦੇ ਦਿੰਦੇ ਹਨ। ਉਹ ਆਪਣੇ ਬੱਚਿਆਂ ਦੀ ਯੋਗਤਾ ਨੂੰ ਸਮਝ ਕੇ ਗਿਆਨ ਧਨ ਅਤੇ ਨਾਮ ਧਨ ਦੋਵੇਂ ਹੀ ਸੌਂਪ ਦਿੰਦੇ ਹਨ।

ਹੁਣ ਜਰਾ ਭਗਤੀ ਦੇ ਵਿਸਥਾਰ ਸਹਿਤ ਵਿਵੇਚਨ ਵੱਲ ਆਉਂਦੇ ਹਾਂ :

ਭਗਤੀ ਦੀ ਵਿਆਖਿਆ ਦੇਵਰਿਸ਼ੀ ਨਾਰਦ ਜੀ ਨੇ ਆਪਣੇ ਜਗਤ ਪ੍ਰਸਿੱਧ ਭਗਤੀ ਮਾਰਗ ਦੇ ਗ੍ਰੰਥ "ਨਾਰਦ ਭਗਤੀ ਦਰਸ਼ਨ" ਦੇ ਪਹਿਲੇ ਸੂਤਰ ਵਿਚ ਕਰਦਿਆਂ ਜੋ ਲਿਖਿਆ ਹੈ :

''अथाती भक्तिं व्याख्यास्याम् ॥ (न.भ.1)''

ਉਸ ਵਿਚ ਤਿੰਨ ਸ਼ਬਦ ਵਿਸ਼ੇਸ਼ ਹਨ-ਅਥ, ਅਤਃ ਅਤੇ ਭਗਤੀ। ਅਥ ਸ਼ਬਦ ਮੰਗਲਵਾਚੀ ਹੈ। ਦੂਜਾ ਸ਼ਬਦ ਹੈ ਅਤਃ। ਇਹ ਸ਼ਬਦ ਕਾਰਨ, ਪ੍ਰਯੋਜਕ ਜਾਂ ਸਬੰਧਕ (ਸ਼ਬਦ ਜੋੜ) ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਭਗਤੀ ਮਾਰਗ ਵਿਚ ਆਉਣ ਵਾਲੇ ਸੰਕ, ਕਲੇਸ਼, ਦੁੱਖ ਦਰਦ ਆਦਿ ਨੂੰ ਭਗਤੀ ਮਾਰਗ ਦੇ ਵਿਘਨ ਸਿੱਧ ਕਰਨ ਵਾਸਤੇ ਮਹਾਤਮਾ ਨਾਰਦ ਅਤਃ ਸ਼ਬਦ ਦਾ ਪ੍ਰਯੋਗ ਕਰਦੇ ਪ੍ਰਤੀਤ ਹੁੰਦੇ ਹਨ ਕਿ ਅਸੀਂ ਸਭ ਸੰਸਾਰ ਵਿਚ ਫਸੇ ਹੋਏ ਹਾਂ, ਸਭ ਦੀ ਕਿਸੇ ਨਾ ਕਿਸੇ ਚੀਜ਼ ਨਾਲ ਪਕੜ ਬਣੀ ਹੋਈ ਹੈ। ਕਿਸੇ ਦੀ ਧਨ ਨਾਲ, ਪਤਨੀ ਪੁੱਤਰ, ਸੱਜਣ ਅਥਵਾ ਮਿੱਤਰ ਨਾਲ। ਕੋਈ ਆਪਣੀ ਦੇਹ ਨੂੰ ਭਾਵ ਜਿਸਮ ਨੂੰ ਹੀ ਸ਼ਿੰਗਾਰਨ, ਸੰਵਾਰਨ ਜਾਂ ਸਾਂਭਣ ਵਿਚ ਲੱਗੇ ਹੋਏ ਹਨ। ਜਾਤ, ਧਰਮ, ਸਮਾਜ, ਦੇਸ਼ ਆਦਿ ਦੇ ਵੀ ਕੁਝ ਲੋਕ ਪ੍ਰੇਮੀ ਵੇਖੇ ਜਾਂਦੇ ਹਨ ਪਰ ਇਹ ਸਾਰੀਆਂ ਜ਼ੰਜੀਰਾਂ ਹਿਰਦੇ ਵਿਚ ਸੁੱਖ ਸ਼ਾਂਤੀ ਦਾ ਸੰਚਾਰ ਨਹੀਂ ਕਰ ਸਕਦੀਆਂ। ਇਸ ਵਾਸਤੇ ਅਤਃ ਸ਼ਬਦ ਨਾਲ ਨਾਰਦ ਜੀ ਆਖਦੇ ਹਨ ਕਿ ਪਾਤਾਲ ਤੋਂ ਲੈ ਕੇ ਬ੍ਰਹਮਲੋਕ ਤੱਕ ਵਿਚਾਰ ਕਰਕੇ ਵੇਖੋ। ਸੱਚੀ ਸ਼ਾਂਤੀ ਕਿਧਰੋਂ ਵੀ ਨਹੀਂ ਮਿਲ ਸਕਦੀ। ਇਸ ਵਾਸਤੇ ਉਹਨਾਂ ਨੇ ਤੀਜਾ ਸ਼ਬਦ ਵਰਤਿਆ ਹੈ 'ਭਗਤੀ' ਕਿ ਇੱਥੇ ਜੋ ਕੁਝ ਹੈ ਸਭ ਨਾਸ਼ਵੰਤ ਹੈ। ਸੰਸਾਰ ਦਾ ਜੀਵਨ ਅਤੇ ਜੀਵਨ ਸੰਬੰਧੀ ਹਰ ਚੀਜ਼ ਖਿਨ ਖਿਨ ਖੀਣ ਹੋ ਰਹੀ ਹੈ, ਸੜ ਰਹੀ ਹੈ, ਰੇਤੇ ਦੀ ਮੁੱਠੀ ਵਾਂਗੂੰ ਹਰ ਸੰਸਾਰੀ ਪਦਾਰਥ ਸਰਕਦਾ, ਖਿਸਕਦਾ ਜਾ ਰਿਹਾ ਹੈ। ਏਸੇ ਲਈ ਇਸਨੂੰ ਸੰਸਾਰ ਕਹਿੰਦੇ ਹਨ। ਧਨ, ਵਿੱਦਿਆ, ਜਵਾਨੀ ਕੁਝ ਵੀ ਟਿਕਾਊ ਨਹੀਂ। ਸਭ ਕੁਝ ਮਿਰਤੂ ਵਾਲੇ ਪਾਸੇ ਜਾ ਰਿਹਾ ਹੈ। ਕਾਲੇ ਘੁੰਗਰਾਲੇ ਕੇਸ ਸਫੈਦੀ ਵੱਲ, ਚਮਕਦਾ ਮੁੱਖੜਾ ਝੁਰੜੀਆਂ ਵੱਲ, ਚਮਕੀਲੇ ਅਤੇ ਮਜ਼ਬੂਤ ਦੰਦ ਸੜਨ ਗਲਨ ਦੀ ਤਰਫ ਨੱਠੇ ਜਾ ਰਹੇ ਹਨ। ਇਹ ਸੌਦਾ ਇੰਨਾ ਪ੍ਰਛਿੰਨ, ਝੂਠਾ ਅਤੇ ਤੁੱਛ ਹੈ ਕਿ ਇਸਦੀ ਸੱਤਾ ਹੀ ਨਿਸ਼ਚਿਤ ਨਹੀਂ ਹੁੰਦੀ। ਇਕ ਪ੍ਰਮਾਤਮਾ ਹੀ ਸਦਾ ਇਸਥਿਰ ਹੈ। ਇਸ ਕਰਕੇ ਰਿਸ਼ੀ ਜੀ ਆਖਦੇ ਹਨ ਕਿ ਮੈਂ ਇਸ ਝੂਠ, ਅਨਿੱਤ, ਦੁੱਖ ਰੂਪ ਸੰਸਾਰ ਤੋਂ ਖਹਿੜਾ ਛਡਾਉਣ ਵਾਲੀ ਭਗਤੀ ਦੀ ਵਿਆਖਿਆ ਤੁਹਾਨੂੰ ਸੁਣਾ ਰਿਹਾ ਹਾਂ। ਬ੍ਰਹਮ ਗਿਆਨ ਇਕ ਰਾਜਾ ਹੈ, ਸਮਰਾਟ ਹੈ। ਉਸਨੂੰ ਖੁਸ਼ ਕਰਨ ਵਾਸਤੇ ਸ਼ਮ ਦਮ ਆਦਿ ਸਾਧਨ ਚਾਹੀਦੇ ਹਨ। ਮਨ ਦੀ ਨਿਰਮਲਤਾ ਤੇ ਵਿਵੇਕ ਵੈਰਾਗ ਦਾ ਸਿੰਘਾਸਨ ਸਜਿਆ ਹੋਣਾ ਚਾਹੀਦਾ ਹੈ। ਗਿਆਨ ਦਾ ਰਾਜਾ ਐਵੇਂ ਹੀ ਸੇਜ ਉੱਪਰ ਪੈਰ ਨਹੀਂ ਪਾਉਂਦਾ ਪਰ ਭਗਤੀ ਤਾਂ ਮਾਤਾ ਹੈ ਉਹ ਦੁਖੀ ਨੂੰ ਵੀ ਆਸਰਾ ਦਿੰਦੀ ਹੈ। ਲਿੱਬੜੇ ਤਿੱਬੜਿਆ ਨੂੰ ਵੀ ਗੋਦ ਵਿਚ ਲੈ ਲੈਂਦੀ ਹੈ। ਉਥੇ

ਅਧਿਕਾਰੀ ਦਾ ਪ੍ਰਸ਼ਨ ਨਹੀਂ। ਇਸ ਕਲ੍ਹਾ ਕਲੇਸ਼, ਦੁੱਖ ਅਤੇ ਸੰਘਰਸ਼ ਨਾਲ ਭਰੇ ਸੰਸਾਰ ਵਿਚ ਕਿਸਦੇ ਪਾਸ ਟਾਈਮ ਹੈ ਇਕੋ ਨਿਯਮ ਅਤੇ ਸੰਜਮ ਨੂੰ ਸਿੱਧ ਕਰਨ ਦਾ। ਇਸ ਲਈ ਮਹਾਤਮਾ ਨਾਰਦ ਜੀ ਨੇ ਦਯਾ ਕਰਕੇ, ਔਖੇ ਸਾਧਨਾਂ ਵਿਚੋਂ ਕੱਢ ਕੇ ਜੀਵ ਨੂੰ ਸੌਖਾ ਰਸਤਾ ਦੱਸਣ ਦੀ ਕ੍ਰਿਪਾ ਕੀਤੀ ਹੈ। ਭਗਤੀ ਸ਼ਬਦ ਵਿਆਕਰਣ ਦੀ ਦ੍ਰਿਸ਼ਟੀ ਨਾਲ ਤਿੰਨ ਪ੍ਰਕਾਰ ਨਾਲ ਬਣਦਾ ਹੈ। ਪਹਿਲਾ ਸ਼ਬਦ ਹੈ 'ਭਜਨ' ਜਿਹੜਾ 'ਭਜ ਸੇਵਾਯਾਮ' ਧਾਤੂ ਤੋਂ ਬਣਦਾ ਹੈ। ਭਜਨ ਦਾ ਅਰਥ ਹੁੰਦਾ ਹੈ ਸੇਵਾ ਕਰਨਾ, ਯਾਦ ਕਰਨਾ, ਚੇਤੇ ਕਰਨਾ, ਕਿਸੇ ਚੀਜ਼ ਵਿਚੋਂ ਰਸ ਲੈਣਾ। ਦੂਜਾ ਹੈ 'ਭੰਜਨ'। ਜਿਸਦਾ ਅਰਥ ਹੈ ਤੋੜਨਾ, ਕੱਟਣਾ, ਵੱਢਣਾ ਅਤੇ ਦੰਡ ਦੇਣਾ ਭਾਵ ਭਗਤੀ ਮਾਰਗ ਦੇ ਯਾਤਰੀ ਨੂੰ ਸੰਸਾਰ ਵਾਲੇ ਪਾਸਿਓਂ ਤੋੜਨਾ, ਉਸਦੇ ਸੰਕਲਪਾਂ ਨਾਲ ਗੰਦੇ ਹੋਏ ਮਨ ਰੂਪੀ ਭਾਂਡੇ ਨੂੰ ਭੰਨਣਾ, ਅਹੰਕਾਰ ਆਦਿਕ ਦੇ ਝੂਠੇ ਬਣੇ ਕਿਲਿਆਂ ਨੂੰ ਤੋੜ ਕੇ ਰੱਬ ਨਾਲ ਜੋੜਨਾ। ਤੀਜਾ ਹੈ 'ਭਾਗੋ ਭਗਤੀ'। ਜਿਸਦਾ ਅਰਥ ਹੈ ਅੱਡ ਅੱਡ ਕਰਨਾ, ਹਿੱਸੇ ਪਾਉਣਾ, ਵੰਡ ਜਾਂ ਤਕਸੀਮ ਕਰਨਾ। ਜਿਵੇਂ ਕਿਸੇ ਜਾਇਦਾਦ ਦਾ ਬਟਵਾਰਾ ਹੋਵੇ ਕਿ ਇਹ ਛੋਟੇ ਦਾ ਤੇ ਅਹੁ ਦੂਜੇ ਵੱਡੇ ਦਾ। ਇਸਦਾ ਭਾਵ ਹੈ ਕਿ ਤੁਸੀਂ ਆਪਣਾ ਕੋਈ ਭਾਗ ਜਾਂ ਹਿੱਸਾ ਆਪਣੇ ਕੋਲ ਰੱਖੋ ਹੀ ਨਾ। ਸਭ ਕੁਝ ਭਗਵਾਨ ਨੂੰ ਹੀ ਅਰਪਣ ਕਰ ਦਿਉ।

ਇਸ ਪ੍ਰਕਾਰ ਭਗਤੀ ਦੇ ਵਿਆਖਿਆਕਾਰਾਂ ਵਿੱਚੋਂ ਇੱਕ ਪ੍ਰਸਿੱਧ ਵਿਆਖਿਆਕਾਰ ਮਹਾਂਰਿਸ਼ੀ ਸ਼ਾਂਡਿੱਲਯ ਨੇ ਆਪਣੇ ਭਗਤੀ ਸੂਤਰ ਵਿੱਚ ਭਗਵਾਨ ਵਿੱਚ ਅਤਿਅੰਤ ਪ੍ਰੇਮ ਤੇ ਅਨੁਰਾਗ ਨੂੰ ਹੀ ਭਗਤੀ ਆਖਿਆ ਹੈ। ਇਸ ਵਿਸ਼ੇ ਨੂੰ ਸਮਝਣ ਵਾਸਤੇ ਉਹਨਾਂ ਨੇ ਪੰਜ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਮੰਨਿਆ ਹੈ।

੧) ਪ੍ਰਮਾਤਮਾ ਕੀ ਹੈ ?

੨) ਜੀਵਨ ਕਿਸਨੂੰ ਆਖਦੇ ਹਨ ?

੩) ਇਹਨਾਂ ਦੇ ਮਿਲਾਪ ਵਿੱਚ ਬਾਧਾ, ਅਵਰਨ ਜਾਂ ਪਰਦਾ ਕਿਹੜਾ ਹੈ ?

੪) ਉਸਨੂੰ ਨਿਵਿਰਤ ਕਰਨ ਦਾ ਅਵਰਨ ਜਾਂ ਪਰਦਾ ਕਿਹੜਾ ਹੈ ?

੫) ਤੇ ਭਗਤੀ ਦਾ ਫਲ ਕੀ ਹੈ ?

ਇਸ ਪ੍ਰਸੰਗ ਨੂੰ ਜਾਂ ਇਉਂ ਸਮਝ ਲਵੋ ਕਿ ਈਸ਼ਵਰ ਸਵਾਮੀ ਹੈ, ਜੀਵ ਸੇਵਕ, ਮਾਇਆ ਵਿਰੋਧੀ, ਅਨੇਕ ਪ੍ਰਕਾਰ ਦੇ ਸ਼ੁੱਭ ਗੁਣ ਉਪਾਅ ਅਤੇ ਪ੍ਰਭੂ ਮਿਲਾਪ ਆਖਰੀ ਫਲ ਹੈ। ਇਹ ਭਗਤੀ ਫਿਰ ਤਿੰਨ ਪ੍ਰਕਾਰ ਦੀ ਹੈ। ਨਵਧਾ, ਪ੍ਰੇਮ ਰੂਪਾਂ, ਅਤੇ ਪਰਾ ਭਗਤੀ। ਨੌਂ ਪ੍ਰਕਾਰ ਦੀ ਭਗਤੀ ਨੂੰ ਨਵਧਾ ਭਗਤੀ ਆਖਦੇ ਹਨ। ਇਸ ਨੂੰ ਨਾਰਦੀ ਭਗਤੀ ਕਹਿੰਦੇ ਹਨ। ਇਸ ਪ੍ਰਥਾਇ ਭਗਤ ਕਬੀਰ ਜੀ ਦਾ ਕਥਨ ਹੈ :

"ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ॥ ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ॥੨॥ ਭਗਤਿ ਨਾਰਦੀ ਰਿਦੈ ਆਈ ਕਾਛਿ ਕੂਛਿ ਤਨੁ ਦੀਨਾ॥ ਰਾਗ ਰਾਗਨੀ ਡਿੰਭ ਹੋਇ ਬੈਠਾ ਹਰਿ ਉਨਿ ਹਰਿ ਪਹਿ ਕਿਆ ਲੀਨਾ॥ ੩॥ ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (ਪੰਨਾ ੬੫੫)

ਇਸ ਨੌਂ ਪ੍ਰਕਾਰ ਦੀ ਭਗਤੀ ਦਾ ਜ਼ਿਕਰ ਪੰਜਵੇਂ ਪਾਤਸ਼ਾਹ ਨੇ ਵੀ ਕੀਤਾ ਹੈ :

"ਸਿਰੀਰਾਗੁ ਮਹਲਾ ੫ ਘਰੁ ੫॥
ਜਾਨਉ ਨਹੀ ਭਾਵੈ ਕਵਨ ਬਾਤਾ॥
ਮਨ ਖੋਜਿ ਮਾਰਗੁ॥ ੧॥ ਰਹਾਉ॥
ਧਿਆਨੀ ਧਿਆਨੁ ਲਾਵਹਿ॥
ਗਿਆਨੀ ਗਿਆਨੁ ਕਮਾਵਹਿ॥
ਪ੍ਰਭੁ ਕਿਨ ਹੀ ਜਾਤਾ॥ ੧॥
ਭਗਉਤੀ ਰਹਤ ਜੁਗਤਾ॥
ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ॥ ੨॥
ਮੋਨੀ ਮੋਨਿਧਾਰੀ॥
ਸਨਿਆਸੀ ਬ੍ਰਹਮਚਾਰੀ॥
ਉਦਾਸੀ ਉਦਾਸਿ ਰਾਤਾ॥ ੩॥
ਭਗਤਿ ਨਵੈ ਪਰਕਾਰਾ॥ (ਪੰਨਾ ੭੧)"

ਭਾਵ ਸ਼੍ਰਵਣ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਨ, ਬੰਦਨ, ਦਾਸ ਭਾਵ, ਸਖਾ ਭਾਵ ਅਤੇ ਆਤਮ ਨਿਵੇਦਨ। ਪਹਿਲੀ ਭਗਤੀ ਹੈ ਭਗਵਾਨ ਦੀ ਕਥਾ ਸੁਨਣਾ। ਸ੍ਰੀ ਮਦ ਭਗਵਤ ਮਹਾਂਪੁਰਾਣ ਵਿੱਚ ਆਉਂਦਾ ਹੈ :

"तव कथामृतं तप्तजीवनं कविभिरीडितं कल्मषापहम्।
श्रवणमङ्गलं श्रीमदाततं भुवि गृणन्ति ते भूरिदा जनाः। (भा.)"

ਕਿ ਤੁਹਾਡੀ ਕਥਾ ਅੰਮ੍ਰਿਤ ਹੈ, ਸੰਸਾਰ ਦੇ ਤਪੇ ਹੋਏ ਪ੍ਰਾਣੀਆਂ ਲਈ ਸੁੱਖ, ਸ਼ਾਂਤੀ ਅਤੇ ਜੀਵਨ ਦਾਤਾ ਹੈ, ਰਿਸ਼ੀਆਂ ਨੇ ਇਸਦੀ ਬਹੁਤ ਵੱਡੀ ਪ੍ਰਸ਼ੰਸਾ ਕੀਤੀ ਹੈ। ਉਹ ਅੰਮ੍ਰਿਤ ਦੇ ਸਮਾਨ ਸੁਨਣ ਵਾਲਿਆਂ ਦੇ ਸਭ ਪਾਪਾਂ ਦਾ ਨਾਸ਼ ਕਰ ਦਿੰਦੀ ਹੈ। ਮੰਗਲ ਕਰਨ ਵਾਲੀ ਹੈ, ਹੰਕਾਰ ਦਾ ਨਾਸ਼ ਕਰਨ ਵਾਲੀ ਹੈ। ਇਸਨੂੰ ਸੁਨਣ ਅਤੇ ਸੁਨਾਉਣ ਵਾਲੇ ਮਹਾਂਦਾਨੀ ਹਨ। ਜਿੱਥੇ ਭਗਵਾਨ ਦੀ ਕਥਾ ਹੁੰਦੀ ਹੈ ਉਥੇ ਭਗਵਾਨ ਦਾ ਵਾਸ ਹੁੰਦਾ ਹੈ। ਸਨਕਾਦੀ ਰਿਸ਼ੀ, ਸ੍ਰੀ ਹਨੂੰਮਾਨ ਜੀ, ਮਹਾਰਾਜਾ ਪ੍ਰਿਥੁ ਇਸਦੇ ਮੁੱਖ ਆਦਰਸ਼ ਹਨ। ਮਹਾਰਾਜਾ ਪ੍ਰਿਥੁ ਨੂੰ ਜਦੋਂ ਉਸਦੇ ਯੱਗ ਤੋਂ ਪ੍ਰਸੰਨ ਹੋਕੇ ਭਗਵਾਨ ਨੇ ਵਰ ਮੰਗਣ ਲਈ ਕਿਹਾ ਤਾਂ ਆਪ ਨੇ ਆਖਿਆ ਕਿ ਹੇ

ਨਾਥ! ਮਹਾਤਮਾ ਲੋਕਾਂ ਦੇ ਹਿਰਦੇ ਰੂਪੀ ਮੁੱਖ 'ਚੋਂ ਨਿੱਕਲਿਆ ਹੋਇਆ ਆਪ ਦੇ ਚਰਨ ਕਮਲਾਂ ਦਾ ਜਸ ਰੂਪੀ ਮਕਰੰਦ ਰਸ ਪੀਣ ਵਾਸਤੇ ਮੈਨੂੰ ਦਸ ਹਜ਼ਾਰ ਕੰਨ ਦੇ ਦਿਉ॥"

''न कामये नाथ तदप्यहं कचिन्न यत्र युष्मच्चरणम्बुजासवः।
महतमान्तर्हदयान् मुख च्युतो विधत्स्वकणायुतमेष मे वरः।''

ਏਸੇ ਪ੍ਰਕਾਰ ਗੁਰਬਾਣੀ ਦਾ ਕਥਨ ਹੈ :

"ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿਗੁਣ ਸੁਣੀਅਹਿ ਅਬਿਨਾਸੀ ਰਾਮ॥ ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥ ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ॥ ਹਰਿ ਹਰਿ ਜਪੀਐ ਦਿਨੁ ਰਾਤੀ ਲਗੈ ਸਹਿਜ ਧਿਆਨਾ॥ ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ॥

(ਪੰਨਾ ੭੮੧)

ਭਗਤੀ ਦਾ ਦੂਜਾ ਅੰਗ ਹੈ ਕੀਰਤਨ। ਜਿਸਦਾ ਅਰਥ ਹੈ ਪ੍ਰਮਾਤਮਾ ਦੇ ਜਸ, ਮਹਾਤਮ, ਕਥਾ ਇਤਿਹਾਸ ਨੂੰ ਗਾ ਕੇ ਪ੍ਰਗਟ ਕਰਨਾ। ਸਰਸਵਤੀ ਅਤੇ ਨਾਰਦ ਜੀ ਇਸਦੇ ਪ੍ਰਮੁੱਖ ਉਦਾਹਰਣ ਹਨ। ਨਾਰਦ ਆਪਣੀ ਵੀਣਾ ਉੱਪਰ ਨਿਤ ਨਿਰੰਤਰ ਕੀਰਤਨ ਕਰਦੇ ਤਿੰਨ ਲੋਕਾਂ ਵਿੱਚ ਭ੍ਰਮਣਸ਼ੀਲ ਰਹਿੰਦੇ ਹਨ। ਸ੍ਰੀ ਸ਼ੰਕਰ ਭਗਵਾਨ ਲਗਾਤਾਰ ਕਥਾ ਕੀਰਤਨ ਵਿੱਚ ਨਿਮਗਨ ਨੇ। ਕਦੇ ਕਦੇ ਮਸਤੀ ਵਿੱਚ ਆਪ ਨ੍ਰਿਤ ਵੀ ਸ਼ੁਰੂ ਕਰ ਦਿੰਦੇ ਹਨ। ਉਹਨਾਂ ਦੇ ਤਾਂਡਵ ਨ੍ਰਿਤ ਨੂੰ ਕੌਣ ਨਹੀਂ ਜਾਣਦਾ ? ਇਸ ਤੋਂ ਬਿਨਾਂ ਸੂਰਦਾਸ, ਮੀਰਾਬਾਈ, ਨਰਸੀ ਮਹਿਤਾ, ਮਹਾਂਪ੍ਰਭੂ ਚੈਤਨ, ਸੁਆਮੀ ਹਰੀਦਾਸ ਆਦਿ ਵੀ ਕੀਰਤਨ ਭਗਤੀ ਦੇ ਹੀ ਬੇਸ਼-ਕੀਮਤੀ ਰੁਕਨ ਹੋਏ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਤਾਂ ਸੰਗੀਤ ਨੂੰ ਬਹੁਤ ਵੱਡੀ ਮਾਨਤਾ ਸੀ। ਸਤਿਗੁਰੂ ਆਪ ਖੁਦ ਗੰਧਰਵਾਂ ਦੇ ਗੁਰੂਆਂ ਦੇ ਵੀ ਗੁਰੂ ਸਨ। ਸੰਗੀਤ ਦਾ ਸੂਖਮ ਰੂਪ ਨਾਦ ਹੈ ਅਤੇ ਨਾਦ ਆਦੀ ਹੈ। ਜਦ ਤੋਂ ਸ੍ਰਿਸ਼ਟੀ ਹੈ। ਉਸੇ ਸਮੇਂ ਤੋਂ ਹੀ ਨਾਦ ਹੈ। ਮਹਾਂਪ੍ਰਲਯ ਤੋਂ ਬਾਅਦ ਸ੍ਰਿਸ਼ਟੀ ਦੇ ਆਦਿ ਵਿੱਚ ਜਦੋਂ ਪ੍ਰਮਾਤਮਾ ਦਾ ਇਹ ਸ਼ਬਦਆਤਮਕ ਸੰਕਲਪ ਹੁੰਦਾ ਹੈ ਮੈਂ ਇੱਕ ਤੋਂ ਬਹੁਤ ਹੋ ਜਾਵਾਂ ਓਸੇ ਵੇਲੇ ਹੀ ਅਨਾਦਿ ਨਾਦ ਦੀ ਆਦਿ ਜਾਗਰਿਤੀ ਹੁੰਦੀ ਹੈ। ਨਾਦ ਬ੍ਰਹਮ ਹੀ ਸ਼ਬਦ ਬ੍ਰਹਮ ਦਾ ਬੀਜ ਹੈ। ਇਸੇ ਨੂੰ ਧੁਨੀ ਅਤੇ ਧਿਆਨ ਵੀ ਆਖਿਆ ਜਾਂਦਾ ਹੈ। ਸੁਰਤ ਸ਼ਬਦ ਦੇ ਸੰਗਮ ਨੂੰ ਉਜਾਗਰ ਕਰਨ ਵਾਲਾ ਨਾਦ ਹੀ ਹੈ। ਜਿਸ ਨੂੰ ਗੁਰਬਾਣੀ ਵਿੱਚ ਨਾਮ ਵੀ ਆਖਿਆ ਗਿਆ ਹੈ।

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (ਪੰਨਾ ੯੩੮)

ਏਸੇ ਭਾਵ ਨੂੰ ਪ੍ਰਗਟ ਕਰਨ ਵਾਲਾ ਸ਼ਬਦ ਰਾਗ ਗਉੜੀ ਵਿੱਚ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਹੋਇਆ ਹੈ:

"ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥
ਸਬਦਿ ਅਤੀਤਿ ਅਨਾਹਦਿ ਰਾਤਾ॥
ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ॥
ਜਿਉ ਗੂੰਗੇ ਸਾਕਰ ਮਨੁ ਮਾਨਿਆ॥ (ਪੰਨਾ ੩੨੭)"

ਇਸ ਸ਼ਬਦ ਦਾ ਭਾਵ ਹੈ ਕਿ ਜਦੋਂ ਇਹ ਪੰਜ ਭੂਤਕ ਸਰੀਰ ਨਹੀਂ ਰਹਿੰਦਾ ਉਸ ਵੇਲੇ ਆਤਮਾ ਕਿੱਥੇ ਨਿਵਾਸ ਕਰਦੀ ਹੈ ਜਾਂ ਇਉਂ ਸਮਝ ਲਵੋ ਕਿ ਜਦੋਂ ਸੁਰਤ ਇਸ ਜੜ ਸਰੀਰ ਤੋਂ ਉੱਪਰ ਉੱਠਦੀ ਹੈ ਤਾਂ ਉਸ ਵੇਲੇ ਉਸਦਾ ਨਿਵਾਸ ਅਸਥਾਨ ਕੌਣ, ਕਿਹੜਾ ਤੇ ਕਿੱਥੇ ਹੁੰਦਾ ਹੈ? ਜਿਸਦਾ ਉੱਤਰ ਭਗਤ ਜੀ ਦਿੰਦੇ ਹਨ ਕਿ ਉਸ ਵਕਤ ਆਤਮਾ ਸ਼ਬਦ ਦੇ ਅਨਾਹਦਤ ਨਾਦ ਵਿੱਚ ਲੀਨ ਹੋ ਜਾਂਦੀ ਹੈ। ਏਸੇ ਭਾਵ ਨੂੰ ਸਪੱਸ਼ਟ ਕਰ ਰਿਹਾ ਹੈ ਪਹਿਲੇ ਪਾਤਸ਼ਾਹ ਦਾ ਇਹ ਸ਼ਬਦ :

"ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ॥
ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ॥
(ਪੰਨਾ ੩੫੧)

ਜਿਸਦਾ ਅਰਥ ਹੈ ਕਿ ਅੰਤਰ ਆਤਮਾ ਪਰਮਾਤਮ ਦੇਵ ਦੇ ਅਨੰਤ ਅਨੰਤ ਕੋਟੀ ਕਾਮ ਕਮਨੀਕ ਦਰਸ਼ਨਾਂ ਵਿੱਚ ਲੀਨ ਹੋਇਆ ਸਾਧਕ ਜਦੋਂ ਕਿਸੇ ਅੰਦਰਲੀ ਵੀਣਾ ਦੇ ਤਾਰਾਂ ਦੀ ਅਗੰਮੀ ਸ਼ਬਦ ਮਈ ਝਨਕਾਰ ਛੇੜਦਾ ਹੈ ਤਾਂ ਉਸ ਵੇਲੇ ਉਹ ਅਨਾਹਦ ਨਾਦ ਰੂਪ ਸ਼ਬਦ ਵਿੱਚ ਰੰਗਿਆ ਹੋਇਆ ਹੁੰਦਾ ਹੈ। ਉਸ ਵੇਲੇ ਉਸਦੇ ਵਿੱਚ ਤੇ ਉਸਦੇ ਸੁਹਾਗ ਸੁਆਮੀ ਦੇ ਵਿਚਾਲੇ ਕੋਈ ਅੰਤਰ ਨਹੀਂ ਰਹਿੰਦਾ। ਏਸੇ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਰਾਗ ਰਾਮਕਲੀ ਦੇ ਪੰਨਾ ੯੦੩ ਉੱਪਰ ਉਪਦੇਸ਼ ਕਰਦੇ ਹਨ :

"ਖਟੁ ਮਟੁ ਦੇਹੀ ਮਨੁ ਬੈਰਾਗੀ॥
ਸੁਰਤਿ ਸਬਦੁ ਧੁਨਿ ਅੰਤਰਿ ਜਾਗੀ॥
ਵਾਜੈ ਅਨਹਦੁ ਮੇਰਾ ਮਨੁ ਲੀਣਾ॥
ਗੁਰ ਬਚਨੀ ਸਚਿ ਨਮਿ ਪਤੀਣਾ॥ (ਪੰਨਾ ੯੦੩)

ਕਿ ਮੂਲਾਧਾਰ, ਸਵੈ-ਅਧਿਸ਼ਠਾਨ, ਮਨੀ ਪੂਰਕ, ਅਨਾਹਦ, ਵਿਸ਼ੁੱਧ ਅਤੇ ਆਗਿਆ ਚੱਕਰ ਰੂਪੀ ਛੇ ਚੱਕਰਾਂ ਵਿੱਚੋਂ ਦੀ ਕੇ ਸੁਆਸ ਉੱਪਰ ਜਾਂਦਾ ਹੈ ਅਤੇ ਦਸਮ ਘਰ ਵਿੱਚ ਜਾ ਕੇ ਟਿਕਦਾ ਹੈ ਤਾਂ ਮਨ ਸੰਜਮ ਵਿੱਚ ਹੋ ਜਾਂਦਾ ਹੈ। ਆਤਮਾ ਸ਼ਬਦ ਧੁਨੀ ਵਿੱਚ ਸਮਾ ਜਾਂਦੀ ਹੈ। ਅਨਾਹਦ ਨਾਦ ਵੱਜਣਾ ਸ਼ੁਰੂ ਹੋ ਜਾਂਦਾ ਹੈ। ਫੇਰ ਨਿੱਤ ਨਵੇਂ ਫੁੰਕਾਰੇ ਮਾਰਨ ਵਾਲਾ ਮਨ ਰੂਪੀ ਨਾਗ ਇਸ ਅਲੌਕਿਕ ਅਨਾਹਦ ਨਾਦ ਉੱਪਰ ਮਸਤ ਹੋ ਕੇ ਗੁਰੂ ਦੇ ਵਚਨਾਂ ਵਿੱਚ ਵਿਸ਼ਵਾਸ ਕਰਕੇ ਉਹਨਾਂ ਦੀ ਕ੍ਰਿਪਾ ਮਈ ਅਗੰਮੀ ਨਾਮ ਰੂਪੀ ਵੀਣਾਂ ਵਿੱਚ ਮਸਤ ਹੋ ਜਾਂਦਾ ਹੈ।

ਚਲਦਾ......

ਇਕ ਮਕਸਦ

–ਭੂਪਿੰਦਰ ਉਸਤਾਦ

ਸ਼ਾਮ ਸਿੰਘ ਹੁਰਾਂ ਸਵੇਰੇ ਫੋਨ ਕਰਕੇ ਮੈਨੂੰ ਪੁੱਛਿਆ ਸੀ ਕਿ ਮੈਂ ਅੱਜ ਕੀ ਕਰ ਰਿਹਾ ਹਾਂ।

"ਕੁਝ ਨਹੀਂ, ਅੱਜ ਛੁੱਟੀ ਹੈ ਤੇ ਉਮੀਦ ਹੈ ਘਰ ਹੀ ਰਹਾਂਗਾ।" ਮੈਂ ਉਨ੍ਹਾਂ ਨੂੰ ਜੁਆਬ ਦਿੱਤਾ।

"ਠੀਕ ਹੈ ਅਸੀਂ ਚਾਰ ਵਜੇ ਨਾਲ ਤੁਹਾਨੂੰ ਮਿਲਣ ਆਵਾਂਗੇ।" ਸ਼ਾਮ ਸਿੰਘ ਹੁਰਾਂ ਨੇ ਦੱਸਿਆ।

"ਬਹੁਤ ਚੰਗੀ ਗੱਲ ਹੈ, ਜ਼ਰੂਰ ਆਉ, ਕਈ ਦਿਨ ਹੋ ਗਏ ਹਨ ਮਿਲਿਆ, ਬਹੁਤ ਖੁਸ਼ ਹੋਏਗੀ ਮਿਲਕੇ।" ਮੈਂ ਖੁਸ਼ੀ ਜਾਹਰ ਕੀਤੀ।

"ਤੁਹਾਡੇ ਨਾਲ ਇਕ ਸਲਾਹ ਕਰਨੀ ਹੈ, ਤੁਸੀਂ ਘਰ ਹੀ ਰਹਿਓਂ, ਸਾਰੀ ਗੱਲ ਆ ਕੇ ਦੱਸਾਂਗੇ।"

"ਠੀਕ ਹੈ ਮੈਨੂੰ ਤੁਹਾਡੀ ਇੰਤਜ਼ਾਰ ਰਹੇਗੀ।" ਮੈਂ ਫੋਨ ਬੰਦ ਕਰ ਦਿੱਤਾ?। ਪਰ ਇਕ ਸੋਚ ਮੇਰੇ ਦਿਮਾਗ ਵਿਚ ਘੁੰਮਣ ਲੱਗ ਪਈ ਕਿ ਉਨ੍ਹਾਂ ਮੇਰੇ ਨਾਲ ਕੀ ਸਲਾਹ ਕਰਨੀ ਹੈ। ਮੇਰੇ ਕੁਝ ਸਮਝ 'ਚ ਨਹੀਂ ਸੀ ਆ ਰਿਹਾ। ਚੱਲ ਛੱਡ ਮਨਾ ਕਿਉਂ ਮਗਜ ਪੱਚੀ ਕਰਨ ਲੱਗਾ, ਜਦੋਂ ਸ਼ਾਮ ਸਿੰਘ ਹੁਰੀਂ ਆਉਣਗੇ, ਆਪੇ ਪਤਾ ਲੱਗ ਜਾਉ। ਮੈਂ ਆਪਣੇ ਕੰਮ ਲੱਗ ਗਿਆ।

"ਠੀਕ ਚਾਰ ਵਜੇ ਸਨ ਸ਼ਾਮ ਦੇ, ਜਦੋਂ ਡੋਰ ਬੈੱਲ ਵੱਜੀ। ਮੈਂ ਬਾਹਰਲਾ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਸ. ਸ਼ਾਮ ਸਿੰਘ, ਮਾਤਾ ਜੀ ਤੇ ਇਕ ਨੌਜਵਾਨ ਮੁੰਡਾ ਖੜਾ ਸੀ।

ਦੋਨੋ ਪਾਸਿਉਂ ਸਤਿ ਸ੍ਰੀ ਅਕਾਲ ਹੋਈ। ਆਉ ਆਉ, ਮੈਂ ਉਨ੍ਹਾਂ ਨੂੰ ਅੰਦਰ ਲੰਘਣ ਲਈ ਕਿਹਾ। ਮਾਤਾ ਤੇ ਸ਼ਾਮ ਸਿੰਘ ਹੁਰੀਂ ਪਹਿਲਾਂ ਨਾਲੋਂ ਸਿਹਤ ਮੰਦ ਤੇ ਖੁਸ਼ ਨਜ਼ਰ ਆ ਰਹੇ ਸਨ। ਮੈਂ ਉਨ੍ਹਾਂ ਨੂੰ ਸਿਟਿੰਗ ਰੂਮ 'ਚ ਬਿਠਾਇਆ ਤੇ ਪੁੱਛਿਆ ਕਿ ਪਹਿਲਾ ਪਾਣੀ ਲਿਆਵਾਂ?

ਨਹੀਂ ਨਹੀਂ ਤੁਸੀਂ ਬੈਠ ਜਾਉ, ਇਹ ਮੇਰਾ ਲੜਕਾ ਹੈ ਸੁਖਜੀਤ, ਇਸੇ ਹਫਤੇ ਕਨੇਡਾ ਤੋਂ ਆਇਆ ਹੈ ਤੇ ਤੁਹਾਨੂੰ ਮਿਲਣਾ ਚਾਹੁੰਦਾ ਸੀ ਤੇ ਤੁਹਾਡੇ ਨਾਲ ਇਕ ਸਲਾਹ ਵੀ ਕਰਨੀ ਹੈ।

ਐਨੇ ਨੂੰ ਮੇਰੀ ਬੀਵੀ ਵੀ ਆ ਗਈ, ਉਸਨੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਕਹੀ ਤੇ ਮੇਰੇ ਨਾਲ ਦੀ ਕੁਰਸੀ ਉਤੇ ਬੈਠ ਗਈ। "ਐਦਾਂ ਕਰੋ ਤੁਸੀਂ ਚਾਹ ਦਾ ਪ੍ਰਬੰਧ ਕਰ ਲਉ।" ਮੈਂ ਆਪਣੀ ਬੀਵੀ ਨੂੰ ਕਿਹਾ। ਇਹ ਵੀ ਦੱਸ ਦਿੱਤਾ ਕਿ ਦੀਪੇ ਵੀ ਆ ਰਿਹਾ ਹੈ। ਬੀਵੀ ਉਠ ਕੇ ਰਸੋਈ ਵਿਚ ਚਲੇ ਗਈ ਤੇ ਅਸੀਂ ਇਕ ਦੂਜੇ ਦਾ ਹਾਲ ਪੁੱਛਦੇ ਦਸਦੇ ਹੋਰ ਗੱਲਾਂ ਵਿਚ ਰੁਝ ਗਏ। ਦੀਪੇ ਵੀ ਆ ਚੁੱਕਾ ਸੀ ਤੇ ਚਾਹ ਦੀ ਟ੍ਰੇ ਵੀ।



ਸਰਦਾਰ ਜੀ ਪਹਿਲਾਂ ਚਾਹ ਪੀ ਲਈਏ ਫਿਰ ਹੋਰ ਗੱਲਾਂ ਤੇ ਵਿਚਾਰ ਕਰਦੇ ਹਾਂ। ਮੈਂ ਸ. ਸ਼ਾਮ ਸਿੰਘ ਹੁਰਾਂ ਨੂੰ ਕਿਹਾ। ਤੇ ਸਾਰੇ ਜਾਣੇ ਚਾਹ ਪੀਣ ਲੱਗ ਪਏ।

ਕੋਈ ਚਾਰ ਸਾਲ ਪਹਿਲਾਂ ਦੀ ਗੱਲ ਹੈ। ਇਕ ਦਿਨ ਦੀਪਾ ਮੇਰੇ ਕੋਲ ਆਇਆ। 'ਭਾਜੀ ਤੁਸੀਂ ਉਸ ਔਰਤ ਨੂੰ ਜਾਣਦੇ ਹੋ, ਜਿਸਨੂੰ ਤੁਸੀਂ ਕਲ ਇਥੇ ਪਾਣੀ ਪਿਲਾ ਰਹੇ ਸੀ।'

ਨਹੀਂ, ਮੈਂ ਜਾਣਦਾ ਤਾਂ ਨਹੀਂ ਕਿ ਉਹ ਕੌਣ ਹੈ, ਪਰ ਅਕਸਰ ਹੀ ਉਹ ਇਥੋਂ ਦੋ ਚਾਰ ਵਾਰ ਰੋਜ਼ ਗੁਜ਼ਰਦੀ ਹੈ, ਮੈਂ ਉਸਨੂੰ ਦੇਖਦਾ ਹਾਂ। ਕੁਝ ਦੁਖੀ ਤੇ ਨਿਆਸਰੀ ਲੱਗ ਰਹੀ ਸੀ। ਕਲ ਉਹ ਧੁੱਪ ਨਾਲ ਨਿਢਾਲ ਹੋਈ ਇਥੇ ਦਰਵਾਜ਼ੇ 'ਚ ਬੈਠੀ ਸੀ। ਮੈਂ ਉਸ ਨੂੰ ਪੁੱਛਿਆ ਸੀ ਕਿ ਮਾਤਾ ਤਬੀਅਤ ਠੀਕ ਨਹੀਂ?

'ਹਾਂ ਪੁੱਤ, ਮੈਨੂੰ ਪਾਣੀ ਪਿਲਾ ਦੇ, ਮੈਨੂੰ ਚੱਕਰ ਆ ਗਿਆ, ਗਰਮੀ ਕਰਕੇ।' ਮੈਂ ਉਸਨੂੰ ਪਾਣੀ ਦਾ ਗਿਲਾਸ ਦਿੱਤਾ। ਉਹ ਪਾਣੀ ਪੀ ਕੇ ਮੈਨੂੰ ਅਸ਼ੀਸ਼ਾਂ ਦਿੰਦੀ ਉਠ ਕੇ ਚਲੇ ਗਈ। ਮੈਂ ਉਸ ਨੂੰ ਉਸ ਵਾਰੇ ਕੁਝ ਵੀ ਪੁੱਛ ਨਹੀਂ ਸਕਿਆ।

"ਭਾਜੀ ਮੈਂ ਉਸਨੂੰ ਜਾਣਦਾ, ਉਹ ਬਹੁਤ ਦੁਖੀ ਔਰਤ ਹੈ। ਮੈਂ ਉਸਦੇ ਗੁਆਂਢ 'ਚ ਹੀ ਰਹਿੰਦਾ ਹਾਂ। ਲੋਕੀ ਅਰਦਾਸਾਂ ਕਰ ਕਰਕੇ ਪੁੱਤ ਮੰਗਦੇ ਨੇ ਕਿ ਬੁਢਾਪੇ ਵਿਚ ਪੁੱਤਰ ਉਨਾਂ ਦਾ ਸਹਾਰਾ ਬਨਣਗੇ। ਪਰ ਇਸ ਬਜ਼ੁਰਗ ਔਰਤ ਦਾ ਬੁਢਾਪਾ ਇਸਦੇ ਪੁੱਤਰ ਕਰਕੇ ਹੀ ਦੋਜਖ ਬਣਿਆ ਹੋਇਆ ਹੈ।"

ਦੀਪੇ ਦੀ ਗੱਲ ਸੁਣ ਕੇ ਮੈਨੂੰ ਬੜਾ ਧੱਕਾ ਲੱਗਾ ਤੇ ਮੇਰੀਆਂ ਅੱਖਾਂ ਅੱਗੇ ਕਈ ਪੁੱਤਰ ਘੁੰਮ ਗਏ, ਜਿਨ੍ਹਾਂ ਨੇ ਆਪਣੇ ਮਾਂ-ਬਾਪ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ

ਹੋਇਆ ਹੈ। ਤੇ ਥੋਹੜੇ ਅਜਿਹੇ ਵੀ ਸਨ ਜਿਨ੍ਹਾਂ ਕਰਕੇ ਮਾਂ ਬਾਪ ਸੁਖੀ ਸਨ। ਤੇ ਉਨ੍ਹਾਂ ਦੇ ਗੁਣ ਗਾਉਂਦੇ ਹਨ।

'ਕੀ ਸੋਚਣ ਲੱਗ ਪਏ ਭਾਜੀ?' ਦੀਪੇ ਨੇ ਮੈਨੂੰ ਮੁੜ ਆਪਣੇ 'ਚ ਲੈ ਆਂਦਾ। ਕੁਝ ਨਹੀਂ। ਬਸ ਮਾਤਾ ਵਾਰੇ ਹੀ ਸੋਚ ਰਿਹਾ ਸੀ ਕਿ ਕਿਉਂ ਐਨੀ ਦੁਖੀ ਹੈ।

"ਭਾਜੀ ਮਾਤਾ ਦੇ ਤਿੰਨ ਪੁੱਤਰ ਹਨ। ਸਭ ਤੋਂ ਵੱਡਾ ਪੁੱਤਰ ਬਲਵੰਤ ਅਮਰੀਕਾ ਵਿਚ ਹੈ। ਉਸ ਤੋਂ ਛੋਟੇ ਦੋਵੇਂ ਪੁੱਤਰ ਇਥੇ ਹੀ ਹਨ। ਵਿਚਲਾ ਧੰਨਵੰਤ ਹੈ, ਇਥੇ ਹੀ ਕਿਸੇ ਕੰਪਨੀ ਵਿਚ ਕਲਰਕ ਹੈ, ਉਸ ਦਾ ਵਿਹਾਰ ਮਾਂ ਨਾਲ ਠੀਕ ਹੀ ਕਿਹਾ ਜਾ ਸਕਦਾ ਹੈ। ਉਹ ਬਹੁਤ ਬੋਲਦਾ ਨਹੀਂ। ਪਰ ਸਭ ਤੋਂ ਛੋਟਾ ਪੁੱਤਰ ਹਰੀ ਬਹੁਤ ਕਲੇਸ਼ੀ ਹੈ। ਠੀਕ ਤਰ੍ਹਾਂ ਉਹ ਕੰਮ ਕਿਤੇ ਕਰਦਾ ਨਹੀਂ, ਉਸ ਕੋਲੋਂ ਤਾਂ ਉਸਦੀ ਘਰਵਾਲੀ ਵੀ ਸੁਖੀ ਨਹੀਂ। ਉਹ ਕਿਤੇ ਕੰਮ ਕਰਦੀ ਹੈ, ਜੋ ਪੈਸੇ ਉਹ ਕਮਾਉਂਦੀ ਹੈ, ਹਰੀ ਕੁਟ ਮਾਰ ਕਰਕੇ ਉਸ ਕੋਲੋਂ ਖੋਹ ਲੈਂਦਾ ਹੈ। ਪੈਸਿਆਂ ਲਈ ਤਾਂ ਉਹ ਕਈ ਵਾਰ ਮਾਂ ਨੂੰ ਵੀ ਕੁਟ ਛੱਡਦਾ ਹੈ। ਬਲਵੰਤ ਜੋ ਪੈਸੇ ਮਾਂ ਨੂੰ ਖਰਚੇ ਲਈ ਭੇਜਦਾ ਹੈ, ਹਰੀ ਕੋਲੋਂ ਉਹ ਦੇਖੇ ਨਈ ਜਾਂਦੇ। ਉਸਨੇ ਤਾਂ ਸਾਰੇ ਘਰ ਦਾ ਮਾਹੌਲ ਹੀ ਖਰਾਬ ਕੀਤਾ ਹੋਇਆ ਹੈ। ਸਾਰੇ ਉਸ ਕੋਲੋਂ ਡਰਦੇ ਹਨ ਤੇ ਕੁਝ ਕਹਿ ਕੇ ਉਸਨੂੰ ਆਪਣੇ ਗਲ ਨਹੀਂ ਪਾਉਣਾ ਚਾਹੁੰਦੇ। ਅਜਕਲ ਹਰੀ ਨੇ ਘਰ ਵਿਚ ਇਕ ਨਵਾਂ ਕਲੇਸ਼ ਪਾ ਰੱਖਿਆ ਹੈ।"

ਉਹ ਕੀ? ਮੈਂ ਪੁੱਛਿਆ।

"ਬਾਊ ਜੀ ਜਦੋਂ ਬਿਮਾਰ ਸਨ ਤਾਂ ਉਨਾਂ ਨੇ ਇਕ ਵਸੀਅਤ ਕਰਾਈ ਸੀ, ਕਿ ਉਨਾਂ ਦਾ ਮਕਾਨ, ਉਨ੍ਹਾਂ ਤੋਂ ਬਾਅਦ ਮਾਤਾ ਦੀ ਮਲਕੀਅਤ ਹੋਏਗਾ, ਤੇ ਮਾਤਾ ਤੋਂ ਬਾਅਦ ਤਿੰਨਾਂ ਪੁੱਤਰਾਂ ਦੀ। ਉਨ੍ਹਾਂ ਨੂੰ ਗੁਜਰਿਆ ਤਾਂ ਕਾਫੀ ਚਿਰ ਹੋ ਗਿਆ। ਪਹਿਲਾਂ ਤਾਂ ਤਿੰਨ ਚਾਰ ਸਾਲ ਗੱਡੀ ਠੀਕ ਚਲੀ ਜਾ ਰਹੀ ਸੀ ਪਰ ਹੁਣ ਦੋਂਹ ਕੁ ਸਾਲਾਂ ਤੋਂ ਹਰੀ ਮਾਂ ਦੇ ਦੁਆਲੇ ਹੋਇਆ ਹੈ ਕਿ ਮਕਾਨ ਦੋਂਹ ਹਿਸਿਆਂ 'ਚ ਵੰਡ ਦੇਵੇ।"

"ਦੋਂਹ 'ਚ ਕਿਵੇਂ?" ਮੈਂ ਪੁੱਛਿਆ।

"ਇਕ ਹਰੀ ਦਾ ਤੇ ਇਕ ਧਨਵੰਤ ਦਾ।" ਦੀਪੇ ਨੇ ਦੱਸਿਆ। "ਇਹ ਕਿਵੇਂ ਹੋ ਸਕਦਾ। ਵੱਡਾ ਤੇ ਮਾਂ ਕਿਥੇ ਜਾਣਗੇ।" ਸੁਭਾਵਕ ਹੀ ਮੇਰਾ ਸੁਆਲ ਸੀ।

'ਵੱਡਾ ਤਾਂ ਬਾਹਰ ਹੈ, ਉਸਨੇ ਹਿੱਸਾ ਕੀ ਕਰਨਾ, ਮਾਂ ਧਨਵੰਤ ਨਾ ਰਹਿ ਲਵੇ। ਇਹ ਹਰੀ ਦਾ ਸੋਚ ਸੀ। ਪਰ ਮਾਤਾ ਇਸ ਤਰ੍ਹਾਂ ਕਰਨ ਨੂੰ ਮੰਨਦੀ ਨਹੀਂ, ਉਹ ਕਹਿੰਦੀ ਹੈ ਕਿ ਜਿਸ ਤਰ੍ਹਾਂ ਬਾਬੂ ਜੀ ਨੇ ਲਿਖਿਆ ਹੈ, ਉਹ ਠੀਕ ਹੈ, ਮੈਂ ਉਨ੍ਹਾਂ ਦੇ ਕੀਤੇ ਨੂੰ ਬਦਲਣਾ ਨਹੀਂ। ਬਸ ਉਦੋਂ ਦਾ ਮਾਤਾ ਨਾਲ ਕੁੱਟ ਕਟਾਪਾ ਸ਼ੁਰੂ ਹੋ ਗਿਆ।

'ਉਤੋਂ ਧਨਵੰਤ ਦੀ ਘਰਵਾਲੀ ਨੂੰ ਜਦੋਂ ਦਾ ਬੱਚਾ ਹੋਇਆ ਉਹ ਬਿਮਾਰ ਹੈ। ਮਾਤਾ ਹੀ ਉਸ ਦਾ ਸਾਰਾ ਕੰਮ ਵੀ ਕਰਦੀ ਹੈ ਤੇ ਬੱਚਾ ਵੀ ਸੰਭਾਲਦੀ ਹੈ। ਹਰੀ ਨੂੰ ਇਸ ਗੱਲ ਦਾ ਵੀ ਦੁੱਖ ਹੈ। ਕਿਉਂਕਿ ਹਰੀ ਦੀ ਬੀਵੀ ਨੌਕਰੀ ਕਰਦੀ ਹੈ ਇਸ ਲਈ ਹਰੀ ਚਾਹੁੰਦਾ ਹੈ ਕਿ ਮਾਂ ਉਸਦੇ ਘਰ ਵੀ ਕੰਮ ਕਰੇ। ਇਸ ਕਰਕੇ ਮਾਤਾ ਬੜੀ ਕਸੂਤੀ ਫਸੀ ਹੋਈ ਹੈ। ਉਸ ਨੂੰ ਸਮਝ ਨਹੀਂ ਲੱਗਦੀ ਕਿ ਉਹ ਕੀ ਕਰੇ? ਕਈ ਵਾਰ ਤਾਂ ਉਹ ਆਪ ਢਿਲੀ ਹੋ ਜਾਂਦੀ ਹੈ ਤਾਂ ਉਸਨੂੰ ਕੋਈ ਰੋਟੀ ਵੀ ਨਹੀਂ ਪੁੱਛਦਾ ਤੇ ਉਹ ਭੁੱਖੀ ਹੀ ਸੋ ਜਾਂਦੀ ਹੈ, ਫਿਰ ਵੀ ਉਹ ਪੁੱਤਾਂ ਦੀ ਸ਼ਿਕਾਇਤ ਕਿਸੇ ਕੋਲ ਨਹੀਂ ਕਰਦੀ। ਹੁਣ ਵੀ ਤਿੰਨ ਚਾਰ ਦਿਨ ਤੋਂ ਉਸ ਦੀ ਤਬੀਅਤ ਠੀਕ ਨਹੀਂ। ਕਈ ਵਾਰ ਉਹ ਆ ਕੇ ਮੇਰੀ ਦੁਕਾਨ ਤੇ ਬੈਠ ਜਾਂਦੀ ਹੈ, ਘੜੀ ਸਾਹ ਲੈਣ ਲਈ। ਤਿੰਨ ਚਾਰ ਦਿਨ ਤੋਂ ਮੈਂ ਮਾਤਾ ਵਾਰੇ ਸੋਚ ਰਿਹਾ ਹਾਂ ਕਿ ਇਸ ਉਮਰ ਵਿਚ ਇਸਨੂੰ ਕਿਤੇ ਥੋਹੜਾ ਸੁਖ ਮਿਲ ਜਾਏ।' ਦੀਪੇ ਨੇ ਮਾਤਾ ਵਾਰੇ ਸਾਰੀ ਗੱਲ ਦੱਸੀ।

"ਤੂੰ ਕੀ ਸੋਚਿਆਂ ਮਾਤਾ ਵਾਰੇ?" ਮੈਂ ਉਸਨੂੰ ਪੁੱਛਿਆ।

"ਤੁਹਾਨੂੰ ਸ਼ਾਇਦ ਥੋਹੜਾ ਅਜੀਬ ਲੱਗੇ।" ਦੀਪੇ ਨੇ ਮੇਰੇ ਵਲ ਦੇਖਦਿਆਂ ਕਿਹਾ।

"ਦੱਸੋ ਤਾਂ ਸਹੀ।"

"ਬਸਤੀ ਮੇਰਾ ਇਕ ਤਾਇਆ ਰਹਿੰਦਾ। ਸਾਡੀ ਤਾਈ ਕਾਫੀ ਚਿਰ ਹੋ ਗਿਆ ਗੁਜ਼ਰ ਗਈ ਹੈ। ਉਨ੍ਹਾਂ ਦਾ ਇਕੋ ਇਕ ਮੁੰਡਾ ਹੈ ਸੁਖਜੀਤ ਜੋ ਕਨੇਡਾ ਵਿਚ ਰਹਿੰਦਾ ਹੈ। ਤਾਇਆ ਸਰਕਾਰੀ ਅਫਸਰ ਸੀ, ਪਹਿਲਾਂ ਤਾਂ ਉਸਨੂੰ ਇਕ ਨੌਕਰ ਮਿਲਿਆ ਹੋਇਆ ਸੀ, ਪਰ ਜਦੋਂ ਦਾ ਉਹ ਰਿਟਾਇਰ ਹੋਇਆ, ਪਤਾ ਨਹੀਂ ਉਸਨੇ ਨੌਕਰ ਨੂੰ ਨਾਂਹ ਕਿਉਂ ਕਰ ਦਿੱਤੀ। ਸਾਲ ਕੁ ਤਾਂ ਉਹ ਆਪ ਹੀ ਆਪਣਾ ਰੋਟੀ ਪਾਣੀ ਦਾ ਕਰਦਾ ਰਿਹਾ, ਪਰ ਫਿਰ ਉਸ ਨੂੰ ਅਟੈਕ ਹੋ ਗਿਆ। ਸਾਨੂੰ ਗਵਾਂਢੀਆਂ ਨੇ ਫੋਨ ਕੀਤਾ ਤਾਂ ਪਤਾ ਲੱਗਾ। ਅਸੀਂ ਗਏ ਤੇ ਉਸਨੂੰ ਹਸਪਤਾਲ ਦਾਖਲ ਕਰਵਾਇਆ। ਮਹੀਨੇ ਬਾਅਦ ਡਾਕਟਰਾਂ ਨੇ ਉਸ ਨੂੰ ਛੁੱਟੀ ਦੇ ਦਿੱਤੀ। ਉਨ੍ਹਾਂ ਨੇ ਤਾਏ ਨੂੰ ਭਾਰ ਕੰਮ ਤੇ ਕਈ ਕੁਝ ਖਾਣ ਤੋਂ ਮਨ੍ਹਾ ਕਰ ਦਿੱਤਾ। ਅਸੀਂ ਉਸਨੂੰ ਇਥੇ ਆਪਣੇ ਕੋਲ ਰਹਿਣ ਲਈ ਕਿਹਾ ਪਰ ਉਹ ਇਸ ਤਰ੍ਹਾਂ ਵੀ ਨਹੀਂ ਮੰਨਿਆ। ਹੁਣ ਅਸੀਂ

ਰੋਜ਼ ਉਸਨੂੰ ਰੋਟੀ ਪਕਾ ਕੇ ਦੇ ਕੇ ਆਉਂਦੇ ਹਾਂ। ਉਹ ਘਰ ਵਿਚ ਇਕੱਲਾ ਹੀ ਰਹਿੰਦਾ ਹੈ। ਆਪਣਾ ਘਰ ਛੱਡ ਕੇ ਉਹ ਰਾਜੀ ਨਹੀਂ। ਉਹ ਕਹਿੰਦਾ ਹੈ ਕਿ ਉਸ ਘਰ ਨਾਲ ਤਾਈ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਇਸ ਕਰਕੇ ਉਸ ਘਰ ਨੂੰ ਤਾਂ ਉਹ ਮਰ ਕੇ ਹੀ ਛੱਡੇਗਾ। ਫਿਰ ਅਸੀਂ ਉਸਨੂੰ ਜ਼ਿਆਦਾ ਨਹੀਂ ਕਿਹਾ। ਉਸਦੀ ਰੋਟੀ ਦਾ ਮਸਲਾ ਹੈ। ਅਸੀਂ ਕਈ ਵਾਰ ਲੇਟ ਹੋ ਜਾਂਦੇ ਹਾਂ ਤਾਂ ਚੰਗਾ ਨਹੀਂ ਲੱਗਦਾ। ਸੋ ਮੈਂ ਸੋਚਦਾ ਹਾਂ ਕਿ ਜੇ ਮਾਤਾ ਤਾਏ ਨਾਲ ਰਹਿਣ ਲਈ ਮੰਨ ਜਾਏ ਤਾਂ ਦੋਹਾਂ ਦੀ ਜ਼ਿੰਦਗੀ ਸੌਖੀ ਹੋ ਜਾਏ।'

ਹਾਂ ਸੋਚ ਤਾਂ ਤੇਰੀ ਠੀਕ ਹੈ, ਪਰ ਲੱਗਦਾ ਨਹੀਂ ਬੁੜੇ ਛੇਤੀ ਕੀਤੇ ਮੰਨ ਜਾਣਗੇ। ਮੈਂ ਸ਼ੰਕਾ ਜਾਹਰ ਕੀਤੀ।

'ਜੇ ਤੁਸੀਂ ਮੇਰੀ ਥੋਹੜੀ ਜਿਹੀ ਮੱਦਦ ਕਰੋਂ ਤਾਂ ਗੱਲ ਬਣ ਸਕਦੀ ਹੈ। ਮਾਤਾ ਮੇਰੇ ਕੋਲ ਵੀ ਆ ਕੇ ਬਹਿੰਦੀ ਹੈ, ਮੈਂ ਵੀ ਮਾਤਾ ਨੂੰ ਸਮਝਾਵਾਂਗਾ ਤੇ ਤੁਸੀਂ ਵੀ ਉਸਨੂੰ ਸਮਝਾਉ ਤਾਂ ਮੈਨੂੰ ਲੱਗਦਾ ਹੈ ਗੱਲ ਬਣ ਜਾਏਗੀ।'

ਠੀਕ ਹੈ ਕੋਸ਼ਿਸ਼ ਕਰਕੇ ਦੇਖ ਲੈਂਦੇ ਹਾਂ। ਮੈਂ ਦੀਪੇ ਦੀ ਗੱਲ ਮੰਨਦਿਆ ਹਾਂ ਕੀਤੀ।

ਮਾਤਾ ਤਕਰੀਬਨ ਰੋਜ਼ ਹੀ ਦੁਕਾਨ ਤੋਂ ਕੁਝ ਲੈਣ ਲਈ ਸਾਡੀ ਗਲੀ ਵਿਚ ਦੀ ਲੰਘਦੀ ਸੀ। ਮੈਂ ਉਸਨੂੰ ਦੂਜੇ ਚੌਥੇ ਆਵਾਜ਼ ਦੇ ਕੇ ਬੁਲਾ ਲਿਆ ਕਰਨਾ। ਹੌਲੀ ਹੌਲੀ ਮੈਂ ਆਪਣੀ ਗੱਲ ਦੀ ਭੂਮਿਕਾ ਬੰਨਣੀ ਸ਼ੁਰੂ ਕੀਤੀ। ਫਿਰ ਇਕ ਦਿਨ ਮੈਂ ਉਨ੍ਹਾਂ ਨੂੰ ਅੰਦਰ ਬੁਲਾ ਲਿਆ।

ਮਾਤਾ ਤੁਸੀਂ ਸਭ ਕੁਝ ਹੁੰਦਿਆਂ ਸੁੰਦਿਆਂ ਆਪਣੀ ਜ਼ਿੰਦਗੀ ਨਰਕ ਬਣਾਈ ਜਾ ਰਹੇ ਹੋ।

ਪੁੱਤ, ਮੈਨੂੰ ਪੁੱਤਰ ਮੋਹ ਮਾਰੀ ਜਾ ਰਿਹਾ ਹੈ, ਮੈਂ ਕੀ ਕਰਾਂ? ਮਾਤਾ ਨੇ ਮਯੂਸੀ ਜਾਹਰ ਕੀਤੀ।

ਦੇਖੋ ਵੱਡਾ ਪੁੱਤਰ ਬਾਹਰ ਹੈ, ਠੀਕ ਹੈ ਉਹ ਤੁਹਾਨੂੰ ਖਰਚਾ ਭੇਜ ਰਿਹਾ ਹੈ, ਪਰ ਉਹ ਤੁਹਾਡੇ ਕਿਸੇ ਦੁਖ ਤਕਲੀਫ ਵਿਚ ਸ਼ਾਮਲ ਨਹੀਂ ਹੋ ਸਕਦਾ। ਦੂਸਰਾ ਪੁੱਤਰ ਧਨਵੰਤ, ਉਹ ਤੁਹਾਡੀ ਤਕਲੀਫ ਨੂੰ ਸਮਝਦਾ ਤਾਂ ਹੈ, ਪਰ ਹਰੀ ਤੋਂ ਡਰਦਾ ਉਹ ਵੀ ਖੁੱਲ ਕੇ ਤੁਹਾਡੀ ਕੋਈ ਮੱਦਦ ਨਹੀਂ ਕਰਦਾ। ਤੇ ਹਰੀ, ਹਰੀ ਨੂੰ ਤਾਂ ਕਿਸੇ ਦੀ ਪਈ ਈ ਨਹੀਂ, ਉਸ ਨੂੰ ਤਾਂ ਆਪਣੀ ਸ਼ਰਾਬ ਤੇ ਹੋਰ ਫਜ਼ੂਲ ਕੰਮਾਂ ਲਈ ਪੈਸੇ ਚਾਹੀਦੇ ਹਨ ਜੋ ਉਹ ਤੁਹਾਡੇ ਕੋਲੋਂ ਤੇ ਆਪਣੀ ਘਰਵਾਲੀ ਕੋਲੋਂ ਲੜ ਝਗੜ ਕੇ ਕੁਟ ਕੁਟਾਪਾ ਕਰਕੇ ਲੈ ਲੈਂਦਾ ਹੈ। ਫਿਰ ਤੁਹਾਡਾ ਮੋਹ ਕਿਸ ਕੰਮ ਦਾ।

ਮਾਤਾ ਨੇ ਕੋਈ ਜੁਆਬ ਨਹੀਂ ਦਿੱਤਾ, ਮੇਰੇ ਵਲ ਨਜ਼ਰ ਭਰ ਕੇ ਦੇਖਿਆ ਤੇ ਇਕ ਡੂੰਗਾ ਸਾਹ ਲਿਆ।

ਮੈਂ ਤੁਹਾਨੂੰ ਅੱਜ ਸਾਰੀ ਗੱਲ ਕਹਿਣ ਲੱਗਾ ਤੁਸੀਂ ਗੁੱਸਾ ਨਾ ਕਰਿਓਂ। ਮੇਰੀ ਗੱਲ ਧਿਆਨ ਨਾਲ ਸੁਣਿਓ।

ਦੱਸ ਕੀ ਗੱਲ? ਮਾਤਾ ਨੇ ਮੇਰੇ ਵਲ ਦੇਖਦਿਆ ਪੁੱਛਿਆ।

ਤੁਹਾਡੇ ਕੋਲ ਦੀਪੇ ਹੈ ਨਾ ਦੁਕਾਨ ਵਾਲਾ।

'ਹਾਂ ਰਹਿੰਦਾ, ਬੜਾ ਬੀਬਾ ਮੁੰਡਾ, ਮੇਰੇ ਕਈ ਕੰਮ ਉਹ ਕਰ ਦਿੰਦਾ ਆਪਣਾ ਦੁਖ ਸੁਖ ਵੀ ਮੈਂ ਉਸ ਨਾਲ ਸਾਂਝਾ ਕਰ ਲੈਂਦੀ ਹਾਂ।' ਮਾਤਾ ਦੇ ਚਿਹਰੇ ਤੇ ਰੌਣਕ ਆ ਗਈ ਗੱਲ ਕਰਦਿਆਂ।

ਹਾਂ ਉਹੀ ਦੀਪਾ ਹੁਣ ਵੀ ਤੁਹਾਡੀ ਜ਼ਿੰਦਗੀ ਸੁਆਰਨ ਵਾਰੇ ਸੋਚ ਰਿਹਾ ਹੈ। ਮੈਂ ਮਾਤਾ ਨੂੰ ਦੱਸਿਆ।

'ਉਹ ਕਿਵੇਂ?' ਮਾਤਾ ਨੇ ਸੁਆਲ ਕੀਤਾ।

ਉਸ ਦਾ ਇਕ ਤਾਇਆ ਹੈ ਬਸਤੀ ਰਹਿੰਦਾ ਹੈ...।

"..ਹਾਂ, ਹਾਂ, ਮੈਂ ਜਾਣਦੀ ਹਾਂ।" ਮਾਤਾ ਨੇ ਮੇਰੀ ਗੱਲ ਕੱਟਦਿਆਂ ਵਿਚੋਂ ਹੀ ਕਿਹਾ। "ਉਹ ਇਥੇ ਕਈ ਵਾਰ ਮੈਨੂੰ ਮਿਲਿਆ ਹੈ। ਅੱਜ ਕਲ ਕਹਿੰਦੇ ਹਨ ਉਹ ਰਾਜੀ ਨਹੀਂ।"

"ਹਾਂ ਉਸ ਨੂੰ ਅਟੈਕ ਹੋ ਗਿਆ ਸੀ, ਪਰ ਹੁਣ ਉਹ ਠੀਕ ਹੈ। ਉਸ ਨੂੰ ਹੁਣ ਇਕ ਸਹਾਰੇ ਦੀ ਜ਼ਰੂਰਤ ਹੈ। ਤੁਹਾਨੂੰ ਵੀ ਕੋਈ ਸਹਾਰਾ ਚਾਹੀਦਾ।"

'ਕੀ ਮਤਲਬ ਪੁੱਤ ਤੇਰਾ?' ਮਾਤਾ ਦੇ ਚਿਹਰੇ ਤੇ ਗੁੱਸਾ ਝਲਕ ਰਿਹਾ ਸੀ।

ਮਾਤਾ ਮੈਂ ਤੁਹਾਨੂੰ ਪਹਿਲਾਂ ਹੀ ਕਿਹਾ ਸੀ ਕਿ ਗੁੱਸਾ ਨਾ ਕਰਿਉਂ ਧੀਰਜ ਨਾਲ ਸਾਰੀ ਗੱਲ ਸੁਣਿਉਂ। ਤੁਸੀਂ ਦੋਵੇਂ ਇਕ ਦੂਜੇ ਨੂੰ ਪਰਨਾ ਲਉ ਤਾਂ ਤੁਹਾਡੀ ਦੋਹਾਂ ਦੀ ਜ਼ਿੰਦਗੀ ਸੰਵਰ ਜਾਏਗੀ।

"ਨਾ ਪੁੱਤ, ਤੂੰ ਉੱਝ ਤਾਂ ਮੈਨੂੰ ਪੜ੍ਹਿਆ ਲਿਖਿਆ, ਸਿਆਣਾ ਬੰਦਾ ਦਿਸਦਾਂ ਪਰ ਆਹ ਗੱਲ ਕਰਕੇ ਤਾਂ ਮੈਨੂੰ ਲੱਗਦਾ ਤੈਨੂੰ ਜ਼ਰਾ ਵੀ ਅਕਲ ਨਹੀਂ। ਦੀਨ ਦੁਨੀਆ ਦਾ ਤੈਨੂੰ ਕੁਝ ਵੀ ਇਲਮ ਨਹੀਂ। ਤੈਨੂੰ ਇਹ ਗੱਲ ਕਰਦਿਆਂ ਜ਼ਰਾ ਵੀ ਸ਼ਰਮ ਨਹੀਂ ਲੱਗੀ? ਪੁੱਤ, ਮੈਂ ਪੁੱਤ ਪੋਤਿਆਂ ਵਾਲੀ ਹਾਂ, ਚਿੱਟਾ ਮੇਰਾ ਝਾਟਾ ਤੇ ਤੂੰ ਮੈਨੂੰ ਸਲਾਹ ਦੇ ਰਿਹਾ ਉਸ ਨੂੰ ਪਰਨਾਉਨ ਦੀ। ਕੀ ਉਸ ਨੂੰ ਵੀ ਕੋਈ ਸ਼ਰਮ ਹਯਾ ਨਹੀਂ" ਮਾਤਾ ਉੱਠਣ ਲੱਗੀ।

"ਮਾਤਾ ਇਕ ਮਿੰਟ ਬੈਠ ਜਾਉ।' ਮੈਂ ਮਾਤਾ ਨੂੰ ਬੈਠਣ ਲਈ ਕਿਹਾ। ਉਹ ਨਾ ਚਾਹੁੰਦੀ ਹੋਈ ਬੈਠ ਗਈ।" ਮਾਤਾ ਇਹ ਗੱਲ ਉਸ ਨੇ ਨਹੀਂ ਕਹੀ, ਤੁਹਾਡੀ ਦੋਹਾਂ ਦੀ ਤਕਲੀਫ

ਦੇਖ ਕੇ ਮੈਂ ਤੇ ਦੀਪੇ ਨੇ ਇਹ ਗੱਲ ਸੋਚੀ ਹੈ। ਤੁਸੀਂ ਇਸ ਨਰਕ ਵਿਚੋਂ ਨਿਕਲ ਜਾਉਗੇ ਤੇ ਉਸਦੀ ਰੋਟੀ ਪਕਦੀ ਹੋ ਜਾਏਗੀ, ਦੋਨੋ ਖੁਸ਼ ਰਹੋਗੇ।"

ਮਾਤਾ ਇਕਦਮ ਉਠੀ ਤੇ ਬੂਹਿਉਂ ਬਾਹਰ ਹੋ ਗਈ। ਮੈਨੂੰ ਲੱਗਾ ਕਿ ਸਾਰੀ ਗੱਲ ਵਿਗੜ ਗਈ, ਹੁਣ ਕੁਝ ਨਹੀਂ ਬਣਨਾ, ਤਾਂ ਵੀ ਮੈਂ ਨਿਰਾਸ਼ ਨਹੀਂ ਹੋਇਆ।

ਓਧਰ ਦੀਪਾ ਵੀ ਜਦੋਂ ਤਾਏ ਨੂੰ ਮਿਲਦਾ ਤਾਂ ਉਸ ਨੂੰ ਇਹ ਗੱਲ ਸਮਝਾਉਂਦਾ।

ਮਾਤਾ ਤਾਂ ਰੋਜ਼ ਹੀ ਗਲੀ ਵਿਚੋਂ ਲੰਘਦੀ ਸੀ, ਮੈਂ ਉਸ ਨੂੰ ਰੋਜ਼ ਹੀ ਮੌਕਾ ਦੇਖ ਕੇ ਆਪਣੀ ਗੱਲ ਯਾਦ ਕਰਵਾ ਦਿੰਦਾ। ਦੁਕਾਨ ਤੇ ਦੀਪੇ ਵੀ ਹੁਣ ਮਾਤਾ ਨੂੰ ਇਹ ਗੱਲ ਦੁਹਰਾ ਦਿੰਦਾ। ਸਾਨੂੰ ਕਈ ਦਿਨ ਮਿਹਨਤ ਕਰਨੀ ਪਈ। ਫਿਰ ਇਕ ਦਿਨ ਦੀਪੇ ਨੇ ਦੱਸਿਆ ਕਿ ਤਾਇਆ ਤਾਂ ਮੰਨ ਗਿਆ ਹੈ। ਸੁਣ ਕੇ ਮੈਨੂੰ ਖੁਸ਼ੀ ਹੋਈ। ਮੈਂ ਹੁਣ ਹੋਰ ਵੀ ਜੀਅ ਜਾਨ ਨਾਲ ਮਾਤਾ ਨੂੰ ਮਨਾਉਣ ਦਾ ਲੱਕ ਬੰਨ ਲਿਆ।

ਫਿਰ ਇਕ ਦਿਨ ਕੁਦਰਤ ਨੇ ਮੇਰੀ ਮੱਦਦ ਕੀਤੀ। ਮਾਤਾ ਰੋਣ ਹਾਕੀ ਜਿਹੀ ਹੋਈ ਤੁਰੀ ਆ ਰਹੀ ਸੀ। ਬੂਹੇ ਅੱਗੇ ਲੰਘਦੀ ਨੂੰ ਮੈਂ ਬੁਲਾ ਲਿਆ। ਅੰਦਰ ਵੜਦੀ ਮਾਤਾ ਰੋਣ ਲੱਗ ਪਈ।

"ਕੀ ਗੱਲ ਹੋਈ ਮਾਤਾ?" ਮੈਂ ਮਾਤਾ ਨੂੰ ਪੁੱਛਿਆ।

"ਹਰੀ ਨੇ ਮੈਨੂੰ ਕੁਟਿਆ ਤੇ ਮੇਰੇ ਪੈਸੇ ਤੇ ਗਹਿਣੇ ਵੀ ਖੋਹ ਕੇ ਮੈਨੂੰ ਘਰੋਂ ਕੱਢ ਦਿੱਤਾ।"

"ਧਨਵੰਤ ਨੇ ਉਸਨੂੰ ਕੁਝ ਨਹੀਂ ਕਿਹਾ।" ਮੈਂ ਮਾਤਾ ਨੂੰ ਪੁੱਛਿਆ।

"ਉਹ ਤਾਂ ਬਾਹਰ ਈ ਨਹੀਂ ਨਿਕਲਿਆ, ਪਤਾ ਨਹੀਂ ਘਰ ਹੈ ਵੀ ਕਿ ਨਹੀਂ। ਉਸ ਦੀ ਵਹੁਟੀ ਬੂਹੇ 'ਚ ਖੜੀ ਸੀ, ਪਰ ਉਹ ਤਾਂ ਆਪਣਾ ਆਪ ਹੀ ਸਾਂਭਣ ਜੋਗੀ ਨਹੀਂ, ਬਿਮਾਰੀ ਨੇ ਤਾਂ ਉਸਨੂੰ ਗਾਲ ਹੀ ਛੱਡਿਆ।"

"ਫਿਰ ਹੁਣ ਤੁਸੀਂ ਕੀ ਸੋਚਿਆ?" ਮੈਂ ਮਾਤਾ ਨੂੰ ਪੁੱਛਿਆ।

'ਮੈਂ ਕੀ ਸੋਚਣਾ, ਮੈਨੂੰ ਤਾਂ ਵਕਤ ਨੇ ਸੋਚਣ ਜੋਗੀ ਛੱਡਿਆ ਹੀ ਨਹੀਂ।' ਮੇਰੀ ਗਰੀਬ ਦੀ ਕੌਣ ਸੁਣੂ, ਜਦ ਮੇਰੇ ਸਕੇ ਪੁੱਤ ਹੀ ਨਹੀਂ ਸੁਣਦੇ।'

"ਅਸੀਂ ਤੁਹਾਡੀ ਤਕਲੀਫ ਨੂੰ ਦੇਖਦੇ ਵੀ ਹਾਂ ਤੇ ਸੁਣਦੇ ਵੀ ਹਾਂ। ਏਸੇ ਕਰਕੇ ਅਸੀਂ ਤੁਹਾਨੂੰ ਕਈ ਚਿਰ ਤੋਂ ਕਹਿ ਰਹੇ ਹਾਂ ਕਿ ਸ. ਸ਼ਾਮ ਸਿੰਘ ਹੁਰਾਂ ਨਾਲ ਜ਼ਿੰਦਗੀ ਜੀਉਣ ਦਾ ਸਮਝੌਤਾ ਕਰ ਲਉ। ਪਰ ਤੁਸੀਂ ਨਹੀਂ ਮੰਨਦੇ। ਤੁਸੀਂ ਅਜੇ ਵੀ ਪੁੱਤਰਾਂ ਦੇ ਮੋਹ ਜਾਲ ਵਿਚ ਫਸੇ ਹੋਏ ਹੋ। ਅੱਜ ਕਲ ਕੰਪਿਊਟਰ ਦਾ ਜ਼ਮਾਨਾ ਹੈ ਮਾਤਾ ਜੀ, ਬੱਚੇ ਫਟਾਫਟ ਸਭ ਕੁਝ ਹਾਸਲ ਕਰ ਲੈਣਾ ਚਾਹੁੰਦੇ ਹਨ ਉਨ੍ਹਾਂ 'ਚ ਸਬਰ ਨਾਂ ਦੀ ਚੀਜ਼ ਰਹਿ ਨਹੀਂ ਗਈ। ਉਹ ਸਿਰਫ ਆਪਣੀ ਜ਼ਿੰਦਗੀ ਬਾਰੇ ਹੀ ਸੋਚਦੇ ਹਨ। ਮਾਂ ਬਾਪ ਦੀ ਔਖਿਆਈ ਬਾਰੇ ਨਹੀਂ ਸੋਚਦੇ। ਮਾਂ ਬਾਪ ਦੀ ਤਕਲੀਫ ਬੱਚਿਆਂ ਨੂੰ ਨਜ਼ਰ ਨਹੀਂ ਆਉਂਦੀ, ਖਾਸ ਕਰਕੇ ਬਹੁਤ ਸਾਰੇ ਮੁੰਡਿਆਂ ਨੂੰ। ਪਰ ਮਾਂ ਬਾਪ ਬੱਚਿਆਂ ਦਾ ਭਵਿੱਖ ਬਣਾਉਂਦੇ ਬਣਾਉਂਦੇ ਆਪਣਾ ਭਵਿੱਖ ਹਨ੍ਹੇਰ ਭਰਿਆ ਕਰ ਲੈਂਦੇ ਹਨ।"

'ਪੁੱਤ ਜੇ ਮੇਰੇ ਭਾਗਾਂ ਵਿਚ ਦੁੱਖ ਤਕਲੀਫ ਹੀ ਲਿਖੀ ਹੈ ਤਾਂ ਸੁੱਖ ਕਿਵੇਂ ਮਿਲ ਜਾਊ।' ਮਾਤਾ ਨੇ ਆਪਣਾ ਤਰਕ ਦਿੱਤਾ।

"ਮਾਤਾ, ਬੰਦਾ ਬਿਮਾਰ ਹੁੰਦਾ ਹੈ ਤਾਂ ਕੋਈ ਨਾ ਕੋਈ ਦਵਾ ਦਾਰੂ ਕਰਦਾ ਹੈ। ਉਹ ਗੱਲ ਵਖਰੀ ਹੈ ਕਿ ਕਈ ਵਾਰ ਦੁਆ ਮਾਫਕ ਬਹਿ ਜਾਂਦੀ ਹੈ ਤੇ ਅਰਾਮ ਜਲਦੀ ਆ ਜਾਂਦਾ। ਕਈ ਵਾਰ ਦੁਆ ਮਾਫਕ ਨਹੀਂ ਬਹਿੰਦੀ ਤਾਂ ਅਰਾਮ ਨਹੀਂ ਆਉਂਦਾ ਤੇ ਡਾਕਟਰ ਬਦਲਣਾ ਪੈਂਦਾ ਹੈ। ਪਰ ਦੁਆਈ ਤਾਂ ਬੰਦਾ ਕਰਦਾ ਹੀ ਹੈ। ਤੁਸੀਂ ਵੀ ਇਕ ਵਾਰ ਸਾਡੀ ਗੱਲ ਮੰਨ ਲਉ ਤੇ ਇਸ ਨੂੰ ਦੁਆਈ ਸਮਝ ਕੇ ਹੀ ਕਰ ਦਿਉ। ਮੇਰਾ ਯਕੀਨ ਹੈ ਕਿ ਤੁਹਾਡੀ ਤਕਲੀਫ ਨੂੰ ਜ਼ਰੂਰ ਅਰਾਮ ਆਏਗਾ।"

ਮਾਤਾ ਨੇ ਮੂੰਹੋਂ ਕੁਝ ਨਹੀਂ ਕਿਹਾ, ਪਰ ਉਸ ਦੀ ਤੱਕਣੀ 'ਚ ਰਜਾਮੰਦੀ ਝਲਕ ਰਹੀ ਸੀ। ਮਾਤਾ ਉਠਣ ਲੱਗੀ ਤਾਂ ਮੈਂ ਉਸਨੂੰ ਬੈਠਣ ਲਈ ਕਿਹਾ, ਤੇ ਦੀਪੇ ਨੂੰ ਘਰ ਆਉਣ ਲਈ ਫੋਨ ਕਰ ਦਿੱਤਾ।

ਦਸਾ ਕੁ ਮਿੰਟਾਂ 'ਚ ਹੀ ਦੀਪੇ ਆ ਗਿਆ, ਮੈਂ ਉਸ ਨੂੰ ਸਾਰੀ ਗੱਲ ਦੱਸੀ। ਦੀਪਾ ਮਾਤਾ ਨੂੰ ਲੈ ਕੇ ਚਲੇ ਗਿਆ।

ਤੀਸਰੇ ਦਿਨ ਅਸੀਂ ਚਾਰੇ ਮੈਰਿਜ ਰਜਿਸਟ੍ਰਾਰ ਦੇ ਦਫਤਰ ਵਿਚ ਖੜੇ ਸਾਂ। ਸਾਨੂੰ ਅਗਲੇ ਹਫਤੇ ਦੀ ਤਰੀਕ ਮਿਲੀ। ਫਿਰ ਮਾਤਾ ਤੇ ਸ. ਸ਼ਾਮ ਸਿੰਘ ਦੀ ਸ਼ਾਦੀ ਰਜਿਸਟਰ ਹੋ ਗਈ। ਮਾਤਾ ਦੇ ਮੁੰਡਿਆਂ ਨੇ ਬਹੁਤ ਰੌਲਾ ਪਾਇਆ। ਪਰ ਉਨਾਂ ਦੀ ਗਲੀ ਵਾਲਿਆਂ ਨੇ ਹੀ ਉਨ੍ਹਾਂ ਦਾ ਵਿਰੋਧ ਕੀਤਾ ਤੇ ਹਰੀ ਨੂੰ ਕਿਹਾ ਕਿ ਜੇ ਉਸਨੇ ਕੋਈ ਗੜਬੜ ਕੀਤੀ ਤਾਂ ਪੁਲਿਸ ਕੋਲ ਸ਼ਿਕਾਇਤ ਕਰ ਦਿਆਂਗੇ। ਹਰੀ ਚੁੱਪ ਕਰਕੇ ਘਰ ਚਲੇ ਗਿਆ।

ਮਾਤਾ ਨਵੇਂ ਘਰ ਵਿਚ ਗਈ ਤਾਂ ਉਸਨੇ ਘਰ ਦੀ ਸਾਫ ਸਫਾਈ ਕਰਕੇ, ਘਰ ਵਿਚ ਇਕ ਵਾਰ ਫਿਰ ਖੁਸ਼ੀ ਦਾ ਵਾਤਾਵਰਣ ਪੈਦਾ ਕਰ ਦਿੱਤਾ। ਸ. ਸ਼ਾਮ ਸਿੰਘ ਦੇ ਆਂਢੀ ਗੁਆਂਢੀ ਵੀ ਥੋਹੜੇ ਦਿਨ ਬੁੱਲਾਂ 'ਚ ਹੱਸਦੇ ਰਹੇ, ਫਿਰ ਸਾਰੇ

ਆਪਣੇ ਕੰਮੀ ਰੁਝ ਗਏ।

ਹੁਣ ਜਦੋਂ ਸ਼ਾਮ ਸਿੰਘ ਦਾ ਲੜਕਾ ਸੁਖਜੀਤ ਕਨੇਡਾ ਤੋਂ ਆਇਆ ਤਾਂ ਗੁਆਂਢੀਆਂ ਨੇ ਸੋਚਿਆ ਕਿ ਇਨਾਂ ਦੇ ਘਰ ਹੁਣ ਕਲੇਸ਼ ਪਏਗਾ। ਪਰ ਜਦ ਉਸਨੇ ਸਾਰੀ ਗਲੀ ਨੂੰ ਇਸ ਖੁਸ਼ੀ ਲਈ ਪਾਰਟੀ ਦਿੱਤੀ ਤਾਂ ਸਾਰੇ ਹੈਰਾਨ ਹੋ ਗਏ।

ਸਾਰੇ ਚਾਹ ਪੀ ਹਟੇ ਸਨ ਤੇ ਮੇਰੀ ਬੀਵੀ ਭਾਂਡੇ ਚੁੱਕ ਕੇ ਲੈ ਗਈ।

"ਹਾਂ ਜੀ ਅੰਕਲ!" ਸੁਖਜੀਤ ਨੇ ਮੇਰਾ ਧਿਆਨ ਆਪਣੇ ਵਲ ਕਰਾਇਆ। ਕੰਮ ਤਾਂ ਤੁਸੀਂ ਬਹੁਤ ਚੰਗਾ ਕੀਤਾ, ਪਰ ਅਧੂਰਾ ਕੀਤਾ।

ਉਹ ਕਿਵੇਂ? ਮੈਂ ਹੈਰਾਨੀ ਨਾਲ ਪੁੱਛਿਆ।

"ਉਹ ਇਸ ਤਰ੍ਹਾਂ ਕਿ ਮੇਰੇ ਪਿਤਾ ਦੀ ਬਹੁਤ ਸਾਰੀ ਜਾਇਦਾਦ ਹੈ। ਕਲ ਅਗਰ ਉਹ ਗੁਜਰ ਗਏ ਤਾਂ ਮਾਤਾ ਜੀ ਦੇ ਲੜਕੇ ਫਿਰ ਆ ਕੇ ਮਾਤਾ ਜੀ ਨੂੰ ਤੰਗ ਕਰਨਗੇ। ਕਿਉਂਕਿ ਉਸ ਸਾਰੀ ਜਾਇਦਾਦ ਦੀ ਹੱਕਦਾਰ ਤਾਂ ਇਹੋ ਹੋਣਗੇ। ਮੈਨੂੰ ਇਸ ਜਾਇਦਾਦ ਦੀ ਲੋੜ ਨਹੀਂ ਹੈ, ਰੱਬ ਨੇ ਮੈਨੂੰ ਬਹੁਤ ਕੁਝ ਦਿੱਤਾ ਹੋਇਆ। ਸੋ ਮੈਂ ਚਾਹੁੰਦਾ ਹਾਂ ਕਿ ਇਸ ਸਾਰੀ ਜਾਇਦਾਦ ਨੂੰ ਸੰਭਾਲਣ ਲਈ ਇਕ ਟਰੱਸਟ ਬਣਾਇਆ ਜਾਏ, ਜਿਸ ਵਿਚ ਤੁਸੀਂ ਦੋਵੇਂ ਅਤੇ ਮੁਹੱਲੇ ਦੇ ਹੋਰ ਚਾਰ ਪੰਜ ਪੜ੍ਹੇ ਲਿਖੇ ਸੱਜਣ ਸ਼ਾਮਲ ਹੋਣ। ਮੰਮੀ ਡੈਡੀ ਕੋਠੀ ਦੇ ਗੈਸਟ ਹਾਊਸ ਵਿਚ ਰਹਿਣ, ਉਥੇ ਸਾਡਾ ਤਿੰਨਾਂ ਦਾ ਗੁਜ਼ਾਰਾ ਬੜਾ ਵਧੀਆ ਹੋ ਰਿਹਾ ਹੈ। ਬਾਕੀ ਕੋਠੀ ਵਿਚ ਬਿਰਧ ਆਸ਼ਰਮ ਖੋਲ੍ਹ ਦਿੱਤਾ ਜਾਏ।ਜਿਸ ਦੀ ਦੇਖਭਾਲ ਟਰੱਸਟ ਕਰੇ। ਇਸ ਤਰ੍ਹਾਂ ਕੋਈ ਵੀ ਆ ਕੇ ਕਿਸੇ ਕਿਸਮ ਦਾ ਝਗੜਾ ਨਹੀਂ ਕਰ ਸਕੇਗਾ। ਮੰਮੀ ਡੈਡੀ ਸਕੂਨ ਭਰੀ ਜ਼ਿੰਦਗੀ ਜੀਅ ਸਕਣਗੇ।

ਹਾਂ ਤੁਹਾਡਾ ਆਈਡੀਆ ਬਹੁਤ ਹੀ ਵਧੀਆ ਹੈ। ਅਸੀਂ ਤੁਹਾਡੇ ਨਾਲ ਸਹਿਮਤ ਹਾਂ। ਫਿਰ ਸ. ਸ਼ਾਮ ਸਿੰਘ ਹੁਰਾਂ ਸਾਨੂੰ ਚਾਰ ਪੰਜ ਸੱਜਣਾਂ ਵਾਰੇ ਪੁੱਛਿਆ ਕਿ ਉਹ ਕਿਹੋ ਜਿਹੇ ਕਰੈਕਟਰ ਦੇ ਬੰਦੇ ਹਨ।

"ਇਹ ਸਾਰੇ ਸੱਜਣ ਪੜ੍ਹੇ ਲਿਖੇ, ਚੰਗੇ ਅਹੁਦਿਆਂ ਉਤੇ ਲੱਗੇ ਹੋਏ, ਚੰਗੇ ਕਿਰਦਾਰ ਦੇ ਸੱਜਣ ਹਨ। ਸਾਰਿਆਂ ਦੀ ਬੋਲਚਾਲ ਵੀ ਠੀਕ ਹੈ। ਤਿੰਨ ਸੱਜਣ ਤਾਂ ਬਹੁਤੇ ਹੀ ਸੇਵਾ ਭਾਵ ਵਾਲੇ ਹਨ।" ਅਸੀਂ ਉਨ੍ਹਾਂ ਸੱਜਣਾਂ ਬਾਰੇ ਸਰਦਾਰ ਜੀ ਨੂੰ ਦੱਸ ਦਿੱਤਾ।

"ਠੀਕ ਹੈ, ਫਿਰ ਤੁਸੀਂ ਇਨ੍ਹਾਂ ਸੱਜਣਾਂ ਨਾਲ ਗੱਲ ਕਰਿਉਂ। ਮੈਂ ਵੀ ਇਨ੍ਹਾਂ ਨਾਲ ਗੱਲ ਕਰਾਂਗਾ। ਫਿਰ ਦੋ ਚਾਰ ਦਿਨ 'ਚ ਹੀ ਇਕ ਮੀਟਿੰਗ ਕਰਕੇ ਅਗਲੀ ਕਾਰਵਾਈ ਕਰਾਂਗੇ।" ਇੰਨੀ ਗੱਲ ਕਰਕੇ ਉਹ ਚਲੇ ਗਏ। ਫਿਰ ਮੈਂ ਤੇ ਦੀਪੇ, ਉਨ੍ਹਾਂ ਸੱਜਣਾਂ ਨੂੰ ਮਿਲਣ ਲਈ ਘਰੋਂ ਨਿਕਲ ਤੁਰੇ, ਜਿਨ੍ਹਾਂ ਦਾ ਜ਼ਿਕਰ ਸਰਦਾਰ ਜੀ ਨੇ ਕੀਤਾ ਸੀ।

ਇਕ ਸੱਜਣ ਪਿਆਰੇ ਲਾਲ ਤਾਂ ਘਰ ਹੀ ਮਿਲ ਪਏ, ਅਸੀਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਉਹ ਬਹੁਤ ਖੁਸ਼ ਹੋਏ। ਇਹ ਤਾਂ ਬਹੁਤ ਚੰਗੀ ਸੋਚ ਹੈ। ਬੁੱਢੇ ਤਾਂ ਸਾਰਿਆਂ ਨੇ ਹੋਣਾ। ਜੇ ਇਹੋ ਜਿਹਾ ਕੋਈ ਉਪਰਾਲਾ ਹੋ ਜਾਏ ਤਾਂ ਸਚਮੁੱਚ ਹੀ ਕਈਆਂ ਨੂੰ ਸੁਖ ਨਸੀਬ ਹੋ ਜਾਏਗਾ। ਇਹ ਗੱਲਾਂ ਤਾਂ ਸਾਡੀ ਸਰਕਾਰ ਨੂੰ ਸੋਚਣੀ ਚਾਹੀਦੀ, ਪਰ ਉਸ ਕੋਲ ਅਜਿਹੀਆਂ ਗੱਲਾਂ ਦੇ ਸੋਚਣ ਦਾ ਟਾਇਮ ਹੀ ਨਹੀਂ।

ਪਿਆਰੇ ਲਾਲ ਹੁਰਾਂ ਨੇ ਤੇਜਾ ਸਿੰਘ ਤੇ ਭਾਨ ਸਿੰਘ ਹੁਰਾਂ ਨੂੰ ਵੀ ਫੋਨ ਕਰਕੇ ਆਪਣੇ ਘਰ ਹੀ ਬੁਲਾ ਲਿਆ, ਗੱਲ ਕਰਨ ਵਾਸਤੇ। ਪੰਦਰਾਂ ਕੁ ਮਿੰਟਾਂ 'ਚ ਉਹ ਦੋਵੇਂ ਆ ਗਏ। ਤੀਸਰਾ ਸੱਜਣ ਗੁਰਬਚਨ ਰਾਏ ਘਰ ਨਹੀਂ ਸੀ। ਕੋਈ ਗੱਲ ਨਹੀਂ ਮੈਂ ਉਨ੍ਹਾਂ ਨੂੰ ਸਾਰੀ ਗੱਲ ਸਮਝਾ ਦਿਆਂਗਾ, ਉਨ੍ਹਾਂ ਦੀ ਚਿੰਤਾ ਨਾ ਕਰੋ, ਓਹ ਮੰਨ ਜਾਣਗੇ। ਉਹ ਤਾਂ ਇਕ ਦਿਨ ਮੈਨੂੰ ਕਹਿੰਦੇ ਸਨ ਘਰ ਵਿਹਲੇ ਬੈਠਿਆ ਸਮਾਂ ਨਹੀਂ ਲੰਘਦਾ। ਪਿਆਰੇ ਲਾਲ ਨੇ ਉਨ੍ਹਾਂ ਦੀ ਹਾਮੀ ਭਰੀ।


ਸਾਡੇ ਪੰਜਾਂ ਵਿਚ ਸਾਰੀ ਗੱਲਬਾਤ ਤਹਿ ਹੋ ਗਈ। ਅਸੀਂ ਸਾਰੀ ਗੱਲਬਾਤ ਸਰਦਾਰ ਜੀ ਨੂੰ ਦੱਸ ਦਿੱਤੀ। ਇਹ ਵੀ ਦੱਸਿਆ ਕਿ ਪਿਆਰੇ ਲਾਲ, ਭਾਨ ਸਿੰਘ ਤੇ ਤੇਜਾ ਸਿੰਘ ਆਪਣੇ ਵਲੋਂ ਜੋ ਸਰੇਗਾ ਮਾਇਕ ਸਹਾਇਤਾ ਵੀ ਕਰਨਗੇ ਤੇ ਜੋ ਡਿਊਟੀ ਤੁਸੀਂ ਲਾਉਗੇ ਉਹ ਵੀ ਖਿੜੇ ਮੱਥੇ ਪਰਵਾਨ ਕਰਨਗੇ, ਕਿਉਂਕਿ ਇਹ ਇਕ ਭਲੇ ਦਾ ਕੰਮ ਕਰਨ ਦਾ ਮੌਕਾ ਨਸੀਬ ਹੋਇਆ ਹੈ।

ਫਿਰ ਆਉਂਦੇ ਸੋਮਵਾਰ ਨੂੰ ਕਚਿਹਰੀ ਜਾ ਕੇ ਟਰੱਸਟ ਅਤੇ ਸੰਸਥਾ ਦੀ ਰਜਿਸਟ੍ਰੇਸ਼ਨ ਕਰਾਉਣ ਦੀ ਪੱਕੀ ਕੀਤੀ ਤਾਂਕਿ ਕੰਮ ਜਲਦੀ ਸ਼ੁਰੂ ਹੋ ਸਕੇ।

ਕੋਠੀ ਦੇ ਮੇਨ ਗੇਟ ਉਤੇ ਬਜ਼ੁਰਗ ਸੰਭਾਲ ਕੇਂਦਰ ਦਾ ਬੋਰਡ ਲਾ ਦਿੱਤਾ ਗਿਆ।

ਮਾਤਾ ਅਤੇ ਸ਼ਾਮ ਸਿੰਘ ਦੇ ਮਿਲਣ ਅਤੇ ਸੁਖਜੀਤ ਦੀ ਫਰਾਖਦਿਲੀ ਨੇ ਕਈਆਂ ਦੀ ਜ਼ਿੰਦਗੀ ਸੁਧਾਰਨ ਦਾ ਰਾਹ ਖੋਲ ਦਿੱਤਾ। ਇਹ ਕੰਮ ਕਰਕੇ ਅਸੀਂ ਸਾਰੇ ਖੁਸ਼ ਸਾਂ ਕਿਉਂਕਿ ਸਾਨੂੰ ਵੀ ਕੁਝ ਕਰਨ ਲਈ ਇਕ ਮਕਸਦ ਮਿਲ ਗਿਆ ਸੀ।

ਈ ਜੀ ੬੧੯ ਗੋਬਿੰਦਗੜ੍ਹ
ਜਲੰਧਰ ਸ਼ਹਿਰ
ਮੋਬ-੯੮੭੬੨-੦੮੫੪੨


TOP TRAK
new generation bikes
new range for all ages
new
new
new
new
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

ਸ਼ਰਧਾਲੂ ਗੁਰਸਿੱਖ ਸੰਤ ਬਚਨ ਸਿੰਘ ਜੀ

– ਸੰਤ ਸਿੰਘ

੧੯੪੦ ਵਿਚ ਸੰਤ ਬਚਨ ਸਿੰਘ ਜੀ ਦੀ ਬਦਲੀ ਸਰਸੇ ਹੋ ਗਈ। ਇਥੇ ਆਪ ਨੇ ਸਰਸਾ ਡਬਵਾਲੀ ਸੜਕ ਅਤੇ ਘੱਗਰ ਦਰਿਆ ਤੇ ਇਕ ਪੁਲ ਬਣਾਉਣ ਦਾ ਕੰਮ ਕਰਨਾ ਸੀ। ਡੇਰਾ ਸਰਸੇ ਹੋਣ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ, ਮਾਤਾ ਜੀਵਨ ਕੌਰ ਜੀ ਅਤੇ ਹੋਰ ਨਾਮਧਾਰੀ ਸੰਗਤ ਦਾ ਆਉਣਾ ਜਾਣਾ ਹਰ ਸਮੇਂ ਬਣਿਆ ਰਹਿੰਦਾ। ਬਹੁਤ ਸਾਰੇ ਨਾਮਧਾਰੀ ਨੌਹਰ ਅਤੇ ਸੁਹੇਵਾ ਸਾਹਿਬ ਨੂੰ ਜਾਂਦੇ ਹੋਏ ਇੱਥੇ ਠਹਿਰਦੇ ਸਨ। ਇਹਨਾਂ ਦਿਨਾਂ ਵਿਚ ਹਰ ਕੋਈ ਭਾਣੇ ਦੀਆਂ ਗੱਲਾਂ ਹੀ ਕਰਦਾ ਸੀ। ਵਿਸ਼ਵ ਜੰਗ ਵੀ ਇਨ੍ਹਾਂ ਦਿਨਾਂ ਵਿਚ ਲਗਿਆ ਹੋਇਆ ਸੀ। ਲੜਾਈ ਦੀਆਂ ਨਵੀਆਂ ਨਵੀਆਂ ਖ਼ਬਰਾਂ ਰੋਜ਼ ਸੁਣਨ ਨੂੰ ਮਿਲਦੀਆਂ ਸਨ।

ਅਗਸਤ ੧੯੪੧ ਵਿਚ ਬਦਲੀ ਹਿਸਾਰ ਹੋ ਗਈ। ਇਨ੍ਹਾਂ ਦਿਨਾਂ ਵਿਚ ਰਾਤ ਨੂੰ ਰੋਜ਼ ਬਲੈਕ ਆਊਟ ਹੁੰਦੇ ਸਨ। ਕਿਉਂਕਿ ਰਾਤ ਨੂੰ ਹਵਾਈ ਹਮਲੇ ਦਾ ਖ਼ਤਰਾ ਸੀ। ਕੁਦਰਤ ਐਸੀ ਹੋਈ ਕਿ ਤਿੰਨ ਕੁ ਮਹੀਨਿਆਂ ਬਾਅਦ ਸੰਤ ਬਚਨ ਸਿੰਘ ਜੀ ਦੀ ਬਦਲੀ ਮੀਆਂਵਾਲੀ ਦੀ ਹੋ ਗਈ। ਉਥੇ ਝਗੜੇ ਫਸਾਦ ਬਹੁਤ ਸਨ ਅਤੇ ਕਿਸੇ ਲਈ ਵੀ ਆਪਣੇ ਪਰਿਵਾਰ ਸਹਿਤ ਉਥੇ ਰਹਿਣਾ ਠੀਕ ਨਹੀਂ ਸੀ। ਮਾਤਾ ਜੀਵਨ ਕੌਰ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਮੇਰੀ ਮਾਤਾ ਜਾਗੀਰ ਕੌਰ ਨੂੰ ਹੁਕਮ ਕੀਤਾ ਕਿ ਸਣੇ ਕੇਸੀਂ ਇਸ਼ਨਾਨ ਕਰਕੇ ਖੂਹ ਦੇ ਜਲ ਨਾਲ ਕੜਾਹ ਪ੍ਰਸ਼ਾਦ ਬਣਾ ਕੇ, ਅਰਦਾਸ ਕਰਕੇ ਵੰਡ ਦੇਵੇ। ਖ਼ੁਦ ਉਹਨਾਂ ਨੇ ਇਕ ਵਰਨੀ ਕਰਵਾਈ ਨਤੀਜਾ ਇਹ ਹੋਇਆ ਕਿ ਖ਼ਤਰਾ ਟਲ ਗਿਆ ਤੇ ਮੀਆਂਵਾਲੀ ਦੀ ਬਦਲੀ ਟਲ ਕੇ ਸ਼ਿਮਲੇ ਦੀ ਹੋ ਗਈ। ਸੰਤ ਬਚਨ ਸਿੰਘ ਜੀ ਦਸਦੇ ਹੁੰਦੇ ਸਨ ਕਿ ਮਾਤਾ ਜੀਵਨ ਕੌਰ ਜੀ ਦੀ ਉਹਨਾਂ ਤੇ ਅਪਾਰ ਕਿਰਪਾ ਸੀ ਅਤੇ ਅਨੇਕਾਂ ਹੀ ਸੰਕਟ ਉਹਨਾਂ ਦੀ ਕਿਰਪਾ ਨਾਲ ਦੂਰ ਹੋਏ।

ਨਵੰਬਰ ੧੯੪੧ ਵਿਚ ਸ਼ਿਮਲੇ ਪਹੁੰਚ ਕੇ ਸੰਤ ਬਚਨ ਸਿੰਘ ਜੀ ਦਾ ਸੰਪਰਕ ਸ. ਅਮਰ ਸਿੰਘ ਜੀ ਨਾਲ ਹੋਇਆ ਜੋ ਉਥੇ ਮਿਉਨਿਸਪਲ ਇੰਜੀਨੀਅਰ ਦੇ ਪਦ ਤੇ ਕੰਮ ਕਰਦੇ ਸਨ ਅਤੇ ਨਾਮਧਾਰੀ ਸੂਬਾ ਵੀ ਸਨ। ਇਥੇ ਹੀ ਅਪ੍ਰੈਲ ੧੯੪੧ ਵਿਚ ਸੰਤ ਬਚਨ ਸਿੰਘ ਜੀ ਨੇ ਇਕ ਕੋਠੀ ਖ਼ਰੀਦ ਲਈ। ਇਹ ਜਿੱਥੇ ਵੀ ਜਾਂਦੇ ਪਹਿਲਾਂ ਇਹ ਨਾਮਧਾਰੀ ਸੰਗਤ ਨੂੰ ਸੰਗਠਿਤ ਕਰਦੇ। ਸ਼ਿਮਲੇ ਲੋਅਰ ਕੈਥੋ ਵਿਚ ਸੰਤ ਬਿਅੰਤ ਸਿੰਘ, ਸ. ਮਹਾਂ ਸਿੰਘ ਨਾਮਧਾਰੀ ਵੀ ਰਹਿੰਦੇ ਸਨ। ਸਾਰਿਆਂ ਨੇ ਇਕੱਠੇ ਹੋ ਕੇ ਇਕੋ ਜਥਾ ਬਣਾ ਲਿਆ। ਸੰਤ ਬਚਨ ਸਿੰਘ ਜੀ ਨੂੰ ਸਕੱਤਰ ਅਤੇ ਸ. ਅਮਰ ਸਿੰਘ ਜੀ ਨੂੰ ਪ੍ਰਧਾਨ ਬਣਾਇਆ। ਹਰ ਸ਼ਨਿੱਚਰਵਾਰ ਸ਼ਾਮ ਨੂੰ ਵਾਰੀ ਵਾਰੀ ਹਰ ਕਿਸੇ ਦੇ ਘਰ ਕੀਰਤਨ ਹੁੰਦਾ। ਇਸ ਸੰਗਠਨ ਵਿਚ ਸ਼ਿਮਲੇ ਦੇ ਬਾਕੀ ਨਾਮਧਾਰੀ ਵੀ ਮਿਲ ਗਏ। ਇਸ ਤਰ੍ਹਾਂ ੧੦-੧੨ ਘਰ ਹੋ ਗਏ। ਫਿਰ ਉਥੇ ਰਾਮਗੜ੍ਹੀਆ



ਗੁਰਦੁਆਰੇ ਵਿਚ ਬਸੰਤ ਪੰਚਮੀ ਵੀ ਮਨਾਈ ਜਾਣ ਲੱਗ ਪਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਅਤੇ ਪੰਡਤ ਗੋਪਾਲ ਸਿੰਘ ਜੀ ਦੇ ਦੀਵਾਨਾਂ ਨੇ ਬਹੁਤ ਰੰਗ ਬੰਨ੍ਹਿਆ ਅਤੇ ਲੋਕਾਂ ਨੂੰ ਪ੍ਰਭਾਵਿਤ ਕੀਤਾ। ਹਾਲਤ ਏਥੋਂ ਤੀਕਰ ਪਹੁੰਚ ਗਈ ਕਿ ਪੰਡਤ ਜੀ ਦਾ ਦੀਵਾਨ ਸੁਣਨ ਵਾਸਤੇ ਲੋਕ ਕਈ ਕਈ ਮੀਲ ਪੈਦਲ ਚਲ ਕੇ ਜਾਂਦੇ। ਸਥਾਨਕ ਗੁਰਦੁਆਰਿਆਂ ਵਾਲੇ ਪੰਡਤ ਜੀ ਨੂੰ ਆਪਣੇ ਸਲਾਨਾ ਪ੍ਰੋਗਰਾਮ ਵਿਚ ਉਚੇਚਾ ਸੱਦਾ ਪੱਤਰ ਭੇਜਦੇ ਅਤੇ ਚਾਰ ਚਾਰ ਘੰਟੇ ਕੀਰਤਨ ਕਰਨ ਲਈ ਸਮਾਂ ਦੇਂਦੇ।

ਸ਼ਿਮਲੇ ਦੀ ਨਾਮਧਾਰੀ ਸਾਧ ਸੰਗਤ ਸ਼ਨਿਚਰਵਾਰ ਸ਼ਾਮ ਨੂੰ ਘਰੋ ਘਰੀ ਕੀਰਤਨ ਕਰਦੀ ਸੀ। ਇਕ ਵੇਰ (ਮਹਾਰਾਜ) ਬਾਬਾ ਬੀਰ ਸਿੰਘ ਜੀ ਨੇ ਇਸ ਦੀਵਾਨ ਵਿਚ ਦਰਸ਼ਨ ਦਿੱਤੇ ਅਤੇ ਸ਼ਾਮ ਦੇ ਦੀਵਾਨ ਦੀ ਥਾਂ ਐਤਵਾਰ ਸਵੇਰ ਦੀ ਆਸਾ ਦੀ ਵਾਰ ਦੀ ਸਲਾਹ ਦਿੱਤੀ। ਉਪਰੰਤ ਹਮੇਸ਼ਾ ਐਤਵਾਰ ਨੂੰ ਆਸਾ ਦੀ ਵਾਰ ਲਗਦੀ ਰਹੀ। ਸੰਤ ਬਚਨ ਸਿੰਘ ਜੀ ਦਾ ਉੱਦਮ ਇਸ ਕੰਮ ਵਿਚ ਸ਼ਲਾਘਾ ਯੋਗ ਸੀ। ਉਹ ਆਪ ਵੀ ਵਾਜੇ ਨਾਲ ਆਸਾ ਦੀ ਵਾਰ ਲਾਉਣ ਵਿਚ ਮੋਹਰੀ ਹੁੰਦੇ ਸਨ। ਅੱਠ-ਦਸ ਸਾਲ, ਜਿੰਨੀ ਦੇਰ ਉਹ ਸ਼ਿਮਲੇ ਰਹੇ ਇਹ ਪ੍ਰੋਗਰਾਮ ਨਿਰੰਤਰ ਚਲਦਾ ਰਿਹਾ।

ਦਸੰਬਰ ੧੯੪੫ ਵਿਚ ਸੰਤ ਬਚਨ ਸਿੰਘ ਜੀ ਦੀ ਬਦਲੀ ਸਾਂਗਲੇ ਹਿੱਲ ਦੀ ਹੋ ਗਈ। ਨਾਮਧਾਰੀ ਸੰਗਤ ਨਾਲ ਮੇਲ ਮਿਲਾਪ ਦੀ ਏਨੀ ਉਤੇਜਨਾ ਸੀ ਕਿ ਉਥੇ ਜਾਂਦੇ ਸਾਰ ਹੀ ਕੁਝ ਸਰੀਰ ਜੋ ਇਨ੍ਹਾਂ ਕੋਲ ਹੀ ਰਾਜ ਮਿਸਤਰੀ ਦਾ ਕੰਮ ਕਰਦੇ ਸਨ ਮਿਲ ਗਏ ਅਤੇ ਪਤਾ ਲੱਗ ਗਿਆ ਕਿ ਨਾਮਧਾਰੀਆਂ ਦਾ ਪਿੰਡ ਗਿੱਲਾਂ ਕੋਈ ਤਿੰਨ ਕੁ ਮੀਲ ਦੀ

ਵਿੱਥ ਤੇ ਹੀ ਹੈ। ਆਪਣੇ ਮਨ ਦੀ ਉਤੇਜਨਾ ਅਨੁਸਾਰ ਆਪ ਸਾਈਕਲ ਤੇ ਮੈਨੂੰ ਨਾਲ ਲੈ ਕੇ ਸ਼ਨਿਚਰਵਾਰ ਸ਼ਾਮ ਨੂੰ ਗਿੱਲਾਂ ਚਲੇ ਜਾਣਾ, ਰਾਤ ਉਥੇ ਰਹਿਣਾ ਅਤੇ ਅਗਲੇ ਦਿਨ ਵਾਪਸ ਆ ਜਾਣਾ। ਇੱਥੇ ਹੀ ਸੰਤ ਕਿਰਪਾਲ ਸਿੰਘ ਜੀ ਮੁਹਾਵੇ ਵਾਲਿਆਂ ਨੇ ੪੦ ਦਿਨ ਇਕ ਭੋਰੇ ਵਿਚ ਬੈਠ ਕੇ ਪ੍ਰਯੋਗ ਕੀਤਾ ਸੀ। ਇਸਦਾ ਭੋਗ ਹੋਲੇ ਦੇ ਮੇਲੇ ਸਮੇਂ ਪਾਇਆ ਸੀ। ਸੰਤਾਂ ਨੇ ਭੋਰੇ ਵਿਚੋਂ ਨਿਕਲ ਕੇ ਸਾਧ ਸੰਗਤ ਨੂੰ ਦੀਵਾਨ ਵਿਚ ਦਰਸ਼ਨ ਦਿੱਤੇ। ਇਹ ਨਜ਼ਾਰਾ ਵੇਖਦਿਆਂ ਹੀ ਬਣਦਾ ਸੀ।

ਹੁਣ ਜਦੋਂ ਵੀ ਗਿੱਲਾਂ ਜਾਣਾ ਸਾਧ ਸੰਗਤ ਤੋਂ ਇਲਾਵਾ ਸੰਤ ਕਿਰਪਾਲ ਸਿੰਘ ਨਾਲ ਵੀ ਬਹੁਤ ਬਚਨ ਬਿਲਾਸ ਹੋਣੇ। ਸੰਤਾਂ ਨੇ ਆਪਣੇ ਭੋਰੇ ਵਿਚ ਬੈਠਣ ਦੇ ਸਮੇਂ ਦੇ ਬਹੁਤ ਬਚਨ ਸੁਣਾਉਣੇ। ਇਸ ਤਰ੍ਹਾਂ ਸੰਤ ਬਚਨ ਸਿੰਘ ਜੀ ਦੀ ਸੰਤ ਕਿਰਪਾਲ ਸਿੰਘ ਜੀ ਨਾਲ ਬਹੁਤ ਨੇੜਤਾ ਹੋ ਗਈ। ਗਿੱਲਾਂ ਤੋਂ ਜਾਣ ਤੋਂ ਬਾਅਦ ਵੀ ਦੋਹਾਂ ਦਾ ਮੇਲ ਮਿਲਾਪ ਰਿਹਾ। ੧੯੫੭ ਵਿਚ ਅੰਮ੍ਰਿਤਸਰ ਰਹਿੰਦਿਆਂ ਸੰਤ ਬਚਨ ਸਿੰਘ ਜੀ ਸੰਤ ਕਿਰਪਾਲ ਸਿੰਘ ਜੀ ਦੀ ਮਰਜ਼ੀ ਅਨੁਸਾਰ ਮੁਹਾਵੇ ਵੀ ਸੜਕਾਂ ਵਗੈਰਾ ਦਾ ਕੰਮ ਕਰਵਾ ਕੇ ਸਾਧ ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਤੋਂ ਬਾਅਦ ਸੰਤ ਬਚਨ ਸਿੰਘ ਜੀ ਦੀ ਬਦਲੀ ੧੯੪੬ ਵਿਚ ਗੁਜਰਾਂਵਾਲੇ ਦੀ ਹੋ ਗਈ। ਇਥੇ ਵੀ ਨਾਮਧਾਰੀ ਸਾਧ ਸੰਗਤ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨਾਂ ਕਾਰਨ ਮਾਹੌਲ ਬਹੁਤ ਹੀ ਆਨੰਦਮਈ ਰਿਹਾ। ੧੯੪੭ ਦਾ ਸ਼ੇਖੂਪੁਰਾ ਬੇਦਾਦ ਦਾ ਹੋਲਾ ਸਣੇ ਪਰਿਵਾਰ ਦੇਖਣ ਦਾ ਮੌਕਾ ਮਿਲਿਆ। ਇਨ੍ਹਾਂ ਦਿਨਾਂ ਵਿਚ ਸ਼ਹਿਰ ਵਿਚ ਥਾਂ ਥਾਂ ਅੱਗਾਂ ਲੱਗ ਰਹੀਆਂ ਸਨ। ਸਟੇਸ਼ਨ ਤੇ ਮੇਲੇ ਜਾਣ ਲਈ ਜਦੋਂ ਗੱਡੀ ਚੜ੍ਹਨ ਗਏ ਤਾਂ ਪਲੇਟ ਫਾਰਮ ਤੇ ਸਟੇਸ਼ਨ ਮਾਸਟਰ ਨੇ ਆਪਣੇ ਵਲੋਂ ਹਮਦਰਦੀ ਜਤਾਈ ਅਤੇ ਪੁਰਜ਼ੋਰ ਲਫ਼ਜ਼ਾਂ ਵਿਚ ਕਿਹਾ "ਕਿ ਤੁਸੀਂ ਬਾਲ-ਬੱਚਾ ਲੈ ਕੇ ਚਲ ਪਏ ਹੋ, ਹਾਲਾਤ ਜ਼ਰੂਰਤ ਤੋਂ ਜ਼ਿਆਦਾ ਖ਼ਤਰਨਾਕ ਹਨ। ਤੁਹਾਨੂੰ ਇਹ ਨਹੀਂ ਕਰਨਾ ਚਾਹੀਦਾ।" ਪਿਤਾ ਜੀ ਨੇ ਜਵਾਬ ਦਿੱਤਾ ਕਿ ਉਹ ਸਤਿਗੁਰਾਂ ਦੇ ਦਰਸ਼ਨਾਂ ਲਈ ਚੱਲੇ ਹਨ ਇਸ ਲਈ ਹਾਲਾਤ ਦਾ ਕੋਈ ਫ਼ਿਕਰ ਨਹੀਂ। ਸਤਿਗੁਰੂ ਭਲੀ ਕਰਨਗੇ। ਹੋਲੇ ਮਹੱਲੇ ਦਾ ਆਨੰਦ ਮਾਣਿਆ ਗਿਆ ਅਤੇ ਸੰਤ ਮੰਡਲੀ ਨੂੰ ਮਸਤਾਨੀ ਅਵਸਥਾ ਵਿਚ ਦੇਖਣ ਦਾ ਮੈਨੂੰ ਵੀ ਪਹਿਲੀ ਵਾਰੀ ਮੌਕਾ ਮਿਲਿਆ। ਮਸਤਾਨਿਆਂ ਦੀ ਏਨੀ ਭੀੜ ਹੁੰਦੀ ਸੀ ਕਿ ਸਾਧ ਸੰਗਤ ਨੂੰ ਮੱਥਾ ਟੇਕਣਾ ਵੀ ਮੁਸ਼ਕਿਲ ਹੋ ਜਾਂਦਾ ਸੀ। ਇਸੇ ਮੇਲੇ ਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜੀਵਨ ਨਗਰ ਮੁਰੱਬੇ ਲੈਣ ਦਾ ਵਿਚਾਰ ਵੀ ਬਣ ਗਿਆ।

ਇਨਾਂ ਦਿਨਾਂ ਵਿਚ ਸਾਧ ਸੰਗਤ ਆਮ ਤੌਰ ਤੇ ਪੈਦਲ ਜਾਂ ਸਾਈਕਲਾਂ ਤੇ ਹੀ ਜਾਂਦੀ ਸੀ। ਮੈਨੂੰ ਯਾਦ ਹੈ ਕਿ ਭੋਗ ਉਪਰੰਤ ਸਟੇਸ਼ਨ ਤੱਕ ਜਾਣ ਲਈ ਕਾਫੀ ਰਸਤਾ ਸਮਾਨ ਚੁੱਕ ਕੇ ਪੈਦਲ ਜਾਣਾ ਪੈਂਦਾ ਸੀ। ਜਦੋਂ ਅਸੀਂ ਮੇਨ ਸੜਕ ਦੇ ਨੇੜੇ ਪਹੁੰਚੇ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਾਰ ਸਾਡੇ ਖੱਬੇ ਪਾਸਿਉਂ ਲੰਘ ਕੇ ਸੱਜੇ ਪਾਸੇ ਹੋ ਗਈ। ਸਾਰੀ ਸੰਗਤ ਨੇ ਉਥੇ ਹੀ ਨਮਸ਼ਕਾਰ ਕੀਤੀ। ਇਸ ਤਰ੍ਹਾਂ ਸਾਂਗਲੇ ਅਤੇ ਗੁਜਰਾਂਵਾਲੇ ਰਹਿਣ ਦਾ ਸਮਾਂ ਯਾਦਗਾਰੀ ਸਮਾਂ ਰਿਹਾ।

ਹੁਣ ਅਪ੍ਰੈਲ ੧੯੪੭ ਵਿਚ ਪਿਤਾ ਜੀ ਦੀ ਬਦਲੀ ਮੁਲਤਾਨ ਹੋ ਗਈ। ਉਥੇ ਹਾਲਾਤ ਹੋਰ ਵੀ ਜ਼ਿਆਦਾ ਖ਼ਤਰਨਾਕ ਸਨ। ਸਤਿਗੁਰਾਂ ਦੇ ਹੁਕਮ ਅਨੁਸਾਰ ਪਿਤਾ ਜੀ ਇਕੱਲੇ ਹੀ ਉਥੇ ਗਏ ਅਤੇ ਪਰਿਵਾਰ ਸਾਰਾ ਸ਼ਿਮਲੇ ਆਪਣੇ ਘਰ ਚਲਾ ਗਿਆ।

ਸੰਨ ੧੯੪੭ ਵਿਚ ਸੰਤ ਬਚਨ ਸਿੰਘ ਹੁਰਾਂ ਨੂੰ ਦੂਸਰੀ ਵਾਰੀ ਸ਼ਿਮਲੇ ਰਹਿਣ ਦਾ ਮੌਕਾ ਮਿਲਿਆ। ਹੁਣ ਭਾਰਤ ਆਜ਼ਾਦ ਹੋ ਚੁੱਕਾ ਸੀ। ਨਵੇਂ ਨਵੇਂ ਕੰਮ ਹੋਣੇ ਸਨ। ਆਪਣੇ ਮਹਿਕਮੇ ਵਿਚ ਆਪ ਔਖੇ ਤੋਂ ਔਖਾ ਕੰਮ ਸਮੇਂ ਸਿਰ ਅਤੇ ਸਫਲਤਾ ਪੂਰਵਕ ਪੂਰਾ ਕਰਨ ਵਿਚ ਪ੍ਰਸਿੱਧ ਸਨ। ਸ਼ਿਮਲੇ ਰਹਿੰਦਿਆਂ ਇਹੋ ਜਿਹੇ ਅਨੇਕਾਂ ਕੰਮ ਕਰਕੇ ਪਿਤਾ ਜੀ ਨੇ ਨਾਮਣਾ ਖੱਟਿਆ। ਸ਼ਿਮਲੇ ਦੇ ਸਕੈਂਡਲ ਪੁਆਇੰਟ ਤੇ ਲਾਲਾ ਲਾਜਪਤ ਰਾਏ ਦੇ ਬੁੱਤ ਦੀ ਸਥਾਪਨਾ ਦਾ ਕੰਮ ਬਹੁਤ ਚੁਣੌਤੀ ਭਰਿਆ ਸੀ ਕਿਉਂਕਿ ਇਹ ਬੁੱਤ ਲਾਹੌਰ ਤੋਂ ਲਿਆ ਕੇ ੧੫ ਅਗਸਤ ੧੯੪੮ ਤੋਂ ਪਹਿਲਾਂ ਸਥਾਪਤ ਕਰਨਾ ਸੀ। ਸਤਿਗੁਰੂ ਜੀ ਦੀ ਬਖਸ਼ਿਸ਼ ਅਤੇ ਆਪਣੇ ਦ੍ਰਿੜ੍ਹ ਇਰਾਦੇ ਦੇ ਕਾਰਨ ਆਪ ਹਰ ਚੁਣੌਤੀ ਵਿਚ ਪੂਰੀ ਤਰ੍ਹਾਂ ਸਫ਼ਲ ਹੁੰਦੇ ਰਹੇ।

ਆਪ ਜੀ ਦੀ ਮਨ ਬਿਰਤੀ ਐਸੀ ਬਣ ਗਈ ਸੀ ਕਿ ਸਤਿਗੁਰੂ ਜੀ ਨੂੰ ਹਰ ਸਮੇਂ ਆਪਣੇ ਅੰਗ ਸੰਗ ਸਮਝਣਾ। ਉਨ੍ਹਾਂ ਲਈ ਤਾਂ ਸਤਿਗੁਰੂ ਦਾ ਆਸਰਾ ਹੀ ਪ੍ਰਮੁੱਖ ਸੀ। ਆਪਣੇ ਰੁਝੇਵਿਆਂ ਵਿਚੋਂ ਵੱਧ ਤੋਂ ਵੱਧ ਸਮਾਂ ਕੱਢ ਕੇ ਨਾਮ ਸਿਮਰਨ ਵੱਲ ਲਗਾਉਣਾ। ਇਨ੍ਹਾਂ ਦਿਨਾਂ ਵਿਚ ਪੱਤਰਾ ਪਾਠ ਵੀ ਚਲ ਰਿਹਾ ਸੀ। ਉਸ ਵਿਚ ਆਪ ਜੀ ਨੇ ਪੂਰਾ ਸਹਿਯੋਗ ਦਿੱਤਾ ਅਤੇ ਆਪਣਾ ਪਾਠ ਸਮੇਂ ਸਿਰ ਪੂਰਾ ਕੀਤਾ। ਜਦੋਂ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ਿਮਲੇ ਦਰਸ਼ਨ ਦੇਣੇ ਤਾਂ ਪਿਤਾ ਜੀ ਨੇ ਸਤਿਗੁਰੂ ਜੀ ਦਾ ਡੇਰਾ ਆਪਣੇ ਘਰ ਲਗਵਾ ਕੇ ਉਨ੍ਹਾਂ ਦੀ ਸੇਵਾ ਅਤੇ ਕੀਰਤਨ ਦਾ ਅਨੰਦ ਮਾਣਨਾ। ਸਮੇਂ ਅਨੁਸਾਰ ਇਕ ਅਖੰਡ ਪਾਠ ਵੀ ਕਰਵਾਉਣ ਦਾ ਉਪਰਾਲਾ ਕਰਨਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਹੈ ਕਿ ਇਕ

ਤੰਦਰੁਸਤ ਅਤੇ ਰਿਸ਼ਟ ਪੁਸ਼ਟ ਸਰੀਰ ਦਾ ਮਨ ਅਤੇ ਦਿਮਾਗ ਹੀ ਤੇਜ ਅਤੇ ਚੁਸਤ ਹੋ ਸਕਦਾ ਹੈ। ਸੰਤ ਬਚਨ ਸਿੰਘ ਜੀ ਨੇ ਇਨ੍ਹਾਂ ਬਚਨਾਂ ਦੀ ਪਾਲਣਾ ਬੜੀ ਦ੍ਰਿੜਤਾ ਨਾਲ ਕੀਤੀ। ਅੰਮ੍ਰਿਤ ਵੇਲੇ ਉਠ ਕੇ ਦਾਤਣ ਪਾਣੀ ਕਰਕੇ ਕਸਰਤ ਕਰਨੀ ਉਪਰੰਤ ਨਾਮ ਸਿਮਰਨ ਕਰਕੇ ਹੀ ਆਪਣੇ ਕੰਮ ਤੇ ਜਾਣਾ। ਦ੍ਰਿੜ ਸੰਕਲਪ ਏਨਾ ਸੀ ਕਿ ੪੨-੪੩ ਸਾਲ ਦੀ ਉਮਰ ਵਿਚ ਇੰਜੀਨੀਅਰਿੰਗ ਦੀ ਪੜ੍ਹਾਈ ਸ਼ੁਰੂ ਕਰ ਲਈ ਅਤੇ ਏ. ਐਮ. ਆਈ. ਈ. ਦੀ ਡਿਗਰੀ ਕੋਈ ਤਿੰਨ ਸਾਲਾਂ ਵਿਚ ਪ੍ਰਾਪਤ ਕਰ ਲਈ। ਸੰਤ ਬਚਨ ਸਿੰਘ ਜੀ ਦੀ ਸਿਹਤ ਜਿੱਥੇ ਹਰ ਪ੍ਰਕਾਰ ਨਾਲ ਬੜੀ ਰਿਸ਼ਟ ਪੁਸ਼ਟ ਸੀ, ਖੁਰਾਕ ਦਾ ਧਿਆਨ ਏਨਾ ਸੀ ਕਿ ਸ਼ਿਮਲੇ ਵੀ ਗਾਂ-ਮੱਝ ਰੱਖੀ ਹੁੰਦੀ ਸੀ। ਪਰ ਅੱਖਾਂ ਦੀ ਕਮਜ਼ੋਰੀ ਬਚਪਨ ਤੋਂ ਹੀ ਸੀ। ਐਨਕਾਂ ਨਾਲ ਗੁਜ਼ਾਰਾ ਹੁੰਦਾ ਸੀ ਪਰ ਨਿਗ੍ਹਾ ਦਾ ਕੰਮ ਬਹੁਤ ਹੋਣ ਕਰਕੇ ਅੱਖਾਂ ਦਿਨ-ਬ-ਦਿਨ ਕਮਜ਼ੋਰ ਹੁੰਦੀਆਂ ਗਈਆਂ।

ਜੂਨ ੧੯੫੨ ਵਿਚ ਆਪ ਜੀ ਦੀ ਬਦਲੀ ਸ਼ਿਮਲੇ ਤੋਂ ਕੁੱਲੂ ਹੋ ਗਈ। ਇਥੇ ਆਪ ਜੀ ਦਾ ਕਾਰਜ ਖੇਤਰ ਬਹੁਤ ਲੰਮਾ ਸੀ। ਮੰਡੀ ਤੋਂ ਰੋਹਤਾਂਗ ਪਾਸ ਤੱਕ ਦੀ ਸਾਰੀ ਸੜਕ, ਭੂੰਤਰ ਤੋਂ ਮਨੀਕਰਨ ਅਤੇ ਹੋਰ ਨਾਲ ਲਗਦੇ ਇਲਾਕੇ ਵੀ ਸਨ। ਇਸ ਕਰਕੇ ਦੌਰੇ ਬਹੁਤ ਕਰਨੇ ਪੈਂਦੇ ਸਨ। ਮਹੀਨੇ ਵਿਚ ਇਕ ਦੋ ਵਾਰ ਤਾਂ ਮੰਡੀ ਵੀ ਆਉਣਾ ਪੈਂਦਾ ਸੀ। ਸੰਤ ਬਚਨ ਸਿੰਘ ਜੀ ਨੂੰ ਨਾਮਧਾਰੀ ਪੰਥ ਦੀ ਉੱਨਤੀ ਦਾ ਵਿਸ਼ੇਸ਼ ਧਿਆਨ ਰਹਿੰਦਾ ਸੀ। ਇਸ ਕਰਕੇ ਇਥੇ ਰਹਿ ਕੇ ਆਪ ਜੀ ਨੇ ਮੰਡੀ ਦੇ ਬਹੁਤ ਸਾਰੇ ਨਾਮਧਾਰੀਆਂ ਨੂੰ ਠੇਕੇਦਾਰੀ ਦੇ ਕੰਮ ਦੇਣੇ ਸ਼ੁਰੂ ਕਰ ਦਿੱਤੇ। ਸਾਧ ਸੰਗਤ ਨਾਲ ਮੇਲ ਮਿਲਾਪ ਵੀ ਬਹੁਤ ਵਧ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਵੀ ਅਕਸਰ ਹੁੰਦੇ ਰਹਿੰਦੇ ਸਨ।

ਕੁੱਲੂ ਜਾਣ ਤੋਂ ਬਾਅਦ ਪਹਿਲੀ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ ੧੯੫੨ ਵਿਚ ਦਰਸ਼ਨ ਦਿੱਤੇ। ਸਤਿਗੁਰੂ ਜੀ ਤਿੰਨ ਦਿਨ ਉਥੇ ਰਹੇ। ਸੇਵਾ ਕਰਨ ਦਾ ਇਤਨਾ ਅਨੰਦ ਆਇਆ ਕਿ ਸਾਰੀ ਉਮਰ ਨਹੀਂ ਭੁੱਲ ਸਕਦਾ। ਸੱਚੇ ਪਾਤਸ਼ਾਹ ਜੀ ਦੇ ਜਾਣ ਮਗਰੋਂ ਪਿਤਾ ਜੀ ਨੇ ਮੈਨੂੰ ਵੈਰਾਗਮਈ ਦਸ਼ਾ ਵਿਚ ਕਿਹਾ ਕਿ ਇਸ ਵਾਰ ਤੇ ਮੈਨੂੰ ਸਤਿਗੁਰੂ ਜੀ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਦਰਸ਼ਨ ਹੋਏ ਹਨ।

ਮੈਨੂੰ ਵੀ ਏਥੋਂ ਦੀ ਇਕ ਯਾਦ ਹਮੇਸ਼ਾ ਰਹਿੰਦੀ ਹੈ। ਸਤਿਗੁਰੂ ਜੀ ਕੁੱਲੂ ਤੋਂ ਜਾਣ ਵਾਸਤੇ ਆਪਣੀ ਮਰਕਰੀ ਕਾਰ ਵਿਚ ਬੈਠ ਚੁੱਕੇ ਸਨ। ਮੈਂ ਤੇ ਪਿਤਾ ਜੀ ਅਸੀਂ ਦੋਵੇਂ ਬਾਹਰ ਕਾਰ ਦੇ ਦਰਵਾਜ਼ੇ ਕੋਲ ਹੱਥ ਜੋੜ ਕੇ ਖੜ੍ਹੇ ਸਾਂ। ਸਤਿਗੁਰੂ ਜੀ ਨੇ ਕਾਰ ਦੇ ਸ਼ੀਸ਼ੇ ਵਿਚੋਂ ਮੈਨੂੰ ਆਪਣੀ ਪਿਆਰ ਭਰੀ ਕੋਨੇ ਅੱਖ ਦੀ ਨਜ਼ਰ ਨਾਲ ਵੇਖ ਕੇ ਅਪਾਰ ਖੁਸ਼ੀਆਂ ਬਖਸ਼ੀਆਂ। ਇਹ ਸਤਿਗੁਰੂ ਜੀ ਦੀ ਉਹੀ ਪਿਆਰ ਭਰੀ ਨਜ਼ਰ ਸੀ ਜਿਸ ਲਈ ਭਾਈ ਨੰਦ ਲਾਲ ਨੇ ਲਿਖਿਆ ਹੈ :- ਯਕ ਨਿਗਾਹੇ ਜਾ ਫਿਜ਼ਾਇਸ਼...। ਅੱਜ ੫੮ ਸਾਲਾਂ ਬਾਅਦ ਵੀ ਮੈਨੂੰ ਉਸ ਰਸ ਭਿੰਨੀ ਦ੍ਰਿਸ਼ਟੀ ਦਾ ਸਵਾਦ ਉਸੇ ਤਰ੍ਹਾਂ ਹੀ ਆਉਂਦਾ ਹੈ। ਗੱਲ ਕੀ ਜਿੱਥੇ ਵੀ ਸੰਤ ਬਚਨ ਸਿੰਘ ਜੀ ਜਾਂਦੇ ਉਥੇ ਹੀ ਨਾਮਧਾਰੀ ਸਾਧ ਸੰਗਤ ਅਤੇ ਸਤਿਗੁਰੂ ਜੀ ਦੇ ਦਰਸ਼ਨਾਂ ਦਾ, ਉਮੰਗਾਂ ਅਤੇ ਸੇਵਾ ਦਾ ਆਕਰਸ਼ਣ ਉਨ੍ਹਾਂ ਦੀ ਜ਼ਿੰਦਗੀ ਵਿਚ ਬਣਿਆ ਹੀ ਰਹਿੰਦਾ।

ਸੰਨ ੧੯੩੩ ਤੋਂ ਹੀ ਆਪ ਨੇ ਇਕ ਮੋਟਰਸਾਈਕਲ ਖਰੀਦ ਲਿਆ ਸੀ। ਉਸ ਤੋਂ ਬਾਅਦ ਮੋਟਰਸਾਈਕਲ ਉਨ੍ਹਾਂ ਕੋਲ ਹਮੇਸ਼ਾ ਹੀ ਰਹਿੰਦਾ ਸੀ। ਜਦੋਂ ਕਦੇ ਇਹ ਭੈਣੀ ਸਾਹਿਬ ਮੋਟਰਸਾਈਕਲ ਤੇ ਆ ਜਾਂਦੇ ਆਪ ਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦੇ ਅਤੇ ਮੋਟਰਸਾਈਕਲ ਬਾਬਾ ਜਗਜੀਤ ਸਿੰਘ ਜੀ ਅਤੇ ਬਾਬਾ ਬੀਰ ਸਿੰਘ ਜੀ ਦੇ ਕੋਲ ਉਨ੍ਹਾਂ ਦੀ ਸਵਾਰੀ ਅਤੇ ਮੌਜ ਮੇਲੇ ਵਾਸਤੇ ਹੁੰਦਾ। ਸਰਸੇ ਤੋਂ ਜੀਵਨ ਨਗਰ ਜਾਣ ਆਉਣ ਲਈ ਵੀ ਇਸੇ ਮੋਟਰਸਾਈਕਲ ਦੀ ਵਰਤੋਂ ਖੂਬ ਹੁੰਦੀ। ਜਦੋਂ ਮਹਾਰਾਜ ਬੀਰ ਸਿੰਘ ਜੀ ਅਤੇ ਸੰਤ ਗੁਰਦੇਵ ਸਿੰਘ ਜੀ ਲਖਨਊ ਪਾਇਲਟ ਦੀ ਟਰੇਨਿੰਗ ਲਈ ਗਏ ਤਾਂ ਇਹ ਮੋਟਰਸਾਈਕਲ ਉਨ੍ਹਾਂ ਕੋਲ ਹੀ ਰਿਹਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੯੫ ਵਿਚ ਸੰਤ ਬਚਨ ਸਿੰਘ ਜੀ ਦੇ ਭੋਗ ਤੇ ਫਰਮਾਇਆ ਸੀ ਕਿ ਅਸੀਂ ਉਨ੍ਹਾਂ ਦਾ ਮੋਟਰਸਾਈਕਲ ਆਪਣਾ ਸਮਝ ਕੇ ਵਰਤਦੇ ਰਹੇ ਹਾਂ। ਉਨ੍ਹਾਂ ਨੇ ਵੀ ਇਨ੍ਹਾਂ ਵਸਤੂਆਂ ਨੂੰ ਸਤਿਗੁਰੂ ਜੀ ਦੀ ਦੇਣ ਅਤੇ ਸਾਧ ਸੰਗਤ ਦੀ ਕਰਕੇ ਹੀ ਮੰਨਿਆ ਹੈ। ਆਖ਼ਿਰ ਸੰਤ ਬਚਨ ਸਿੰਘ ਜੀ ਪੀ. ਡਬਲਯੂ. ਡੀ. ਦੀ ਨੌਕਰੀ ਤੋਂ ਸੰਨ ੧੯੬੦ ਵਿਚ ਰਿਟਾਇਰ ਹੋ ਗਏ। ਉਪਰੰਤ ੧੯੬੫ ਤੱਕ ਜਲੰਧਰ ਮਿਊਨਿਸਪਲ ਇੰਜੀਨੀਅਰ ਦੇ ਪਦ ਤੇ ਨੌਕਰੀ ਕੀਤੀ। ਇਥੇ ਵੀ ਨਾਮਧਾਰੀ ਸੰਗਤ ਨੂੰ ਸੰਗਠਿਤ ਹੀ ਨਹੀਂ ਕੀਤਾ ਸਗੋਂ ਸੈਂਟਰਲ ਟਾਊਨ ਵਿਚ ਇਕ ਖੁਲ੍ਹੀ ਜਗ੍ਹਾ ਲੈ ਕੇ ਨਾਮਧਾਰੀ ਧਰਮਸ਼ਾਲਾ ਦਾ ਨਿਰਮਾਣ ਵੀ ਕੀਤਾ। ਸਤਿਗੁਰੂ ਦੀ ਯਾਦ ਉਨ੍ਹਾਂ ਦੇ ਦਿਲ ਵਿਚ ਹਮੇਸ਼ਾ ਹੀ ਰਹਿੰਦੀ ਸੀ ਅਤੇ ਉਨ੍ਹਾਂ ਦੇ ਹੁਕਮਾਂ ਤੇ ਜ਼ਿਆਦਾ ਤੋਂ ਜ਼ਿਆਦਾ ਚੱਲਣ ਦਾ ਮਨ ਕਰਦਾ ਸੀ। ਸੰਨ ੧੯੬੨ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਗਏ। ਸਾਧ ਸੰਗਤ ਦੇ ਦਰਸ਼ਨ ਅਤੇ ਸਤਿਗੁਰਾਂ ਦੀ ਕਿਰਪਾ ਸਦਕਾ ਮਨ ਵਿਚ ਇਕ ਵੱਡਾ ਪਰਿਵਰਤਨ ਆਇਆ ਤੇ ਪਹਿਰਾਵਾ ਵੀ ਸੰਪੂਰਨ ਨਾਮਧਾਰੀ ਕਰ ਲਿਆ। ਇਸ ਤਰ੍ਹਾਂ ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਖੁਸ਼ੀਆਂ ਪ੍ਰਾਪਤ ਕੀਤੀਆਂ।

ਚਲਦਾ.....

ਸੰਗੀਤ ਅਤੇ ਵਾਤਾਵਰਣ

–ਡਾ. ਗੌਰੀ

ਸੰਸਾਰ ਦੇ ਅਨੇਕ ਰਿਸ਼ੀ ਮੁਨੀਆਂ, ਮਹਾਤਮਾਵਾਂ ਨੇ ਸੰਗੀਤ ਨੂੰ ਈਸ਼ਵਰੀ ਵਾਣੀ ਮੰਨਿਆ ਹੈ। ਸੰਗੀਤ ਈਸ਼ਵਰ ਪ੍ਰਾਪਤੀ ਦਾ ਮੁੱਖ ਸਾਧਨ ਹੈ। ਸੰਗੀਤ ਨੂੰ ਅਧਿਆਤਮਿਕਤਾ ਦੀ ਉਚਾਈ ਤੱਕ ਪਹੁੰਚਣ ਦਾ ਪ੍ਰਸ਼ਸਤ ਮਾਰਗ ਸਮਝਿਆ ਜਾਂਦਾ ਹੈ। ਮਨ ਦੀ ਇਕਾਗਰਤਾ ਦੇ ਲਈ ਸੰਗੀਤ ਨੂੰ ਇਕ ਸਬਲ ਅਤੇ ਸੁਗਮ ਸਾਧਨ ਮੰਨਿਆ ਜਾਂਦਾ ਹੈ।

ਭਾਰਤੀ ਸੰਗੀਤ ਕਲਾ ਇਕ ਪਵਿੱਤਰ ਕਲਾ ਹੈ। ਇਸ ਕਲਾ ਦੇ ਵਾਤਾਵਰਣ ਨਾਲ ਹੀ ਰਿਸ਼ੀਆਂ-ਮੁਨੀਆਂ ਨੇ ਮਨਨ ਤੇ ਚਿੰਤਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਸੰਤਾਂ-ਭਗਤਾਂ ਨੇ ਸੰਗੀਤ ਨੂੰ ਈਸ਼ਵਰ ਪ੍ਰਾਪਤੀ ਦਾ ਸਾਧਨ ਮੰਨ ਕੇ, ਸੰਗੀਤਮਈ ਵਾਤਾਵਰਣ ਵਿਚ ਆਪਣੀ ਵਾਣੀ ਦਾ ਪ੍ਰਚਾਰ ਕੀਤਾ।

ਸੰਗੀਤਕ ਵਾਤਾਵਰਣ ਯੋਗ ਅਤੇ ਧਿਆਨ ਲਗਾਉਣ ਵਿਚ ਬਹੁਤ ਸਹਾਇਕ ਹੁੰਦਾ ਹੈ। ਚੰਗੇ ਵਾਤਾਵਰਣ ਵਿਚ ਸੰਗੀਤਕਾਰ ਦੀ ਕਲਾਕ੍ਰਿਤੀ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਕਾਬਲੀਅਤ ਰੱਖਦੀ ਹੈ।

ਚੰਗਾ ਮਾਹੌਲ ਜਾਂ ਵਾਤਾਵਰਣ ਹੀ ਸੰਗੀਤਕਾਰ ਦੇ ਸੁਰਾਂ ਦੇ ਪ੍ਰਯੋਗ ਨੂੰ ਅਜਿਹੀ ਬ੍ਰਹਮ ਅਵਸਥਾ ਵਿਚ ਲੈ ਜਾਂਦਾ ਹੈ ਜਿੱਥੇ ਸਰੋਤੇ ਆਪਣੀ ਸੁੱਧ-ਬੁੱਧ ਖੋਹ ਬੈਠਦੇ ਹਨ ਕਿਉਂਕਿ ਸੁਰਾਂ ਦੁਆਰਾ ਹੀ ਰਸ ਅਭਿਵਿਅਕਤੀ ਸੁਨਣ ਵਾਲੇ ਦੇ ਦਿਲ ਵਿਚ ਉਤਰ ਜਾਂਦੀ ਹੈ। ਸੰਗੀਤ ਮਾਨਵ ਮਨ ਦੇ ਅੰਦਰ ਦੀ ਕਰੁਣਾ ਨੂੰ ਉਜਾਗਰ ਕਰਨ ਦਾ ਸਭ ਤੋਂ ਉੱਤਮ ਮਾਧਿਅਮ ਹੈ। ਸੁਰ ਸੰਗੀਤ ਦਾ ਪ੍ਰਾਣ ਹੈ, ਜਿਸਦੇ ਵਾਤਾਵਰਣ ਨਾਲ ਮਾਨਸਿਕ-ਆਤੰਰਿਕ ਸਥਿਤੀਆਂ ਦਾ ਪ੍ਰਗਟਾਵਾ ਹੁੰਦਾ ਹੈ।

ਸੰਗੀਤਕ ਵਾਤਾਵਰਣ ਵਿਚ ਘਰਾਣੇਦਾਰ ਕਲਾਕਾਰ ਜਿਵੇਂ ਅਮੀਰ ਖਾਂ-ਇੰਦੌਰ ਘਰਾਣਾ, ਬੜੇ ਗੁਲਾਮ-ਅਲੀ ਖਾਂ-ਪਟਿਆਲਾ ਘਰਾਣਾ, ਪੰ. ਓਂਕਾਰਨਾਥ ਠਾਕੁਰ-ਗਵਾਲੀਅਰ ਘਰਾਣਾ, ਪੰ. ਜਸਰਾਜ-ਮੇਵਾਤੀ ਘਰਾਣਾ, ਪੰ. ਰਵੀਸ਼ੰਕਰ (ਸਿਤਾਰ ਵਾਦਕ), ਮੈਹਰ ਘਰਾਣਾ, ਉ. ਵਿਲਾਇਤ ਖਾਂ (ਗੌਰੀਪੁਰ ਘਰਾਣਾ), ਉ. ਸ਼ਾਹਿਦ ਪਰਵੇਜ਼, ਪੰ. ਸ਼ਿਵ ਕੁਮਾਰ ਸ਼ਰਮਾ, ਪੰ. ਹਰਿਪ੍ਰਸਾਦ ਚੋਰਸਿਆ, ਉ. ਜਾਕਿਰ ਹੁਸੈਨ ਆਦਿ ਸਾਰੇ ਸੰਗੀਤ ਜਗਤ ਦੇ ਦਿਗੱਜ ਕਲਾਕਾਰ ਸੰਗੀਤਕ ਵਾਤਾਵਰਣ ਵਿਚ ਜੰਮੇ-ਪੱਲੇ ਹਨ ਅਤੇ ਅੱਜ ਬੁਲੰਦੀਆਂ ਦੇ ਸਿਖਰ ਤੇ ਸੁਸ਼ੋਭਤ ਹਨ।

ਚੰਗਾ ਵਾਤਾਵਰਣ ਵਿਕਾਰਾਂ ਤੇ ਵਿਕਰੀਤੀਆਂ ਨੂੰ ਦੂਰ ਕਰਦਾ ਹੈ। ਇਸੇ ਲਈ ਪੰ. ਵਿਸ਼ਨੂੰ ਦਿਗੰਬਰ ਪੁਲਸਕਰ ਜਿਹੀ ਮਹਾਨ ਵਿਭੂਤੀਆਂ ਨੇ ਸੰਗੀਤ ਵਿਚ ਆਈਆਂ ਵਿਕਰਿਤੀਆਂ ਨੂੰ ਚੰਗਾ ਸੰਗੀਤਕ ਮਾਹੌਲ ਦੇ ਕੇ ਸੰਗੀਤ ਨੂੰ ਸ਼ੁੱਧ ਰੂਪ ਦਿੱਤਾ।

ਚੰਗਾ ਸੰਗੀਤਕ ਵਾਤਾਵਰਣ ਬਣਾਉਣ ਲਈ ਸੰਗੀਤ ਵਿਦਿਆਲਾਂ, ਕਾਲਜਾਂ ਅਤੇ ਵਿਸ਼ਵ ਵਿਦਿਆਲਿਆਂ ਵਿਚ ਅੱਜ ਜ਼ਰੂਰਤ ਹੈ ਉਹਨਾਂ ਅਧਿਆਪਕਾਂ ਦੀ ਜਿਹਨਾਂ ਨੇ ਆਪ ਸੰਗੀਤਕ ਵਾਤਾਵਰਣ ਵਿਚ ਰਹਿ ਕੇ ਸੰਗੀਤ ਦੀ ਸਿਖਿਆ ਲਈ ਹੈ। ਇਹ ਉਹਨਾਂ ਦੀ ਜ਼ੁੰਮੇਵਾਰੀ ਹੈ ਕਿ ਉਹ ਸੰਗੀਤ ਵਿਚ ਆ ਰਹੀਆਂ ਕਮੀਆਂ, ਬੁਰਾਈਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਣ ਤਾਂ ਜੋ ਚੰਗੇ ਵਾਤਾਵਰਣ ਨਾਲ ਚੰਗੇ ਸਮਾਜ ਦਾ ਨਿਰਮਾਣ ਹੋਵੇ।

ਸ਼ਾਸਤਰੀ ਸੰਗੀਤ ਨੂੰ ਪੰਜਾਬ ਦੀ ਦੇਣ

–ਡਾ. ਗੌਰੀ

"जो देश जितना ही समृद्ध होता है, सुख सुविधाओं से सम्पन्न होता है, अभाव का निर्धनता से मुक्त होता है उतनी ही उसकी सृजनात्मक शक्ति ललित कलाओं के माध्यम से अभिव्यक्ति पाकर वहां की संस्कृति को जीवन प्रदान करती है।"

–पंजाब का शास्त्रीय संगीत, डा. गीता पेन्तल

ਭਾਰਤ ਦੇ ਮੁਕਟਮਣੀ ਪੰਜਾਬ ਨੇ ਭਾਰਤੀ ਸੰਗੀਤ ਵਿਚ ਬਹੁਤ ਯੋਗਦਾਨ ਦਿੱਤਾ। ਸਾਮਵੇਦ ਤੋਂ ਉਤਪਨ ਸੰਗੀਤ

ਅਨੇਕਾਂ ਯੁੱਗਾਂ ਤੋਂ ਪਰਿਵਰਤਿਤ ਹੋਇਆ ਅਤੇ ਤ੍ਰੇਤਾ, ਦੁਆਪਰ ਯੁੱਗ ਨੂੰ ਸੰਗੀਤ ਦੇ ਰਸ ਨਾਲ ਪ੍ਰਫੁੱਲਤ ਕਰਦਾ ਹੋਇਆ ਸਾਡੇ ਤੱਕ ਪਹੁੰਚਿਆ ਹੈ।

ਉੱਤਰ ਭਾਰਤੀ ਸੰਗੀਤ, ਜਿਸਨੂੰ ਅੱਜ ਹਿੰਦੁਸਤਾਨੀ ਸੰਗੀਤ ਕਿਹਾ ਜਾਂਦਾ ਹੈ, ਮੱਧਕਾਲੀਨ ਵਿਸ਼ਾਲ ਪੰਜਾਬ ਦੀ ਹੀ ਦੇਣ ਹੈ। ਇਸ ਲਈ ਹਿੰਦੁਸਤਾਨੀ ਸੰਗੀਤ ਵਿਚ ਪੰਜਾਬ ਦੀ ਸੰਗੀਤ ਪਰੰਪਰਾ ਦੇ ਅਨੇਕ ਲੱਛਣ, ਸਵਰਾਵਲੀਆਂ, ਰਾਗਾਂ ਦੀ ਗਾਇਨ ਸ਼ੈਲੀਆਂ ਦੀ ਵਿਲੱਖਣਤਾ ਅੱਜ ਵੀ ਮੌਜੂਦ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਦੇਖਦੇ ਹੋਏ ਆਰੀਆ ਸਭ ਤੋਂ ਪਹਿਲਾਂ ਇੱਥੇ ਹੀ ਆ ਕੇ ਵਸ ਗਏ ਕਿਉਂਕਿ ਇਸ ਸੂਬੇ ਦੀ ਜਲਵਾਯੂ ਉੱਤਮ, ਉਪਜਾਓ ਜ਼ਮੀਨ ਅਤੇ ਆਲੇ-ਦੁਆਲੇ ਪਹਾੜੀ ਇਲਾਕੇ ਹਨ। ਆਰੀਆ ਰਿਸ਼ੀ ਮੁਨੀਆਂ ਨੇ ਇੱਥੇ ਅਨੇਕਾਂ ਵੇਦਾਂ, ਗ੍ਰੰਥਾਂ ਦੀ ਰਚਨਾ ਕੀਤੀ ਜਿਹਨਾਂ ਵਿਚੋਂ ਸਾਮਵੇਦ ਪੂਰੀ ਤਰ੍ਹਾਂ ਸੰਗੀਤਕ ਗ੍ਰੰਥ ਹੈ। ਇਹਨਾਂ ਵੇਦਾਂ ਨੂੰ ਹੀ ਸੰਗੀਤ ਦਾ ਆਧਾਰ ਮੰਨਿਆ ਜਾਂਦਾ ਹੈ। ਭਾਰਤੀ ਸੰਗੀਤ ਦੇ ਇਹਨਾਂ ਸ਼ਿਲਾਧਾਰ ਗ੍ਰੰਥਾਂ ਦੀ ਰਚਨਾ ਆਰੀਆ ਵਿਦਵਾਨਾਂ ਦੁਆਰਾ ਪੰਜਾਬ ਦੀ ਧਰਤੀ ਤੇ ਹੀ ਹੋਈ। ਸਾਮਵੇਦ ਦੀ ਗਾਇਨ ਪਰੰਪਰਾ ਵਿਚ ਸਾਮਗੀਤਾਂ ਨੂੰ ਇਕ ਨਿਸ਼ਚਿਤ ਬੰਧਨ ਪ੍ਰਦਾਨ ਕੀਤਾ ਗਿਆ। ਭਾਰਤ ਦਾ ਨਾਟਯ ਸ਼ਾਸਤਰ, ਨਾਟਕ ਅਤੇ ਸੰਗੀਤ ਦਾ ਆਧਾਰ ਪੰਜਾਬ ਦੀ ਪਵਿੱਤਰ ਧਰਤੀ ਤੇ ਹੀ ਰਚਿਆ ਗਿਆ।

ਪੰਜਾਬ ਦੀ ਧਰਤੀ ਤੇ ਹੀ ਭਾਰਤੀ ਸੰਗੀਤ ਦੇ ਮਹਾਨ ਕਲਾਕਾਰਾਂ ਦਾ ਜਨਮ ਹੋਇਆ। ਬੜੇ ਗੁਲਾਮਅਲੀ ਖਾਂ, ਉ. ਫਤਿਹ ਅਲੀ, ਅਲੀ ਬਖਸ਼, ਉ. ਮਲੰਗ ਖਾਂ ਆਦਿ ਸੰਗੀਤ ਦੇ ਇਹੋ ਜਿਹੇ ਮਹਾਂਰਥੀ ਹੋਏ ਹਨ ਜਿਹਨਾਂ ਭਾਰਤੀ ਸੰਗੀਤ ਨੂੰ ਸਮ੍ਰਿੱਧ ਬਣਾਉਣ ਲਈ ਬਹੁਤ ਯੋਗਦਾਨ ਦਿੱਤਾ।

"उ. फतह अली, अली बख्श के गाने के तानपूरे उल्टे रख दिए जाते थे। ये एक प्रकार की चुनौती थी कि इनके गाने के बाद कोई और गाने की हिम्मत करें।"-पंजाब की संगीत परम्परा-डा. गीता पैन्तल

ਭਾਰਤੀ ਸੰਗੀਤ ਨੂੰ ਪੰਜਾਬ ਦੀ ਵਿਲੱਖਣ ਦੇਣ ਹੈ ਪੰਜਾਬੀ ਅੰਗ ਦੇ ਗਾਇਨ ਦੀ ਤਾਨ ਦੀ ਤਿਆਰੀ ਜੋ ਅੱਜ ਭਾਰਤੀ ਸੰਗੀਤ ਦਾ ਮੁੱਖ ਖੇਤਰ ਬਣੀ ਹੋਈ ਹੈ। ਪੰਜਾਬ ਦੇ ਸੰਗੀਤਕਾਰ ਰਿਆਜ਼ ਨਾਲ ਸੱਚੀ ਰੰਜਕਤਾ, ਕਲਪਨਾ ਅਤੇ ਅਭਿਵਿਅਕਤੀ ਦੇ ਗੁਲਾਮ ਹਨ। ਇਹੋ ਕਾਰਣ ਹੈ ਕਿ ਪੰਜਾਬੀ ਗਾਇਣ ਵੱਧ ਲੋਕਪ੍ਰਿਅ ਹੁੰਦਾ ਜਾ ਰਿਹਾ ਹੈ।

ਪੰਜਾਬ ਦੇ ਸਭ ਤੋਂ ਵੱਡੇ ਸੰਗੀਤਕਾਰ ਤਾਂ ੧੫ਵੀਂ ਸ਼ਤਾਬਦੀ ਵਿਚ ਹੀ ਹੋਏ। ਆਪ ਜੀ ਦਾ ਨਾਂ ਗੁਰੂ ਨਾਨਕ ਦੇਵ ਜੀ ਸੀ। ਆਪ ਜੀ ਸੰਗੀਤ ਦਾ ਸਿੱਧਾ ਸੰਬੰਧ ਸ੍ਰਿਸ਼ਟੀ ਨਾਲ ਮੰਨਦੇ ਸਨ। ਆਪ ਜੀ ਨੇ ਰਾਗਾਂ ਤੇ ਆਧਾਰਿਤ ਬਾਣੀ ਰਚੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕਈ ਗਾਇਨ ਸ਼ੈਲੀਆਂ ਅਜਿਹੀਆਂ ਹਨ ਜੋ ਕਿ ਪੰਜਾਬ ਦੀ ਧਰਤੀ ਤੇ ਹੀ ਰਚੀਆਂ ਗਈਆਂ ਹਨ ਜਿਵੇਂ ਕਿ ਪੜਤਾਲ ਗਾਇਨ ਸ਼ੈਲੀ, ਖਿਆਲ ਗਾਇਨ ਸ਼ੈਲੀ ਪੰਜਾਬ ਅੰਗ ਦੀ ਠੁਮਰੀ, ਟੱਪਾ ਗਾਇਨ ਸ਼ੈਲੀ ਆਦਿ। ਕਾਫ਼ੀ ਗਾਇਨ ਸ਼ੈਲੀ ਨੂੰ ਅਸੀਂ ਪੰਜਾਬੀ ਪ੍ਰਾਂਤ ਦੀ ਇਕ ਮਹੱਤਵਪੂਰਨ ਭੇਟ ਕਹਿ ਸਕਦੇ ਹਾਂ। ਇਹਨਾਂ ਗੀਤਾਂ ਵਿਚ ਹੀਰ-ਰਾਂਝਾ, ਸੱਸੀ-ਪੁੰਨੂੰ ਆਦਿ ਦੇ ਨਾਮਾਂ ਨੂੰ ਪ੍ਰੇਮੀ ਹਿਰਦੇ ਦਾ ਗੀਤ ਮਨ ਕੇ ਕਾਫੀ ਲਿਖੀ ਗਈ।

ਭਾਰਤੀ ਸੰਗੀਤ ਨੂੰ ਚਾਰ ਵਿਸ਼ਵ ਪ੍ਰਸਿੱਧ ਗਾਇਨ ਦੇ ਘਰਾਣੇ ਦੇਣ ਦਾ ਮਾਣ ਵੀ ਪੰਜਾਬ ਨੂੰ ਪ੍ਰਾਪਤ ਹੈ। ਇਹ ਚਾਰ ਘਰਾਣੇ ਹਨ-ਪਟਿਆਲਾ ਘਰਾਣਾ, ਸ਼ਾਮ ਚੌਰਾਸੀ ਘਰਾਣਾ, ਕਪੂਰਥਲਾ ਘਰਾਣਾ ਤੇ ਤਲਵੰਡੀ ਘਰਾਣਾ। ਇਸ ਤੋਂ ਇਲਾਵਾ ਤਬਲੇ ਦੇ ਘਰਾਣਿਆਂ ਵਿਚ ਨਾਈਆਂ ਦਾ ਘਰਾਣਾ ਤੇ ਪੰਜਾਬ ਘਰਾਣੇ ਦਾ ਬਹੁਤ ਨਾਮ ਹੈ।

ਵਾਦ ਸੰਗੀਤ ਵਿਚ ਪੰਜਾਬ ਵਿਚ ਰਬਾਬ, ਪਖਾਵਜ, ਤਬਲਾ, ਸਿਤਾਰ ਆਦਿ ਸਾਜ਼ ਬਹੁਤ ਹੀ ਲੋਕਪ੍ਰਿਅ ਹਨ।

ਭਾਰਤੀ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੰਜਾਬ ਦੇ ਕਈ ਸ਼ਹਿਰਾਂ ਵਿਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਸੱਤਰ ਤੇ ਸੰਗੀਤ ਦੇ ਸੰਮੇਲਣ ਕਰਵਾਏ ਜਾਂਦੇ ਹਨ। ਜਿਹਨਾਂ ਵਿਚ ਜਲੰਧਰ ਸ਼ਹਿਰ ਦੇ ਦੇਵੀ ਤਲਾਬ ਮੰਦਰ ਵਿਚ ਬਾਬਾ ਹਰਿਵੱਲਭ ਸੰਗੀਤ ਸੰਮੇਲਣ ਵਿਸ਼ਵ ਪ੍ਰਸਿੱਧ ਹੈ। ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਪੰਜਾਬ ਦੇ ਕਈ ਸਕੂਲਾਂ-ਕਾਲਜਾਂ ਵਿਚ ਸੰਗੀਤ ਵਿਸ਼ੇ ਦੇ ਰੂਪ ਵਿਚ ਪੜ੍ਹਾਇਆ ਜਾਂਦਾ ਹੈ ਤਾਂ ਜੋ ਇਸ ਧਰਤੀ ਦਾ ਬੱਚਾ-ਬੱਚਾ ਸੰਗੀਤ ਨਾਲ ਜੁੜੇ ਤੇ ਪੰਜਾਬ ਦੀ ਧਰਤੀ ਮਹਾਨ ਸੰਗੀਤਕਾਰ ਹੁੰਦੇ ਰਹਿਣ ਅਤੇ ਪੰਜਾਬ ਦੀ ਧਰਤੀ ਹਮੇਸ਼ਾ ਸੰਗੀਤ ਦੇ ਸੁਰਾਂ ਨਾਲ ਸੁਰਮਈ ਰਹੇ।

ਸੰਗੀਤ ਵਿਭਾਗ
ਬੀ. ਐਲ.ਐਮ ਗਰਲਜ਼ ਕਾਲਜ
ਨਵਾਂਸ਼ਹਿਰ

ਲੰਡਨ ਵਿਚ ਸ਼ਹੀਦੀ ਸਮਾਗਮ

ਨਾਮਧਾਰੀ ਗੁਰਦੁਆਰਾ ਈਸਟ ਲੰਡਨ ਵਿਖੇ ੧੭/੧੮ ਜਨਵਰੀ ਸ਼ਾਮ ਨੂੰ ਇੱਕ ਘੰਟਾ ਨਾਮ ਸਿਮਰਨ ਕਰ ਕੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਇਕੱਠੇ ਹੋ ਕੇ ਸਮਾਗਮ ਕੀਤੇ ਗਏ। ੧੮ ਜਨਵਰੀ ਨੂੰ ਬੀਬੀ ਬਲਵੀਰ ਕੌਰ ਗੀਹਲ ਨੇ ਇਕ ਕਵਿਤਾ ਸੁਣਾ ਕੇ ਸ਼ਰਧਾਂਜਲੀ ਭੇਟ ਕੀਤੀ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਇਜ਼ਹਾਰ ਕਰਦਿਆਂ ਉਹਨਾਂ ਦੇ ਪਵਿੱਤਰ ਚਰਨਾਂ 'ਚ ਪ੍ਰਤੱਖ ਦਰਸ਼ਨ ਦੇ ਕੇ ਕ੍ਰਿਤਾਰਥ ਕਰਨ ਦੀ ਅਰਜੋਈ ਕੀਤੀ। ਉਹਨਾਂ ਦੇ ਕੁੱਛੜ ਚੁੱਕੀ ਸੰਤ ਹਰਮਿੰਦਰ ਸਿੰਘ ਜੀ ਦੀ ਸਪੁੱਤਰੀ ਨੇ ਆਪਣੀ ਤੋਤਲੀ ਜ਼ੁਬਾਨ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਸ਼ਬਦ ਗਾਏ। ਇਸ ਬੱਚੀ ਦੀ ਉਮਰ ਵਿਚ ਸਿਰਫ ਤਿੰਨ ਸਾਲ ਹੈ ਅਤੇ ਇਹ ਸੁਰਜੀਤ ਸਿੰਘ ਜੀਤ ਦੀ ਦੋਹਤਰੀ ਹੈ। ਉਹਨਾਂ ਤੋਂ ਬਾਅਦ ਸੁਰਜੀਤ ਸਿੰਘ ਜੀਤ ਨੇ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਦੱਸਿਆ ਕਿ, 'ਮਿਸਟਰ ਕਾਵਨ ਨੂੰ ਅੰਗਰੇਜ਼ੀ ਸਰਕਾਰ ਨੇ ੧੮੭੨ ਦੇ ਸਾਕੇ ਤੋਂ ਬਾਅਦ ਨੌਕਰੀ ਤੋਂ ਕੱਢ ਦਿੱਤਾ ਸੀ ਅਤੇ ਉਸਨੂੰ ਟਰੈਂਟ ਦੇ ਇਲਾਕੇ ਵਿਚ ਜ਼ਮੀਨ ਦੇ ਦਿੱਤੀ ਗਈ ਸੀ। ਉਸ ਜ਼ਮੀਨ ਦੇ ਆਧਾਰ 'ਤੇ ਉਹ ੧੮੭੪ ਈ. ਵਿਚ ਬਰਤਾਨਵੀ ਪਾਰਲੀਮੈਂਟ ਦਾ ਮੈਂਬਰ ਬਣ ਗਿਆ ਸੀ। ਇਸ ਨੇ ਪਾਰਲੀਮੈਂਟ ਵਿਚ ਆਪਣਾ ਬਿਆਨ ਦਿੰਦਿਆਂ ਨਾਮਧਾਰੀ ਸ਼ਹੀਦਾਂ ਦੀ ਅਦੁੱਤੀ ਸ਼ਹੀਦੀ ਦਾ ਜ਼ਿਕਰ ਕੀਤਾ ਸੀ ਅਤੇ ਕਿਹਾ: "When you blown up the thousands of kooks is south America during liberty movement you did not punished any officer but I have lost my job. You tied up the kooks with guns and blowed them but I did not tied up them, they themself jumped before the cannons and one young boy jumped upon me and caught my beared if my bodygaurd did not took the prompt action I would have been killed."......... I have blown only 49 kookaas but you blown or murdered so many"

ਇਸ ਤੋਂ ਅੱਗੇ ਜੀਤ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨੀ ਸਮੇਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮਹਾਤਮਾ ਗਾਂਧੀ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰੋਗਰਾਮ ਹੀ ਨਹੀਂ ਅੱਗੇ ਤੋਰਿਆ ਅਸਲ ਵਿਚ ਕਾਂਗਰਸ ਦੀ ਨੀਂਹ ਹੀ ਸ੍ਰੀ ਸਤਿਗੁਰੂ ਜੀ ਨੇ ਮਿਸਟਰ ਏ.ਓ. ਹਿਊਮ (MR.A.O. Hume) ਪਾਸੋਂ ਰਖਵਾਈ ਸੀ। ਮਿਸਟਰ ਹੀਊਮ ਸ੍ਰੀ ਸਤਿਗੁਰੂ ਜੀ ਦਾ ਮੈਡੀਕਲ ਡਾਕਟਰ ਅਤੇ ਬ੍ਰਿਟਿਸ਼ ਫੌਜ ਦਾ ਮੇਜਰ ਹੁੰਦਾ ਹੋਇਆ ਜੇਲ ਦਾ ਇੰਚਾਰਜ ਵੀ ਸੀ। ਜਦੋਂ ਸ੍ਰੀ ਸਤਿਗੁਰੂ ਜੀ ਨੇ ਮਰਗੋਈ ਭੇਜ ਦਿੱਤਾ ਗਿਆ ਤਦ ਮਿਸਟਰ ਹਿਊਮ ਵੀ ਇੰਗਲੈਂਡ ਵਾਪਸ ਆ ਗਿਆ ਫਿਰ ਉਸ ਨੇ ੧੮੮੫ ਈ. ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਵਲੋਂ ਸਿਖਾਏ ਗਏ ਆਜ਼ਾਦੀ ਅੰਦੋਲਨ ਨੂੰ ਆਪਣੇ ਅੰਗਰੇਜ਼ੀ ਢੰਗ ਵਿਚ ਅਪਨਾ ਕੇ ਰਾਜਨੀਤਿਕ ਢੰਗ ਨਾਲ ਅੱਗੇ ਤੋਰਨ ਲਈ ਰਾਜਨੀਤਿਕ ਪਾਰਟੀ ਦੀ ਨੀਂਹ ਰੱਖੀ ਅਤੇ ਅੰਤ ਵਿਚ ੧੮੮੫ ਵਿਚ ਕਾਂਗਰਸ ਪਾਰਟੀ ਦੀ ਨੀਂਹ ਰੱਖ ਉਹ ਪ੍ਰੋਗਰਾਮ, ਬਾਈਕਾਟ ਅਤੇ ਸ਼ਾਂਤਮਈ ਅੰਦੋਲਨ ਅਰੰਭਿਆ। ਸ੍ਰੀ ਸਤਿਗਰੂ ਰਾਮ ਸਿੰਘ ਨੇ ੧੮੭੨ ਈ. ਵਿਚ ਮਲੇਰ ਕੋਟਲੇ ਨੂੰ ਚਾਲੇ ਪਾਉਣ ਤੋਂ ਪਹਿਲਾਂ ਵੀ ਸਿੰਘਾਂ ਨੂੰ ਰੋਕਿਆ ਸੀ ਅਤੇ ਫਸਲ ਕੱਚੀ ਹੋਣ ਬਾਰੇ ਕਿਹਾ ਸੀ ਪ੍ਰੰਤੂ ਸਿੰਘਾਂ ਨੇ ਸਾਹਿਬ ਗੁਰੂ ਤੇਗ ਬਹਾਦਰ ਦਾ ਹੁਕਮ ਕਹਿ ਕੇ ਆਪਣੀ ਤਿਆਰੀ ਦੀ ਜ਼ਿੱਦ ਕੀਤੀ ਸੀ। "ਸਿਰ ਦੀਜੈ ਕਾਨ ਕਾ ਕੀਜੈ॥" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਅੰਗਰੇਜ਼ ਕੌਮ ਨਾਲ ਕਿਵੇਂ ਨਜਿੱਠਣਾ ਹੈ ਉਹਨਾਂ MR. O. Hume ਨੂੰ ਸਿਖਿਅਤ ਕਰ ਉਸ ਨੂੰ ਸਹੀ ਰਸਤਾ ਵਿਖਾਇਆ ਜਿਸ ਦੀ ਸਥਾਪਤ ਕੀਤੀ ਪਾਰਟੀ ਨੇ ਅੰਤ ੧੯੪੭ ਈ: ਵਿਚ ਭਾਰਤ ਨੂੰ ਆਜ਼ਾਦੀ ਦਵਾਈ ਇਹ ਸਾਰੀ ਕ੍ਰਿਪਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੮੭੨ ਤੋਂ ੧੮੮੦ ਈ. ਤਕ MR. O. Hume ਉਪਰ ਕਰ ਦਿੱਤੀ ਸੀ।

ਸੁਰਜੀਤ ਸਿੰਘ ਜੀਤ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੧੮੧੬ ਈ. ਅਵਤਾਰ ਦਿਵਸ ਤੋਂ ਲੈ ਕੇ ੧੮ ਜਨਵਰੀ ੧੮੭੨ ਜਲਾਵਤਨ ਸਮੇਂ ਤੱਕ ਸੰਖੇਪ ਰੂਪ ਵਿਚ ਇਤਿਹਾਸ ਦਾ ਵਰਨਣ ਵੀ ਕੀਤਾ। ਅੰਤ ਵਿਚ ਅਰਦਾਸ ਤੋਂ ਉਪਰੰਤ ਸਮਾਗਮ ਦੀ ਸਮਾਪਤੀ ਕੀਤੀ ਗਈ। ਸੰਤ ਮਨਜੀਤ ਸਿੰਘ ਬਾਹੜਾ ਜੀ ਅਤੇ ਉਹਨਾਂ ਦੇ ਪਰਿਵਾਰ ਦੇ ਉਦਮ ਨਾਲ ਇਹ ਦੋਨੋਂ ਦਿਨ ਸ਼ਹੀਦੀ ਪੁਰਬ ਅਤੇ ਪ੍ਰਦੇਸ ਗਮਨ ਦਿਵਸ ਮਨਾਏ ਗਏ ਸਨ ਜੀ। ਇਸੇ ਤਰ੍ਹਾਂ ਨਾਮਧਾਰੀ ਗੁਰਦਆਰਾ ਈਸਟ ਲੰਡਨ ਵਿਖੇ ਸਪਤਾਹਿਕ ਨਿਤਨੇਮ ਦੇ ਕਾਰਜ ਤੋਂ ਬਾਅਦ ਸੰਤ ਸੁਲੱਖਣ ਸਿੰਘ ਜੀ ਪ੍ਰਧਾਨ ਨਾਮਧਾਰੀ ਸਿੱਖ ਸੰਗਤ ਯੂ.ਕੇ. ਜੀ ਨੇ ਦੀਵਾਨ ਸਜਾਇਆ ਅਤੇ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਦੀ ਸ਼ਲਾਘਾ ਕਰਦਿਆਂ ਦਸਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੰਘਾਂ ਵਿਚ ਨਿਰਮਾਣਤਾ ਕੁੱਟ-ਕੁੱਟ ਕੇ ਭਰੀ

ਲਾਇਲਪੁਰੀ ਪਰਿਵਾਰ ਨੂੰ ਸਦਮਾ

ਸੰਤ ਮੰਗਲ ਸਿੰਘ ਲਾਇਲਪੁਰੀ — ਡਾ. ਅਮਰ ਭਾਰਤੀ ਦਾ ਪੋਤਰਾ ਅਤੇ ਤਿੰਨ ਸਾਲ ਪਹਿਲਾਂ ਵਿਛੋੜਾ ਦੇ ਜਾਣ ਵਾਲੇ ਸ. ਬਖਸ਼ੀਸ਼ ਸਿੰਘ ਦਾ ਵੱਡਾ ਸਪੁੱਤਰ ਨਵਤੇਜ ਸਿੰਘ ਆਪਣੀ ਆਯੂ ਦੇ ੫੪ ਸਾਲ ਪੂਰੇ ਕਰ ਤਾਰੀਖ ੨੦ ਜਨਵਰੀ ੨੦੧੧ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਪੁੱਜ ਗਿਆ। ਨਵਤੇਜ ਸਿੰਘ ਆਪਣੇ ਪਿੱਛੇ ਧਰਮ ਪਤਨੀ, ਇੱਕ ਸਪੁੱਤਰੀ ਅਤੇ ਨਵ-ਵਿਵਾਹਿਤ ਸਪੁੱਤਰ ਅਤੇ ਨੂੰਹ ਰਾਣੀ ਨੂੰ ਛੱਡ ਪਰਿਵਾਰ ਨੂੰ ਭਾਰੀ ਸਦਮਾ ਦੇ ਗਏ। ਨਵਤੇਜ ਸਿੰਘ ਦਿੱਲੀ ਸਰਕਾਰ ਵਿਚ ਗਜ਼ਟਿਡ ਅਫਸਰ ਵਜੋਂ ਸੇਵਾ ਨਿਭਾਅ ਰਹੇ ਸਨ। ਉਹ ਸਾਊ-ਸੁਭਾਅ ਦੇ ਮਾਲਕ ਸਨ। ਕਾਫੀ ਸਮੇਂ ਤੋਂ ਜ਼ਬਾਨ 'ਤੇ ਨਾ-ਮੁਰਾਦ ਬਿਮਾਰੀ ਨੇ ਕਬਜ਼ਾ ਕੀਤਾ ਹੋਇਆ ਸੀ। ਸਫਲ ਆਪ੍ਰੇਸ਼ਨ ਪਿੱਛੋਂ ਸੁਪੱਤਰ ਦਾ ਆਨੰਦ ਕਾਰਜ ਦਿੱਲੀ ਦੇ ਜਾਣੇ ਪਛਾਣੇ ਵਿਅਕਤੀ ਸੰਤ ਰਣਧੀਰ ਸਿੰਘ ਖਾਰੇ ਵਾਲਿਆਂ ਦੀ ਪੋਤਰੀ ਨਾਲ ਖੁਸ਼ੀ-ਖੁਸ਼ੀ ਪੂਰਣ ਨਾਮਧਾਰੀ ਮਰਿਆਦਾ 'ਚ ਸੰਪੰਨ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪਰ ਨਾ ਮੁਰਾਦ ਰੋਗ ਨੇ ਮੁੜ ਸਰੀਰ ਅੰਦਰ ਹਮਲਾ ਬੋਲ ਦਿੱਤਾ। ਅਕਾਲ ਪੁਰਖ ਦੇ ਸੱਦੇ ਸਾਹਮਣੇ ਡਾਕਟਰਾਂ ਅਤੇ ਪਰਿਵਾਰ ਦੇ ਯਤਨ ਅਸਫਲ ਸਾਬਤ ਹੋਏ।

੨੭ ਜਨਵਰੀ ੨੦੧੧ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਪਰਿਵਾਰ ਵਲੋਂ ਵਿਛੜੀ ਆਤਮਾ ਦੀ ਕਲਿਆਣਤਾ ਹਿੱਤ ਸ਼ੋਕ ਸਮਾਗਮ ਸਮੇਂ ਸਾਧਾਰਨ ਪਾਠ ਦਾ ਭੋਗ ਪਵਾਇਆ ਗਿਆ ਅਤੇ ਅੰਤਿਮ ਅਰਦਾਸ ਕਰਵਾਈ ਗਈ। ਇਸ ਤੋਂ ਪਹਿਲਾਂ ਜਥੇਦਾਰ ਮਨਜੀਤ ਸਿੰਘ ਅਤੇ ਨੌਜਵਾਨ ਜਥੇਦਾਰ ਗੁਰਦੇਵ ਸਿੰਘ ਵਲੋਂ ਨਿਰਧਾਰਤ ਸਮੇਂ ਅਨੁਸਾਰ ਪਰਿਵਾਰ ਦੇ ਗ੍ਰਹਿ ਵਿਖੇ ਵੀ ਕਥਾ-ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਭੋਗ ਸਮਾਗਮ ਦਾ ਆਰੰਭ ਨੌਜਵਾਨ ਸਾਜਨ ਸਿੰਘ-ਗੁਰਚਰਨ ਸਿੰਘ ਅਤੇ ਆਸਾ ਸਿੰਘ ਵਲੋਂ ਸ਼ਾਸਤਰੀ ਸੰਗੀਤ ਦੀਆਂ ਧੁਨਾਂ ਅਤੇ ਗੁਰਬਾਣੀ ਗਾਇਨ ਨਾਲ ਹੋਇਆ।

ਉਪਰੰਤ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਵਲੋਂ ਗੁਰਬਾਣੀ ਦਾ ਸ਼ਬਦ "ਹਰਿ ਗੁਣ ਗਾਓ ਮਨਾ ਸਤਿਗੁਰ ਸੇਵ ਪਿਆਰ..." ਨਾਲ ਦੀਵਾਨ ਦਾ ਆਰੰਭ ਹੋਇਆ। ਜਥੇਦਾਰ ਜੀ ਨੇ ਆਪਣੇ ਪ੍ਰਵਚਨਾ ਵਿਚ ਜਨਮ-ਮਰਣ ਦੀ ਫਿਲਾਸਫੀ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਹੋ ਜਿਹੇ ਸਮਾਗਮਾਂ ਨੂੰ ਜਿਥੇ ਸ਼ੋਕ ਮਈ ਸਮਾਗਮ ਆਖਿਆ ਜਾਂਦਾ ਹੈ ਉਥੇ ਗੁਰਮਤ ਅਨੁਸਾਰ ਇਸਨੂੰ ਸਤਿਸੰਗ ਕਹਿੰਦੇ ਨੇ। ਪਰਿਵਾਰ ਅਤੇ ਸੰਸਾਰ ਨਾਲੋਂ ਸਬੰਧ ਨਿਖੜ ਜਾਂਦਾ ਹੈ ਕਿਉਂਕਿ ਪਰਿਵਾਰ ਨਾਲ ਸਬੰਧ ਸਰੀਰ ਕਰਕੇ ਹੁੰਦਾ ਹੈ। ਸੰਸਾਰ 'ਚ ਆਉਣਾ-ਜਾਣਾ ਕੁਦਰਤੀ ਤਰੀਕਾ ਹੈ। ਫਰਕ ਸਿਰਫ਼ ਇਹ ਹੁੰਦਾ ਹੈ ਕਿ ਸਮਾਂ ਕਿੰਨਾ ਮਿਲਿਆ ਹੈ। ਜੀਅ ਰਚਨਾ ਮੁਤਾਬਿਕ ਆਉਂਦਾ ਹੈ। ਜੋ ਦਰਗਾਹ 'ਚ ਉਲੀਕਿਆ ਗਿਆ ਹੁੰਦਾ ਹੈ ਉਹੋ ਹੀ ਹੁੰਦਾ ਹੈ। ਸੰਸਾਰ ਚਲਾਉਣਾ ਅਕਾਲ ਪੁਰਖ ਦੇ ਹੱਥ ਵਿਚ ਹੈ। ਜਿਵੇਂ ਖੇਤੀ ਦਾ ਕਰਤਾ ਜ਼ਿਮੀਦਾਰ ਹੁੰਦਾ ਹੈ ਅਤੇ ਉਹ ਜਿਵੇਂ ਮਰਜੀ ਖੇਤੀ ਵੱਢ ਸਕਦਾ ਹੈ, ਇਵੇਂ ਹੀ ਜੀਵ ਦੀ ਉਤਪਤੀ ਅਤੇ ਸਮਾਪਤੀ ਅਕਾਲ ਪੁਰਖ ਦੇ ਹੱਥ ਹੁੰਦੀ ਹੈ। ਇਸੇ ਤਰ੍ਹਾਂ ਹੀ ਨਵਤੇਜ ਸਿੰਘ ਹੁਕਮ ਅਨੁਸਾਰ ਆਏ ਅਤੇ ਸੱਦਾ ਆਇਆ, ਚਲੇ ਗਏ ਹਨ।



ਜਥੇਦਾਰ ਜੀ ਨੇ ਲਾਇਲਪੁਰੀ ਪਰਿਵਾਰ ਦੇ ਪਿਛੋਕੜ 'ਤੇ ਝਾਤ ਪਾਉਂਦਿਆਂ ਦੱਸਿਆ ਕਿ ਸਾਰੇ ਪਰਿਵਾਰ ਦਾ ਜੀਵਨ ਸਤਿਗੁਰੂ ਮਰਿਆਦਾ ਅਨੁਸਾਰ ਜੁੜਿਆ ਹੋਇਆ ਹੈ। ਇਸ ਪਰਿਵਾਰ ਦਾ ਬਿਰਖ ਸੰਤ ਮੰਗਲ ਸਿੰਘ ਲਾਇਲਪੁਰੀ ਅਤੇ ਵਿਦਵਾਨ ਅਮਰ ਭਾਰਤੀ ਸਨ। ਸਾਰਾ ਪਰਿਵਾਰ ਇਤਿਹਾਸ-ਖੋਜੀ ਪਰਿਵਾਰ ਹੈ। ਇਸ ਮੌਕੇ ਪਰਿਵਾਰ ਵਲੋਂ ਧਾਰਮਿਕ ਅਤੇ ਸਾਹਿਤ ਸੇਵਾ ਹਿੱਤ ਮਾਇਆ ਵੀ ਕੱਢੀ ਗਈ।

—ਸਰਬ ਸ਼ਕਤੀਮਾਨ

ਬਸੰਤ ਸਮਾਗਮ ਅਹੀਆਪੁਰ

ਨਾਮਧਾਰੀ ਧਰਮਸਾਲਾ ਅਹੀਆਪੁਰ ਵਿਖੇ ਬਸੰਤ ਪੰਚਮੀ ਵਾਲੀ ਸ਼ਾਮ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਇਲਾਕੇ ਦੀ ਸਮੂਹ ਨਾਮਧਾਰੀ ਸੰਗਤ ਨੇ ਸ਼ਿਰਕਤ ਕੀਤੀ। ਸਮਾਗਮ ਦੀ ਦਾ ਆਰੰਭ ਸ਼ਾਮੀ ਅੱਠ ਵੱਜੇ ਤੋਂ ਕੀਤਾ ਗਿਆ। ਜਥੇਦਾਰ ਇਕਬਾਲ ਸਿੰਘ ਜੀ ਦੇ ਪ੍ਰਭਾਵਸ਼ਾਲੀ ਦੀਵਾਨ ਨੇ ਸੰਗਤਾਂ ਨੂੰ ਕੋਈ ਢਾਈ ਘੰਟੇ ਤੱਕ ਮੰਤਰ ਮੁਗਧ ਕੀਤਾ। ਵਿਸ਼ੇਸ਼ਕਰ ਆਪ ਜੀ ਨੇ ਸਿਖੀ ਦੀ ਰਸਾਤਲ, ਸੰਤ ਖਾਲਸੇ ਦਾ ਪੁਨਰ ਗਠਨ, ਸਤਿਗੁਰਾਂ ਬਾਰੇ ਭਵਿਖਤ ਵਾਕ ਔਰ ਕਰਨੀਮਾਮੇ ਦੇ ਬਚਨ ਸੁਣਾ ਪ੍ਰਸੰਗਕ ਵਿਆਖਿਆ ਕਰ ਸੰਗਤਾਂ ਨੂੰ ਨਿਹਾਲ ਕਰ ਦਿੱਤਾ। ਇਸੇ ਪ੍ਰਸੰਗ ਵਿਚ ਮਾਤਾ ਸਾਹਿਬੋ ਦੀ ਸਾਖੀ ਸੁਣਾ ਸੰਗਤਾਂ ਨੂੰ ਨਾਮ ਦਾ ਮਹਾਤਮ ਦੱਸਿਆ।

ਗੈਰ ਸਿੱਖ ਅਤੇ ਗੈਰ ਨਾਮਧਾਰੀ ਸੰਗਤਾਂ ਨੇ ਵੀ ਇਸ ਸਮਾਗਮ ਦਾ ਭਰਪੂਰ ਅਨੰਦ ਮਾਣਿਆ ਔਰ ਸ਼ਲਾਘਾ ਕੀਤੀ। ਉਪਰੰਤ ਪਹੁੰਚੀ ਸੰਗਤ ਔਰ ਜਥੇ ਦਾ ਧੰਨਵਾਦ ਸੰਤ ਗੁਰਮੁਖ ਸਿੰਘ ਅਹੀਆਪੁਰ ਨੇ ਕੀਤਾ। ਸ੍ਰੀ ਗੁਲਸ਼ਨ ਅਰੋੜਾ ਜੀ ਨੇ ਕੂਕਾ ਲਹਿਰ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

—ਗੁਰਬਚਨ ਸਿੰਘ ਸਨਖਤਰਾ

ਵਰਿਆਮ ਨੂੰ ਮਾਇਕ ਸਹਿਯੋਗ

ਸ. ਨਿਰੰਜਣ ਸਿੰਘ ਕਲਸੀ (ਕੁਵੈਤ) ਵੱਲੋਂ ਸਪੁਤਰੀ ਪਵਨਦੀਪ ਕੌਰ ਦੇ ਕਾਕਾ ਮਨਦੀਪ ਸਿੰਘ ਸਪੁੱਤਰ ਸ. ਸੰਤੋਖ ਸਿੰਘ, ਰਾਮਾ ਮੰਡੀ ਜਲੰਧਰ ਨਾਲ ਅਨੰਦ ਕਾਰਜ ਦੀ ਖੁਸ਼ੀ ਵਿਚ ਰਾਹੀਂ. ਸ. ਦਲਜੀਤ ਸਿੰਘ ਕਲਸੀ ਤਨਜ਼ਾਨੀਆ 1100-00

ਸ. ਦਲਜੀਤ ਸਿੰਘ ਕਲਸੀ ਪਰਿਵਾਰ ਮੋਸ਼ੀ ਤਨਜ਼ਾਨੀਆਂ ਵੱਲੋਂ ਬਣ ਰਹੀ ਨਵੀਂ ਕੋਠੀ ਦੀ ਖੁਸ਼ੀ ਵਿਚ 1100-00

ਸੂਬਾ ਤਰਸੇਮ ਸਿੰਘ ਲੰਡਨ ਵਰਿਆਮ ਦੀ ਚੜ੍ਹਦੀ ਕਲਾ ਲਈ 1100-00

ਪੰਜਾਬੀ ਲੇਖਕ ਭੁਪਿੰਦਰ ਉਸਤਾਦ ਗੋਬਿੰਦਗੜ੍ਹ ਜਲੰਧਰ 200-00

ਸੁਰਜੀਤ ਸਿੰਘ ਜੀਤ ਲੰਡਨ 55 ਪੌਂਡ

ਸੰਤ ਗੁਰਚਰਨ ਸਿੰਘ ਜੱਬਲ ਸਿਰਸਾ ਆਪਣੇ ਪਿਤਾ ਸੰਤ ਸਿੰਘ ਤੇ ਮਾਤਾ ਕੇਸਰ ਕੌਰ ਨਮਿਤ ਮੇਲੇ ਸਮੇਂ ਰਾਹੀ ਸ. ਬਲਕਾਰ ਸਿੰਘ ਸੱਗੂ 250-00

ਪੰਜਾਬੀ ਲੇਖਕ ਸ੍ਰੀ ਜਗਦੀਸ਼ ਕੌਸ਼ਲ ਜੰਤਾ ਕਲੋਨੀ ਨਵੀਂ ਦਿੱਲੀ -੨੭ 500-00

ਸੰਤ ਵੀਰ ਸਿੰਘ ਪ੍ਰੀਤ ਨਗਰ-ਬਸਤੀ ਬੂਰੇਖਾਂ ਜਲੰਧਰ ਆਪਣੀ ਸੁਪਤਨੀ ਹਰਭਜਨ ਕੌਰ ਨਮਿਤ ਪਾਠ ਦੇ ਭੋਗ ਕੀਤਰਨ ਅਰਦਾਸ ਸਮੇਂ 200-00

ਸੰਤ ਜਸੰਵਤ ਸਿੰਘ (ਬਿੱਲਾ) ਬਸੰਤ ਨਗਰ ਸੋਢਲ ਰੋਡ ਜਲੰਧਰ ਵਲੋਂ ਘਰ ਸਮਾਗਮ ਸਮੇਂ 200-00

ਪਰਿਵਾਰ ਮਾਤਾ ਗੁਰਬਚਨ ਕੌਰ ਖੁਰਾਣਾ ਦਿੱਲੀ – ਮਾਤਾ ਜੀ ਨਮਿਤ ਭੋਗ ਦੀ ਅਰਦਾਸ ਸਮੇਂ 500-00

ਜਥੇਦਾਰ ਹਜ਼ਾਰਾ ਸਿੰਘ ਪਰਿਵਾਰ ਜੌੜਾ ਪੁਲ ਜਲੰਧਰ- ਜਥੇਦਾਰ ਜੀ ਦੇ ਘਰੋਂ ਮਾਤਾ ਪਿਆਰ ਕੌਰ ਨਮਿਤ ਪਾਠ ਦੇ ਭੋਗ ਸਮੇਂ : ਕੀਰਤਨ ਜਥੇਦਾਰ ਸੁਰਿੰਦਰ ਸਿੰਘ ਛਿੰਦਾ+ ਸੰਤ ਬਲਬੀਰ ਸਿੰਘ ਜੀ

ਜਥੇਦਾਰ ਜੋਗਾ ਸਿੰਘ 150-00

ਸ. ਆਸਾ ਸਿੰਘ ਨਵਸਾਰੀ ਗੁਜਰਾਤ 100-00

ਸ. ਹਰਬੰਸ ਸਿੰਘ ਕਲਸੀ 500-00
ਮਾਡਲ ਹਾਊਸ ਭਗਤ ਸਿੰਘ ਨਗਰ ਜਲੰਧਰ ਪੋਤਰੇ ਦੀ ਖੁਸ਼ੀ ਪਾਠ ਦੇ ਭੋਗ ਸਮੇਂ ਕੀਰਤਨ ਜਥੇਦਾਰ ਗੁਰਦੀਪ ਸਿੰਘ ਹੋਰਾਂ ਕੀਤਾ

ਸ. ਨਵਤੇਜ ਸਿੰਘ ਸਪੁੱਤਰ ਸ. ਬਖਸ਼ੀਸ਼ ਸਿੰਘ (ਲਾ ਇਲਪੁਰੀ ਪਰਿਵਾਰ) ਨਮਿਤ ਭੋਗ ਸਮੇਂ 500-00

ਸ. ਕਿਰਪਾਲ ਸਿੰਘ ਚਾਨਾ ਯੂ.ਕੇ. ਪੋਤਰਿਆਂ ਦੇ ਜਨਮਦਿਨ ਦੀ ਖੁਸ਼ੀ ਵਿਚ 1100-00

ਪ੍ਰਤਿਕਿਰਿਆ

ਤੁਹਾਡੇ ਜਨਵਰੀ ਦੇ ਪਰਚੇ ਵਿੱਚ ਡਾ. ਸੁਰਿੰਦਰ ਸਿੰਘ ਮੰਡ ਦਾ ਲੇਖ ਬਹੁਤ ਅੱਛਾ ਲਗਾ। ਉਹਨਾਂ ਦੇ ਕਹਿਣ ਅਨੁਸਾਰ ਕਿਤਾਬਾਂ ਤਾ ਵਰਦਾਨ ਵਰਗੀਆਂ ਹੀ ਹੁੰਦੀਆਂ ਹਨ। ਮੇਰੇ ਲਈ ਸੱਚ ਮੁੱਚ ਹੀ ਵਰਦਾਨ ਹਨ ਮੈਨੂੰ ਪੜ੍ਹਨ ਦੀ ਚੇਟਕ ਆਪਣੇ ਨਾਨੇ ਕਵੀ ਪ੍ਰੀਤਮ ਸਿੰਘ ਜੀ ਤੋਂ ਲੱਗੀ। ਉਹ ਮੈਨੂੰ ਨਿੱਕੀ ਹੁੰਦੀ ਨੂੰ ਹੀ ਛੋਟੀਆਂ-ਛੋਟੀਆਂ ਕਹਾਣੀਆਂ ਦੀਆਂ ਕਿਤਾਬਾਂ ਲਿਆ ਕੇ ਦਿੰਦੇ ਸਨ।

ਨਾਲੇ ਸਾਨੂੰ ਉਹ ਕਹਾਣੀਆਂ ਸਣਾਉਂਦੇ ਤੇ ਨਾਲੇ ਸਾਡੇ ਨਾਲ ਪੜ੍ਹਣ ਲਿਖਣ ਦੀਆਂ ਗੱਲਾਂ ਕਰਦੇ ਉਹ ਸਾਨੂੰ ਰੂਸੀ ਲੋਕ ਕਹਾਣੀਆਂ ਲਿਆਕੇ ਦਿੰਦੇ ਜੋ ਮੈਂ ਹੁਣ ਵੀ ਸਾਂਭ ਕੇ ਰੱਖੀਆਂ ਹਨ। ਉਸ ਪਿਛੋਂ ਮੈਂ ਜਸਵੰਤ ਸਿੰਘ ਕੰਵਲ ਦਾ ਨਾਵਲ ਪੜ੍ਹਿਆ 'ਸੱਚ ਨੂੰ ਫਾਂਸੀ' ਫੇਰ ਕੀ ਸੀ, ਮੈਨੂੰ ਪੜ੍ਹਨ ਦਾ ਹੋਰ ਸ਼ੌਕ ਜਾਗ ਪਿਆ। ੧੯੯੮ ਵਿਚ ਮੈਂ ਬਿਮਾਰ ਪੈ ਗਈ ਫੇਰ ਤਾਂ ਤਾਂ ਮੇਰੇ ਜਿਉਣ ਦਾ ਮਕਸਦ ਕਿਤਾਬਾਂ ਤੇ ਪੇਪਰ ਹੀ ਬਣ ਗਿਆ। ਮੇਰੀ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਹੈ ਕੇ ਮੈਂ ਛੇਤੀ ਠੀਕ ਹੋ ਕੇ ਆਪਣੇ ਘਰ ਆਵਾਂ ਤੇ ਆਪਣੇ ਪਿਛਲੇ ਪਏ ਹੋਏ ਵਰਿਆਮ ਤੇ ਪ੍ਰੀਤ ਲੜੀ ਨੂੰ ਪੜ੍ਹਾਂ। ਮੈਂ ਆਪਣੀਆਂ ਕਿਤਾਬਾ ਤੇ ਰਸਾਲਿਆਂ ਦੀ ਬੜੀ ਕਦਰ ਕਰਦੀ ਹਾਂ।

ਸੁਰਿੰਦਰ ਸਿੰਘ ਮੰਡ ਜੀ ਦਾ ਧੰਨਵਾਦ ਕਰਦੀ ਹਾਂ ਜੋ ਮੇਰੇ ਵਰਗਿਆਂ ਨੂੰ ਪੜ੍ਹਨ ਲਈ ਉਤਸ਼ਾਹ ਮਿਲੇਗਾ।

ਐਸ ਟਾਇਮ ਮੈਂ ਬੰਗਲੌਰ ਆਪਣੀ ਸਰਜਰੀ ਲਈ ਆਈ ਹਾਂ ਅਰਦਾਸ ਕਰੋ ਮੈਂ ਜਲਦੀ ਠੀਕ ਹੋ ਕੇ ਸ੍ਰੀ ਭੈਣੀ ਸਾਹਿਬ ਆਵਾਂ।

—ਸ਼ਬਨਮ

'ਵਰਿਆਮ' ਮਾਸਿਕ ਦੇ ਸੰਪਾਦਕ, ਪ੍ਰਿੰਟਰ, ਪਬਲਿਸ਼ਰ, ਮਾਲਿਕ ਅਤੇ ਸਾਡੇ ਸ਼ੁਭਚਿੰਤਕ ਸੰਤ ਜਗਦੀਸ਼ ਸਿੰਘ ਜੀ ਅਤੇ ਉਹਨਾਂ ਦੇ ਸਟਾਫ ਨੂੰ (੨੦੧੧) ਨਵੇਂ ਸਾਲ ਦੀਆਂ ਬਹੁਤ-ਬਹੁਤ ਵਧਾਈਆਂ। ਅਸੀਂ ਸਤਿਗੁਰਾਂ ਅੱਗੇ ਅਰਦਾਸ ਕਰਦੇ ਹਾਂ ਕਿ 'ਵਰਿਆਮ' ਰਸਾਲਾ ਹਮੇਸ਼ਾ ਹੀ ਚੜ੍ਹਦੀਆਂ ਕਲਾ ਵਿਚ ਰਹੇ। ਪਾਠਕਾਂ ਦਾ ਸਹਿਯੋਗ ਅਤੇ ਪਿਆਰ ਹਮੇਸ਼ਾ ਵਾਂਙੂ ਮਿਲਦਾ ਰਹੇ।

ਜਨਵਰੀ ੨੦੧੧ ਦਾ "ਵਰਿਆਮ" ਅੰਕ ਨਵੀਂ ਜਾਣਕਾਰੀ ਨਾਲ ਭਰਪੂਰ ਵੇਖਣ ਵਿਚ ਆਇਆ ਖ਼ਾਸ ਕਰਕੇ ਸੰਤ ਸਵਰਨ ਸਿੰਘ ਜੀ ਵਿਰਕ ਜੀ ਦੀ ਨਵੀਂ ਖ਼ੋਜ ਜੋ ਕੂਕਾ ਲਹਿਰ ਦੇ ਅੰਤਰਗਤ ਸਮੇਂ-ਸਮੇਂ ਛਪਦੀ ਰਹਿੰਦੀ ਹੈ। ਸ. ਤਰਲੋਚਨ ਸਿੰਘ ਜੀ ਦੁਆਰਾ ਉਠਾਇਆ ਗਿਆ ਜਵਲੰਤ ਸੁਆਲ 'ਨਾਨਕਸ਼ਾਹੀ ਕਲੰਡਰ-ਹਮੇਸ਼ਾਂ ਖਬਰਾਂ ਵਿਚ ਕਿਉਂ ? ਸਾਡੇ ਧਾਰਮਿਕ ਆਗੂਆਂ ਲਈ ਬੜੇ ਹੀ ਸੋਚ-ਵਿਚਾਰ ਦਾ ਵਿਸ਼ਾ ਹੈ। ਨਾਨਕਸ਼ਾਹੀ ਕਲੈਂਡਰ ਅਨੁਸਾਰ ੫ ਜਨਵਰੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸਵ ਮਨਾਇਆ ਜਾਂਦਾ ਰਿਹਾ। ਇਸ ਸਾਲ ਸਿੰਘ-ਸਭਾ ਗੁਰਦੁਆਰਿਆਂ ਵਿਚ ੧੧ ਜਨਵਰੀ ਨੂੰ ਇਹ ਸਮਾਗਮ ਕੀਤਾ ਗਿਆ। ਜਿਸ ਦੀ ਜਾਣਕਾਰੀ ਬਾਕੀ ਗੁਰਦੁਆਰਿਆਂ ਨੂੰ ਸਮੇਂ ਸਿਰ ਨਹੀਂ ਦਿੱਤੀ ਜਾ ਸਕੀ। ਸਾਡੇ ਪੂਨੇ ਜਿਲ੍ਹੇ ਦੇ ਦੂਰ-ਦਰਾਜ਼ ਦੇ ਗੁਰਦੁਆਰਿਆਂ ਵਿਚ ੯ ਜਨਵਰੀ ਐਤਵਾਰ ਹੋਣ ਕਰਕੇ ਹਮੇਸ਼ਾ ਦੀ ਤਰ੍ਹਾਂ ਉਤਸਵ ਮਨਾਇਆ ਗਿਆ। ਵਿਦੇਸ਼ਾਂ ਵਿਚ ਥੱਸੇ ਸਾਡੇ ਕਈ ਪਾਠਕਾਂ ਨੂੰ ਨਵੀਂ ਮਿੱਥੀ ਤਰੀਖ ਨੇ ਉਲਝਨ ਵਿਚ ਪਾ ਛਡਿਆ ਕਿਉਂਕਿ ਸਮੇਂ ਸਿਰ ਸੰਪੂਰਨ ਜਾਣਕਾਰੀ ਨਹੀਂ ਦਿੱਤੀ ਜਾ ਸਕੀ ਜਾਂ ਮਿਲ ਨਹੀਂ ਸਕੀ। ਕੈਸੀ ਵਿਡੰਬਨਾਂ ਹੈ ਸਿੱਖ ਪੰਥੀਆ ਦੀ, ਜਿਸ ਬਾਬੇ ਨਾਨਕ ਦਾ ਨਾਂਉ ਲੈ ਇਹ ਚੱਕਰ ਚੱਲਿਆ, ਉਸ ਵਿਚ ਆਪ ਹੀ ਧਾਰਮਿਕ, ਰਾਜਨੀਤਿਗਯ ਅਤੇ ਕੁੱਝ ਵਿਦਵਾਨ ਉਲਝ ਕੇ ਰਹਿ ਗਏ ਜਾਪਦੇ ਹਨ।

ਇਸੇ ਅੰਕ ਵਿਚ ਸਾਡੇ ਪਰਮ ਮਿੱਤਰ ਅਤੇ ਸਨੇਹੀ ਸੰਤ ਤਾਰਾ ਸਿੰਘ ਅਨਜਾਣ ਜੀ ਦੀ ਆਪ ਬੀਤੀ 'ਆਖ਼ਰੀ ਵਾਰ ਸਮੁੰਦਰੋਂ ਪਾਰ' ਪੜ੍ਹ ਮਨ ਬਹੁਤ ਵਿਚਲਿਤ ਹੋ ਗਿਆ, ਦੂਸਰੇ ਦਿਨ ਸਵੇਰੇ-ਸਵੇਰੇ ਸੰਤ ਜੀ ਨਾਲ ਮੋਬਾਈਲ ਰਾਹੀ ਗੱਲ-ਬਾਤ ਕਰ ਬਹੁਤ ਸਕੂਨ ਮਿਲਿਆ। ਪੇਜ ੪੪ ਤੇ ਲਿਖਿਆ ਖ਼ਬਰਨਾਮਾ, ਬੀਬੀ ਗਿਆਨ ਕੌਰ ਪਤਨੀ ਸੰਤ ਸਵਰਨ ਸਿੰਘ ਚਾਨਾ (ਜੋ ਸਾਡੀ ਸੁਪਤਨੀ ਦੇ ਵੱਡੇ ਭੈਣ ਜੀ ਸਨ) ੧੧ ਸੰਤਬਰ ੨੦੧੦ ਨੂੰ ਅਕਾਲ-ਪੁਰਖ ਜੀ ਦੇ ਚਰਨਾਂ ਵਿਚ ਜਾ ਵਿਰਾਜੇ ਸਨ ਇਕ ਵਾਰ ਫੇਰ ਆਪਣਿਆਂ ਦੀ ਯਾਦ ਕਰਵਾ ਗਿਆ। ਅਸੀਂ "ਵਰਿਆਮ" ਦੇ ਨਿਖਰੇ ਰੂਪ ਨੂੰ ਵੇਖ, ਇਸਦੇ ਨਿਯਮਤ ਪਾਠਕ, ਲੇਖਕ, ਵਿਚਾਰਕ ਅਤੇ ਸ਼ੁੱਭ-ਚਿੰਤਕਾਂ ਨੂੰ ਵੀ ੨੦੧੧ ਨਵੇਂ ਸਾਲ ਦੀ ਵਧਾਈ ਦਿੰਦੇ ਹਾਂ।

— ਮਹਿੰਦਰ ਸਿੰਘ 'ਚਿਤਾਰ' ਪੁਣੇ
98231-66768

ਇਸ ਵਾਰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ ਜੋ ਕਿ ੧੩-੨-੨੦੧੧ ਨੂੰ ਨਾਮਧਾਰੀਆਂ ਦੇ ਗੁਰਦੁਆਰੇ ਸੈਂਟਰਲ ਟਾਊਨ, ਜਲੰਧਰ ਵਿਖੇ ਮਨਾਇਆ ਗਿਆ, ਵੇਖਣ ਦਾ ਸੁਭਾਗ ਪ੍ਰਾਪਤ ਹੋਇਆ। ਇੰਝ ਮਹਿਸੂਸ ਹੋਇਆ ਜਿਵੇਂ ਮੈਂ ਕਿਸੇ ਹੋਰ ਹੀ ਰੂਹਾਨੀ ਮੰਡਲ ਵਿਚ ਗਿਆ ਹੋਵਾ। ਢੋਲਕੀ ਤੇ ਛੈਣਿਆਂ ਨਾਲ ਕੀਰਤਨ ਕਰਨ ਦਾ ਰੰਗ ਹੀ ਵੱਖਰਾ ਸੀ। ਏਸੇ ਜਥੇ ਦਾ ਇਕ ਛੋਟਾ ਜਿਹਾ ਬੱਚਾ ਢੋਲਕ ਵਜਾ ਰਿਹਾ ਸੀ ਜਿਸਨੇ ਮੈਨੂੰ ਬੜਾ ਪ੍ਰਭਾਵਤ ਕੀਤਾ। ਇਸਤਰੀਆਂ ਦੇ ਕੀਰਤਨ ਕਰਨ ਦਾ ਵੀ ਆਪਣਾ ਹੀ ਰੰਗ ਸੀ, ਆਪਣਾ ਹੀ ਲਹਿਜਾ ਸੀ। ਇਕ ਹੋਰ ਖੁਸ਼ੀ ਜੋ ਏਥੇ ਲਿਖ ਕੇ ਨਹੀਂ ਦੱਸੀ ਜਾ ਸਕਦੀ ਕਿ ਨਾਮਧਾਰੀਆਂ ਦੇ ਨਾਮਵਰ ਕਵੀ ਜਿਵੇਂ ਕਿ ਮਾਸਟਰ ਅਮਰੀਕ ਸਿੰਘ, ਲੱਖਵਿੰਦਰ ਸਿੰਘ ਬਾਜਵਾ, ਪੂਰਨ ਸਿੰਘ ਨਿਰਾਲਾ, ਸਾਧੂ ਸਿੰਘ ਕਿਸਾਨ, ਸਵਰਨ ਸਿੰਘ ਚੀਮਾ, ਹਰਭਜਨ ਸਿੰਘ ਰਾਜਾ, ਬਲਦੇਵ ਸਿੰਘ ਵੜੈਚ, ਰਜਿੰਦਰ ਸਿੰਘ ਰਾਜਾ, ਹਰਭਜਨ ਸਿੰਘ ਪ੍ਰਵਾਨਾ, ਫਕੀਰ ਚੰਦ ਤੁਲੀ ਅਤੇ ਸਵਰਨ ਸਿੰਘ ਵਿਰਕ ਵਰਗੇ ਕਵੀਆਂ ਅਤੇ ਲੇਖਕਾਂ ਦੇ ਦੀਦਾਰ ਵੀ ਹੋਏ ਤੇ ਬੋਲ ਵੀ ਸੁਣਨ ਨੂੰ ਮਿਲੇ। ਇਸ ਸਭ ਕਾਸੇ ਲਈ ਸੰਤ ਜਗਦੀਸ਼ ਸਿੰਘ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਮੈਨੂੰ ਏਥੇ ਬੈਠੇ ਨੂੰ ਹੋਰ ਹੀ ਮੰਡਲਾਂ ਵਿਚ ਪਹੁੰਚਾਇਆ। ਖ਼ੈਰ ਲਿਖਦੇ ਲਿਖਦੇ ਏਥੇ ਇਹ ਗੱਲ ਵੀ ਲਿਖਣ ਵਾਲੀ ਹੈ ਕਿ ਮੈਨੂੰ ਕਵੀ ਦੇ ਤੌਰ ਤੇ ਕੋਈ ਨਹੀਂ ਸੀ ਜਾਣਦਾ। ਇਹ ਤਾਂ ਇਨ੍ਹਾਂ ਦੀ ਮੇਰੇ ਤੇ ਮਿਹਰ ਦੀ ਨਜ਼ਰ ਪਈ ਤੇ ਮੇਰੀਆਂ ਲਹਿਰਾਂ ਤੁਰ ਪਈਆਂ। (ਚੋਣਵੇਂ ਪੰਜਾਬੀ ਸ਼ਿਅਰਾਂ) ਨੂੰ ਵਰਿਆਮ ਵਿਚ ਛਾਪ ਕੇ ਮੈਨੂੰ ਫਰਸ਼ ਤੋਂ ਅਰਸ਼ ਤੇ ਪਹੁੰਚਾਇਆ। ਸੋ ਇਹ ਅੱਖਰਾਂ ਦੀ ਕਿਣਮਿਣ ਵੀ ਇਨ੍ਹਾਂ ਦੀ ਬਖਸ਼ਿਸ਼ ਨਾਲ ਹੋਈ।

—ਚਰਨ ਸੀਚੇਵਾਲਵੀ
ਪੰਜਾਬੀ ਕਵੀ
ਗੁਰੂ ਨਾਨਕ ਪੁਰਾ (ਵੈਸਟ),
ਡਾਕਖਾਨਾ ਚੌਗਿੱਟੀ, ਜਲੰਧਰ-੧੪੪੦੦੯



ਸ੍ਰੀ ਭੈਣੀ ਸਾਹਿਬ ੧੬-੧੦-੨੦੧੦ ਸ੍ਰੀ ਭੈਣੀ ਸਾਹਿਬ
ਜਥੇਦਾਰ ਜੋਗਾ ਸਿੰਘ ਦੀ ਪੁਸਤਕ "ਸਤਿਗੁਰ ਲੀਲਾ,"
ਰੀਲੀਜ਼ ਸਮੇਂ ਦੀ ਤਸਵੀਰ



ਜਲੰਧਰ ਸਤਿਗੁਰੂ ਸਿੰਘ ਜੀ ਪ੍ਰਕਾਸ਼ ਪੁਰਬ ਸਮਾਗਮ
੧੩ ਫਰਵਰੀ ੨੦੧੧ ਸਮੇਂ ਨਾਮਧਾਰੀ ਪੰਜਾਬੀ ਕਵੀ ਸਭਾ
ਸ੍ਰੀ ਜੀਵਨ ਨਗਰ ਦੇ ਕਵੀ ਪ੍ਰਬੰਧਕਾਂ ਨਾਲ



ਸਨਮਾਤ ਸ਼ਖਸੀਅਤਾਂ ਅਤੇ ਵਿਦਿਅਕ ਜਥੇ
ਦੇ ਜਵਾਨ



ਕੀਰਤਨ ਵਾਲੇ ਜਥਿਆਂ ਦੇ ਨੌਜਵਾਨ



ਬੀਬੀਆਂ ਦਾ ਜੱਥਾ



ਹਾਜ਼ਰ ਸਾਧ ਸੰਗਤ

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
March 2011

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289